ਦੇਸ ਪਰਦੇਸ

DES PARDES (WEEKLY)
19 MAY, 1989
(No. 1037)
50P

ਅੱਗੀਂ ਖਿੜੀਆਂ ਆਤਿਸ਼ ਕਲੀਆਂ,
ਬਾਗੀਂ ਖਿੜਿਆ ਚੰਬਾ
ਅੱਗ ਮਹਿਕ ਨੂੰ ਚੁੰਮਦੀ ਫਿਰਦੀ
ਕਰਕੇ ਨੀ ਸਿਰ ਨੰਗਾ

ਸ਼ਿਵ ਕੁਮਾਰ ਬਟਾਲਵੀ

ਥਾਣੇਦਾਰ ਹਰਦਿਆਲ ਸਿੰਘ ਅਤੇ ਸਿਪਾਹੀ ਅਵਤਾਰ ਸਿੰਘ ਗੋਲੀਆਂ ਨਾਲ ਹਲਾਕ

ਅੰਮ੍ਰਿਤਸਰ — ਥਾਣਾ ਅਜਨਾਲਾ ਦੇ ਪਿੰਡ ਮਕਾਮ ਦੇ ਥਾਣੇਦਾਰ ਹਰਦਿਆਲ ਸਿੰਘ ਅਤੇ ਸਿਪਾਹੀ ਅਵਤਾਰ ਸਿੰਘ ਨੂੰ ਗੋਲੀਆਂ ਨਾਲ ਹਲਾਕ ਕਰ ਦਿੱਤਾ ਗਿਆ।

8 ਮਈ ਦੀ ਸ਼ਾਮ ਕਰੀਬ 8.10 ਵਜੇ ਹਥਿਆਰਬੰਦ ਖਾੜਕੂ ਪਹਿਲਾਂ ਸਿਪਾਹੀ ਅਵਤਾਰ ਸਿੰਘ ਦੇ ਮਕਾਨ ਤੇ ਗਏ ਅਤੇ ਉਸ ਨੂੰ ਕਿਹਾ ਕਿ ਥਾਣੇਦਾਰ ਹਰਦਿਆਲ ਸਿੰਘ ਦਾ ਬੂਹਾ ਖੁਲ੍ਹਵਾਏ। ਇਹ ਸਿਪਾਹੀ ਜਲੰਧਰ ਦੇ ਇਕ ਥਾਣੇ ਦਾ ਗਨਮੈਨ ਸੀ ਅਤੇ ਥਾਣੇਦਾਰ ਸਮੇਤ ਪਿੰਡ ਛੁੱਟੀ ਆਇਆ ਹੋਇਆ ਸੀ। ਥਾਣੇਦਾਰ ਦਾ ਬੂਹਾ ਖੁਲ੍ਹਦਾ ਸਾਰ ਖਾੜਕੂਆਂ ਨੇ ਉਹਨਾਂ ਦਾ ਸਰਵਿਸ ਰੀਵਾਲਵਰ ਦੀ ਮੰਗ ਕੀਤੀ। ਇਨਕਾਰ ਕਰਨ ਤੇ ਪਹਿਲਾਂ ਸਿਪਾਹੀ ਅਤੇ ਬਾਅਦ 'ਚ ਥਾਣੇਦਾਰ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਜਾਂਦੇ ਸਮੇਂ ਉਹ ਦੋਨੋਂ ਸਰਵਿਸ ਰੀਵਾਲਵਰ ਵੀ ਲੈ ਗਏ।

ਜ਼ਿਲ੍ਹਾ ਫਿਰੋਜ਼ਪੁਰ ਦੇ ਥਾਣਾ ਫਿਰੋਜ਼ਪੁਰ ਛਾਉਣੀ ਦੇ ਪਿੰਡ ਲੋਹਗੜ੍ਹ ਦੇ ਥਾਣੇਦਾਰ ਮੋਹਨ ਸਿੰਘ ਦੇ ਫਾਰਮ ਹਾਊਸ 'ਤੇ ਹਮਲਾ ਕਰਕੇ ਖਾੜਕੂਆਂ ਨੇ ਉਸਨੂੰ ਢੇਰੀ ਕਰ ਦਿੱਤਾ। ਉਹ ਫਿਰੋਜ਼ਪੁਰ ਥਾਣੇਦਾਰੀ ਕਰਦਾ ਸੀ ਅਤੇ 15 ਦਿਨ ਦੀ ਛੁੱਟੀ ਤੇ ਆਇਆ ਹੋਇਆ ਸੀ।

ਖਾਲਿਸਤਾਨ ਕਮਾਂਡੋ ਫੋਰਸ ਦਾ ਲੈਫਟੀਨੈਂਟ ਜਨਰਲ ਭਾਈ ਪ੍ਰਮਜੀਤ ਸਿੰਘ ਪੰਮਾ ਸ਼ਹੀਦ

ਚੰਡੀਗੜ੍ਹ — ਸੌ ਤੋਂ ਵੀ ਵੱਧ ਕਥਿਤ ਕਤਲਾਂ ਦਾ ਜ਼ਿੰਮੇਵਾਰ ਅਤੇ ਰਾਜਸਥਾਨ ਵਿਚ ਸਾਦੁਲ ਸ਼ਹਿਰ ਵਿਖੇ ਬੈਂਕ ਡਾਕੇ ਵਿਚ ਲੋੜੀਂਦਾ ਖਾੜਕੂ ਪਰਮਜੀਤ ਸਿੰਘ ਪੰਮਾ ਜਲੰਧਰ ਵਿਖੇ ਇਕ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ। ਗੁਰਜੰਟ ਸਿੰਘ ਰਾਜਸਥਾਨੀ ਮਗਰੋਂ ਖਾਲਿਸਤਾਨ ਕਮਾਂਡੋ ਫੋਰਸ ਵਿਚ ਉਸ ਦਾ ਦੂਸਰਾ ਅਸਥਾਨ ਸੀ।

ਪੰਜਾਬ ਦੇ ਪੁਲੀਸ ਦੇ ਮੁਖੀ ਸ੍ਰੀ ਕੇ.ਪੀ.ਐਸ. ਗਿੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸਦੇ ਜਲੰਧਰ ਨੇੜੇ ਅੰਪਾਲਾ ਵਿਖੇ ਸਹਿਯੋਗੀਆਂ ਖਾੜਕੂਆਂ ਨਾਲ ਮੁਕਾਬਲੇ ਵਿਚ ਮਾਰਿਆ ਗਿਆ। ਉਸਦੇ ਸਿਰ ਉਤੇ 50 ਹਜ਼ਾਰ ਰੁਪਏ ਦਾ ਇਨਾਮ ਸੀ। ਉਸ ਦੇ ਦੋ ਸਾਥੀ ਮੁਕਾਬਲੇ ਸਮੇਂ ਫਰਾਰ ਹੋ ਗਏ।

ਈਸਾਪੁਰ ਦਾ ਸੁਰਜੀਤ ਸਿੰਘ ਗੋਲੀਆਂ ਨਾਲ ਹਲਾਕ

ਮੋਗਾ — ਕੋਟ ਈਸਾਪੁਰ ਦੇ ਇਕ ਵਿਓਪਾਰੀ ਸੁਰਜੀਤ ਸਿੰਘ ਪਾਸੋਂ ਕੁਝ ਅਣਪਛਾਤੇ ਵਿਅਕਤੀਆਂ ਨੇ ਤਿੰਨ ਲੱਖ ਰੁਪਏ ਮੰਗੇ। ਇਨਕਾਰ ਕਰਨ ਤੇ ਉਸ ਨੂੰ ਅਗਵਾ ਕਰ ਲਿਆ ਗਿਆ। ਪਿੰਡ ਕੋਟਦਾਸਾ ਨੇੜੇ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ।

ਏਰੀਆ ਕਮਾਂਡਰ ਜੱਸਾ ਫਰਜ਼ੀ ਪੁਲਸ-ਮੁਕਾਬਲੇ ਵਿਚ ਹਲਾਕ

ਬਰਨਾਲਾ — ਕਾਲੀਆਂ ਥਾਣੇ ਦੇ ਪਿੰਡ ਭੋਲਾ ਨੇੜੇ ਪੁਲਸ ਨੇ ਜਸਪਾਲ ਸਿੰਘ ਉਰਫ ਜਸਵੰਤ ਸਿੰਘ ਉਰਫ ਜੱਸਾ ਨੂੰ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ।

ਕਹਾਣੀ ਇਹ ਘੜੀ ਕਿ ਪੁਲਸ ਮੁਕਾਬਲੇ ਵਿਚ ਉਹ ਜ਼ਮੀਨ ਤੇ ਡਿੱਗ ਪਿਆ ਸੀ ਅਤੇ ਉਸ ਨੇ ਸਾਇਨਾਈਡ ਖਾ ਲਈ। ਉਸਦੀ ਲਾਸ਼ ਨੇੜੇ ਪੁਲਸ ਨੇ ਇਕ ਰੀਵਾਲਵਰ, 7 ਕਾਰਤੂਸ ਅਤੇ 4 ਖਾਲੀ ਖੋਲ ਵੇਖ ਲਿੱਤੇ। ਖਾਲਿਸਤਾਨ ਕਮਾਂਡੋ ਫੋਰਸ ਦੇ ਏਰੀਆ ਕਮਾਂਡਰ ਜੱਸੇ ਦਾ ਪਿੰਡ ਮਹਰਾ ਸੀ ਅਤੇ ਉਸ ਦੇ ਸਿਰ ਦਾ ਮੁੱਲ 30,000 ਰੁਪਏ ਸੀ। ਉਸ ਸਿਰ ਕਤਲਾਂ ਦੇ ਪੁਲਸ ਨੇ 24 ਕੇਸ ਪਾ ਲਏ ਸਨ। ਜਿਹਨਾਂ ਵਿਚ ਬਾਰਡਰ ਸਿਕਿਉਰਿਟੀ ਫੋਰਸ ਦੇ ਦੋ ਜਵਾਨ ਵੀ ਸ਼ਾਮਲ ਸਨ।

ਫਰਜ਼ੀ ਪੁਲਸ-ਮੁਕਾਬਲੇ 'ਚ ਦੋ ਖਾੜਕੂ ਸਿੰਘ ਗੋਲੀਆਂ ਨਾਲ ਹਲਾਕ

ਤਰਨਤਾਰਨ — ਪੁਲਸ ਨੇ ਸੰਘੂਕੀ ਪਿੰਡ ਨੇੜੇ ਦੋ ਨੌਜਵਾਨ ਸਿੰਘਾਂ ਨੂੰ ਗੋਲੀਆਂ ਨਾਲ ਹਲਾਕ ਕਰ ਦਿੱਤਾ ਅਤੇ ਉਹਨਾਂ ਦੀਆਂ ਲਾਸ਼ਾਂ ਨੇੜੇ 6 ਮੈਗਜ਼ੀਨ, 120 ਕਾਰਤੂਸ ਅਤੇ ਇਕ ਰਾਕਟ ਵੇਖ ਲਿੱਤੇ।

ਪੁਲਸ ਨੇ ਕਹਾਣੀ ਘੜੀ ਕਿ ਸੇਰੋਂਵਾਲ ਦੀ ਨਾਕਾਬੰਦੀ ਦੌਰਾਨ ਪੁਲਸ ਨੂੰ ਦੋ ਸ਼ੱਕੀ ਵਿਅਕਤੀ ਆਉਂਦੇ ਵਿਖਾਈ ਦਿੱਤੇ। ਰੁਕਣ ਦਾ ਇਸ਼ਾਰਾ ਦੇਣ ਤੇ ਗੋਲੀ ਚਲਾਉਣ ਲੱਗ ਪਏ। ਜਵਾਬੀ ਫਾਇਰ ਵਿਚ ਦੋਨੋਂ ਮਾਰੇ ਗਏ। ਪੁਲਸ ਨੇ ਕਿਹਾ ਕਿ ਦੋਨੋਂ ਖਾਲਿਸਤਾਨ ਕਮਾਂਡੋ ਫੋਰਸ ਦੇ ਮੈਂਬਰ ਸਨ। ਇਕ ਦੀ ਲਾਸ਼ ਦੀ ਸ਼ਨਾਖਤ ਬਲਦੇਵ ਸਿੰਘ ਉਰਫ ਘੱਗਾ ਪਿੰਡ ਥੇਹ ਰਾਜਪੂਤਾਂ ਦੀ ਕਿਤੀ ਗਈ ਹੈ। ਦੂਜੇ ਬਾਰੇ ਕੁਝ ਨਹੀਂ ਦੱਸਿਆ ਗਿਆ।

ਨੈਸ਼ਨਲ ਸਿਕਿਓਰੇਟੀ ਐਕਟ ਦੀ ਮਿਆਦ ਦੋ ਸਾਲ ਹੋਰ ਵਧਾ ਦਿੱਤੀ

ਨਵੀਂ ਦਿੱਲੀ — ਪੰਜਾਬ ਵਿਚ ਗਵਰਨਰੀ ਰਾਜ ਦੇ ਵਾਧੇ ਉਤੇ ਰਾਜ ਸਭਾ ਨੇ ਵੀ ਆਪਣੀ ਪ੍ਰਵਾਨਗੀ ਦੇ ਦਿੱਤੀ। ਉਥੇ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਬੋਲਦਿਆਂ ਆਖਿਆ ਕਿ ਅਨੰਦਪੁਰ ਦਾ ਮਤਾ ਐਂਟੀ-ਨੈਸ਼ਨਲ ਹੈ, ਇਸ ਨੂੰ ਕਦੇ ਪ੍ਰਵਾਨ ਨਹੀਂ ਕੀਤਾ ਜਾਵੇਗਾ। ਸਰਕਾਰੀਆ ਕਮਿਸ਼ਨ ਵੀ ਇਸ ਨੂੰ ਰੱਦ ਕਰ ਚੁੱਕਾ ਹੈ। ਉਹਨਾਂ ਕਿਹਾ ਕਿ ਪੰਜਾਬ ਦਾ ਮਸਲਾ ਹੱਲ ਕਰਨ ਲਈ ਅਕਾਲੀ ਸਰਕਾਰ ਨਾਲ ਗੱਲਬਾਤ ਕਰਨ। ਜੇ ਕੋਈ ਉਹਨਾਂ ਦੀ ਸ਼ਰਤ ਹੈ ਤਾਂ ਉਸ ਤੇ ਵੀ ਵਿਚਾਰ ਅਤੇ ਬਹਿਸ ਹੋ ਸਕਦੀ ਹੈ। ਉਹਨਾਂ ਕਿਹਾ ਕਿ ਪੰਜਾਬ ਵਿਚ ਧਰਮ ਅਤੇ ਸਿੱਖਾਂ ਨਾਂ ਉਤੇ ਕੁਝ ਕਤਲ ਹੋਣੇ ਬੰਦ ਹੋ ਗਏ ਹਨ, ਸਰਹੱਦ ਨਾਲ ਲੱਗਦੀਆਂ ਕੁਝ ਤਹਿਸੀਲਾਂ ਵਿਚ ਹੀ ਸਮੱਗਲਰ ਆਪਣੀ ਸਰਗਰਮੀਆਂ ਕਰਕੇ ਕਤਲ ਕਰ ਰਹੇ ਹਨ।

ਉਹਨਾਂ ਹੋਰ ਆਖਿਆ - "ਪੰਜਾਬ ਵਿਚ ਸਭ ਫਿਰਕਾਪ੍ਰਸਤੀ ਦੀ ਜੜ੍ਹ ਅੱਤਵਾਦੀ ਲੋਕਾਂ ਦਾ ਖਾਤਮਾ ਕਰ ਦਿੱਤਾ ਗਿਆ ਹੈ। ਪਿਛਲੇ ਪੰਜ ਸਾਲਾਂ ਵਿਚ ਪੰਜਾਬ ਦੇ 300 ਕਾਂਗਰਸੀ ਨੇਤਾ ਕਤਲ ਹੋਏ ਹਨ। ਪੰਜਾਬ ਪੁਲਸ ਦੀਆਂ ਜ਼ਿਆਦਤੀਆਂ ਦੀ ਜਾਂਚ ਕਰਨ ਲਈ ਸਪੈਸ਼ਲ ਇਨਕੁਆਇਰੀ ਬੈਠਾ ਦਿੱਤੀ ਗਈ ਹੈ।"

ਗ੍ਰਹਿ ਮੰਤਰੀ ਨੇ ਆਖਿਆ ਕਿ ਨੈਸ਼ਨਲ ਸਿਕਿਉਰਿਟੀ ਐਕਟ ਦੀ ਮਿਆਦ ਹੋਰ ਦੋ ਸਾਲਾਂ ਲਈ ਵਧਾ ਦਿੱਤੀ ਗਈ ਹੈ।

ਸ੍ਰੀ ਐਮ.ਕੇ. ਦੇ ਐਮ.ਪੀ. ਅਲਾ ਜੀ ਪੁੱਟ ਨੇ ਜਦੋਂ ਗ੍ਰਹਿ ਮੰਤਰੀ ਦਾ ਧਿਆਨ ਨਹਿਰੂ ਦੇ ਸਿਆ ਪ੍ਰਤੀ ਕੀਤੇ ਵਾਅਦੇ ਵੱਲ ਦੁਆਇਆ ਤਾਂ ਬੂਟਾ ਸਿੰਘ ਨੇ ਆਖਿਆ — "ਸਾਰੇ ਵਾਅਦੇ ਉਸ ਦਿਨ ਖਤਮ ਹੋ ਗਏ ਸਨ, ਜਿਸ ਦਿਨ ਇਸ ਨੂੰ ਸਿਧਾਂਤ ਜਮਹੂਰੀਅਤ ਦੇ ਢਾਂਚੇ ਉਤੇ ਤੋੜ ਦਿੱਤਾ ਗਿਆ ਸੀ।"

ਸ੍ਰੀਨਗਰ ਵਿਚ ਚਾਰ ਬੰਬ ਧਮਾਕਿਆਂ ਵਿਚ ਇਕ ਹਲਾਕ ਤਿੰਨ ਜ਼ਖਮੀ

ਸ੍ਰੀਨਗਰ — ਇਸ ਹਫਤੇ ਸ੍ਰੀਨਗਰ ਵਿਚ ਹੋਏ ਚਾਰ ਧਮਾਕਿਆਂ ਵਿਚ ਦੋ ਇਮਾਰਤਾਂ ਤਬਾਹ ਹੋ ਗਈਆਂ। ਸ੍ਰੀਨਗਰ ਦੇ ਜ਼ਿਲ੍ਹਾ ਮੈਜਿਸਟਰੇਟ ਦੀ ਸਰਕਾਰੀ ਕੋਠੀ ਤੇ ਬੰਬ ਸੁੱਟਿਆ ਗਿਆ। ਅਨੰਤ ਨਾਗ ਦੇ ਜ਼ਿਲ੍ਹਾ ਮੈਜਿਸਟਰੇਟ ਦੀ ਕੋਠੀ ਤੇ ਦੇਰ ਰਾਤ ਗਈ ਬੰਬ ਚਲਿਆ। ਸ੍ਰੀਨਗਰ ਦੇ ਥਾਣੇ ਵਿਚ ਬੰਬ ਚੱਲਿਆ ਅਤੇ ਸਥਾਨਕ ਸਿਨਮਾ ਹਾਲ ਵਿਚ ਵੀ ਬੰਬ ਧਮਾਕਾ ਹੋਇਆ।

ਸੈਲਾਨੀਆਂ ਨੂੰ ਮੁਗਲ ਗਾਰਡਨਜ਼ ਦੀ ਸੈਰ ਕਰਵਾਉਣ ਵਾਲੀ ਬੱਸ ਬੰਬਰ ਬੰਬ ਨਾਲ ਬੱਸ ਵਿਚ ਫੂਕ ਦਿੱਤੀ ਗਈ। ਬੱਸਾਂ ਦਾ ਕਲਰਕ ਗੁਲਾਮ ਕਾਦਰ ਥਾਂ ਤੇ ਹੀ ਹਲਾਕ ਹੋ ਗਿਆ। ਇਕ ਬੰਬ ਧਮਾਕਿਆਂ ਨਾਲ ਲੱਖਾਂ ਦੀ ਜਾਇਦਾਦ ਤਬਾਹ ਹੋ ਗਈ ਅਤੇ ਤਿੰਨ ਵਿਅਕਤੀ ਜ਼ਖਮੀ ਹੋਏ। ਕਸ਼ਮੀਰ ਲਿਬਰੇਸ਼ਨ ਫਰੰਟ ਉਥੇ ਬਹੁਤ ਸਰਗਰਮ ਹੈ।

ਪੰਜਾਬ ਦੇ ਗਵਰਨਰੀ ਰਾਜ 'ਤੇ 6 ਮਹੀਨਿਆਂ ਦੀ ਮੋਹਰ ਲੱਗ ਗਈ

ਨਵੀਂ ਦਿੱਲੀ — "ਪੰਜਾਬ ਦਾ ਮਸਲਾ ਅਚਾਨਕ ਅਤੇ ਰਾਤੋ ਰਾਤ ਹੱਲ ਨਹੀਂ ਹੋਣਾ। ਉਥੇ ਸਿਵਾਏ ਗਵਰਨਰੀ ਰਾਜ ਲਾਗੂ ਕਰਨ ਦੇ ਹੋਰ ਕੋਈ ਚਾਰਾ ਨਹੀਂ ਹੈ।"

ਲੋਕ ਸਭਾ ਵਿਚ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਉਪਰੋਕਤ ਬਿਆਨ ਦੇ ਕੇ ਪੰਜਾਬ ਦੇ ਗਵਰਨਰੀ ਰਾਜ ਵਿਚ 6 ਮਹੀਨੇ ਹੋਰ ਦਾ ਵਾਧਾ ਕਰ ਦਿੱਤਾ ਹੈ। ਮੈਂਬਰਾਂ ਦੇ ਹੱਥ ਖੜ੍ਹੇ ਕਰਵਾ ਕੇ ਮਨਜ਼ੂਰੀ ਇਸ ਦੇ ਹੱਕ ਵਿਚ ਵੋਟ ਪਏ ਗਏ। ਤੇਲਗੂ ਦੇਸਮ ਦੇ ਐਮ.ਪੀ. ਸ੍ਰੀ ਰੈਡੀ ਨੇ ਤਿੰਨ ਮਹੀਨੇ ਵਾਧਾ ਕਰਨ ਦੀ ਦਲੀਲ ਦਿੱਤੀ ਸੀ, ਪਰ ਰੱਦ ਕਰ ਦਿੱਤੀ ਗਈ।

ਕੋ-ਅਪਰੇਟਿਵ ਬੈਂਕ 'ਤੇ ਪਏ ਡਾਕੇ 'ਚ ਸੈਕਟਰੀ ਗੋਲੀਆਂ ਨਾਲ ਹਲਾਕ

ਮੋਗਾ — ਇਥੋਂ ਪੰਜ ਮੀਲ ਦੂਰ ਪਿੰਡ ਡਲੇਕਾ ਦੀ ਕੋ-ਅਪਰੇਟਿਵ ਬੈਂਕ ਦੇ ਸੈਕਟਰੀ ਪੰਡਤ ਜਨਾਰਧਨ ਦੇਵ ਨੂੰ ਗੋਲੀਆਂ ਨਾਲ ਹਲਾਕ ਕਰ ਦਿੱਤਾ ਗਿਆ। ਦੁਪਹਿਰ ਸਮੇਂ ਤਿੰਨ ਹਥਿਆਰਬੰਦ ਨੌਜਵਾਨ ਸਕੂਟਰ 'ਤੇ ਆਏ ਅਤੇ ਸਟਾਫ ਨੂੰ ਇਕ ਕਮਰੇ ਵਿਚ ਬੰਦ ਕਰਕੇ 28 ਸਾਲਾ ਸੈਕਟਰੀ ਜਨਾਰਧਨ ਦੇਵ ਨੂੰ ਘੇਰ ਕੇ ਕਹਿਣ ਲੱਗੇ ਕਿ ਪਿਛਲੇ ਡਾਕੇ ਦੀ ਬਕਾਇਆ ਰਕਮ ਉਹਨਾਂ ਦੇ ਹਵਾਲੇ ਕਰ ਦੇਵੇ। ਇਨਾਂ ਆਖ ਕੇ ਗੋਲੀ ਮਾਰ ਕੇ ਆਪਣਾ ਸਕੂਟਰ ਛੱਡ ਗਏ ਅਤੇ ਕਰਮਚਾਰੀਆਂ ਦੇ ਦੋ ਸਕੂਟਰਾਂ 'ਤੇ ਸਵਾਰ ਹੋ ਕੇ ਦੌੜ ਗਏ।

ਇਸੇ ਬੈਂਕ 'ਤੇ ਪਹਿਲਾਂ ਇਕ ਡਾਕਾ ਪਿਆ ਸੀ ਅਤੇ ਡਾਕੂ 1350 ਰੁਪਏ ਲੈ ਗਏ ਸਨ, ਪਰ ਸੈਕਟਰੀ ਪੀ. ਜਨਾਰਧਨ ਦੇਵ ਨੇ ਕੁਲ ਬੈਂਕ ਨੂੰ ਆਖ ਦਿੱਤਾ ਸੀ ਕਿ 13500 ਲੁੱਟੇ ਗਏ। ਐਸ.ਐਸ.ਪੀ. ਸੁਖਦੇਵ ਸਿੰਘ ਮੌਕੇ 'ਤੇ ਪਹੁੰਚੇ ਅਤੇ ਕੇਸ ਦਰਜ ਕਰ ਲਿਆ।

ਹੀਰਾਂ ਪਿੰਡ ਦੀ ਬੈਂਕ ਤੇ ਪਏ ਡਾਕੇ 'ਚ 2,85000 ਰੁਪੈ ਲੁੱਟੇ ਗਏ

ਜਲੰਧਰ — ਸਿਕਿਉਰਿਟੀ ਫੋਰਸ ਨੇ ਸਾਰੇ ਸ਼ਹਿਰ ਵਿਚ ਆਪਣੇ ਸਿਪਾਹੀਆਂ ਨੂੰ ਸੁਚੇਤ ਕੀਤਾ ਹੈ ਕਿ ਦਹਿਸ਼ਤਵਾਦੀ ਸ਼ਹਿਰ ਦੀ ਲਕਸ਼ਮੀ ਰੋਡ ਅਤੇ ਮਹਿੰਦਰ ਕ੍ਰਿਪਾਲ ਨਗਰ ਵਿਚ ਆਣ ਵੜੇ ਹਨ ਅਤੇ ਕਿਸੇ ਸਿਆਸੀ ਨੇਤਾ ਦਾ ਕਤਲ ਸੰਭਵ ਹੈ। ਸ਼ੇਰ ਸਿੰਘ ਬਹੇੜੂ ਦੇ ਗਰੁਪ ਦਾ ਨਾਂ ਲਿਆ ਜਾ ਰਿਹਾ ਹੈ। ਨਕੋਦਰ ਨੇੜੇ ਪਿੰਡ ਹੀਰਾਂ ਦੀ ਪੰਜਾਬ ਨੈਸ਼ਨਲ ਬੈਂਕ 'ਚ ਸਵੇਰੇ 10.30 ਵਜੇ ਡਾਕੇ 'ਚ ਲੁਟੇਰਿਆਂ ਨੇ ਚੀਨੀ ਰਫਲਾਂ ਦੇ ਸਹਾਰੇ ਪਹਿਲਾਂ ਦੋ ਗੰਨਮੈਨਾਂ ਦੀਆਂ ਬੰਦੂਕਾਂ ਖੋਹੀਆਂ, ਫਿਰ ਸਟਾਫ ਨੂੰ ਇਕ ਕਮਰੇ 'ਚ ਬੰਦ ਕਰਕੇ 2,85000 ਰੁਪੈ ਲੁੱਟ ਲਏ।

ਪੈਰੋਲ 'ਤੇ ਘਰ ਆਏ ਨੂੰ ਖਾੜਕੂਆਂ ਨੇ ਚੁੱਕ ਦਿੱਤਾ

ਤਰਨਤਾਰਨ — ਪਿੰਡ ਡਾਲ ਧੂੰਮਣ ਦੇ ਲਾਲ ਸਿੰਘ ਨੂੰ 6 ਖਾੜਕੂਆਂ ਨੇ ਉਸਦੇ ਘਰੋਂ ਚੁੱਕ ਕੇ ਖੇਤਾਂ ਵਿਚ ਲਿਜਾ ਕੇ ਗੋਲੀਆਂ ਨਾਲ ਹਲਾਕ ਕਰ ਦਿੱਤਾ। ਉਸ ਦੀ ਮਾਤਾ ਨੇ ਦੱਸਿਆ ਆਖਿਆ ਉਸ ਦਾ ਇਕ ਦੋਸਤ ਦਰਸ਼ਨ ਸਿੰਘ ਵੀ ਨਾਲ ਹੀ ਸੁੱਤਾ ਹੋਇਆ ਸੀ ਤੇ ਜਾਗ ਗਿਆ ਜਦੋਂ ਖਾੜਕੂਆਂ ਨੇ ਉਸ ਨੂੰ ਵੀ ਗੋਲੀਆਂ ਮਾਰ ਦਿੱਤੀਆਂ। ਦਰਸ਼ਨ ਸਿੰਘ ਭਰਾਲ ਦਾ ਰਹਿਣ ਵਾਲਾ ਸੀ।

ਲਾਲ ਸਿੰਘ ਇਕ ਕਤਲ ਕੇਸ ਵਿਚ ਉਮਰ ਕੈਦ ਕੱਟ ਰਿਹਾ ਸੀ ਅਤੇ ਪੈਰੋਲ 'ਤੇ ਘਰ ਆਇਆ ਹੋਇਆ ਸੀ। ਖਾੜਕੂ ਖਾਲਸਾ ਵਲੋਂ ਉਥੇ ਇਕ ਖਤ ਸੁੱਟਿਆ ਗਿਆ ਜਿਸ 'ਤੇ ਲਿਖਿਆ ਸੀ "ਤੈਂ ਜੇਲ੍ਹ ਵਿਚ ਸਾਡੇ ਖਾੜਕੂ ਸਾਥੀਆਂ ਨਾਲ ਬਦਸਲੂਕੀ ਕੀਤੀ ਸੀ, ਜਿਸ ਦਾ ਬਦਲਾ ਲਿਆ ਗਿਆ ਹੈ।"

ਪੰਜਾਬ ਦੇ ਤਿੰਨ ਜ਼ਿਲ੍ਹਿਆਂ ਵਿਚ ਖਾੜਕੂਆਂ ਦਾ ਮੁਕੰਮਲ ਰਾਜ

ਹਿੰਦੂਆਂ ਬਾਦ ਵੱਡੇ ਜ਼ਿਮੀਂਦਾਰ ਵੀ ਪਿੰਡ ਛੱਡਣ ਲੱਗੇ

ਤਰਨਤਾਰਨ — ਅੰਮ੍ਰਿਤਸਰ, ਫ਼ਿਰੋਜ਼ਪੁਰ ਅਤੇ ਗੁਰਦਾਸਪੁਰ ਦੇ ਤਿੰਨਾਂ ਜ਼ਿਲ੍ਹਿਆਂ ਵਿਚ ਪੁਲਸ ਨਾਲੋਂ ਖਾੜਕੂਆਂ ਦਾ ਦਬਦਬਾ ਤਾਕਤਵਰ ਹੈ, ਜਿਸ ਕਾਰਣ ਹਿੰਦੂਆਂ ਬਾਦ ਹੁਣ ਧਨੀ ਜ਼ਿਮੀਂਦਾਰਾਂ ਨੇ ਵੀ ਘਰ ਛੱਡਣੇ ਸ਼ੁਰੂ ਕਰ ਦਿੱਤੇ ਹਨ।

ਤਰਨਤਾਰਨ, ਪੱਟੀ, ਖ਼ੇਮਕਰਨ ਅਤੇ ਬਿਆਸ ਦੇ ਇਲਾਕਿਆਂ ਵਿਚ ਕੋਈ ਹਿੰਦੂ ਪਰਿਵਾਰ ਪਿੱਛੇ ਨਹੀਂ ਰਹਿ ਗਿਆ। ਇਹਨਾਂ ਇਲਾਕਿਆਂ ਦੇ 9 ਪੈਟਰੋਲ ਪੰਪਾਂ 'ਚੋਂ ਕੇਵਲ 4 ਚੱਲਦੇ ਹਨ, ਉਹ ਵੀ ਖਾੜਕੂਆਂ ਨੂੰ ਮਹੀਨਾ ਦੇ ਕੇ। ਖਾੜਕੂਆਂ ਦਾ ਹੁਕਮ ਲਾਗੂ ਸੀ ਕਿ ਹਰ ਪੈਟਰੋਲ ਪੰਪ ਮਹੀਨਾ ਸਾਢੇ ਚਾਰ ਲੱਖ ਰੁਪਏ ਅਦਾ ਕਰੇ। ਪੰਪ ਦੇ ਮਾਲਕਾਂ ਨੇ ਇਹ ਰਕਮਾਂ ਤਾਰਨ ਤੋਂ ਅਸਮਰਥਤਾ ਪ੍ਰਗਟਾਈ ਜਿਸ 'ਤੇ ਉਹਨਾਂ ਦੇ ਪੰਪਾਂ ਨੂੰ ਬੰਬਾਂ ਨਾਲ ਉਡਾ ਦਿੱਤਾ ਗਿਆ।

ਭਿੱਖੀਵਿੰਡ, ਸੁਰਸਿੰਘ ਅਤੇ ਖਿਲਚੀਆਂ ਦੇ ਆੜ੍ਹਤੀਆਂ ਕੋਲੋਂ ਭਾਰੀ ਰਕਮਾਂ ਵਸੂਲੀਆਂ ਜਾ ਰਹੀਆਂ ਹਨ। ਪਿੰਡ ਕਿਰਤੋਵਾਲ ਦੇ ਗੁਰਦੇਵ ਸਿੰਘ ਆੜ੍ਹਤੀਏ ਕੋਲੋਂ 10 ਮਾਰਚ ਨੂੰ ਅਤੇ 7 ਲੱਖ ਰੁਪਏ ਮੰਗੇ। ਸਵਾਲ ਦੇ ਟਰੱਕਾਂ ਦੇ ਮਾਲਕ ਹਰਬੰਸ ਸਿੰਘ ਕੋਲੋਂ 2 ਲੱਖ ਰੁਪਏ ਦੀ ਮੰਗ ਕੀਤੀ ਗਈ। ਗਾਰਡੀਅਨ ਦੇ ਬਲਦੇਵ ਸਿੰਘ ਨੂੰ ਇਕ ਲੱਖ ਰੁਪਿਆ ਨਾ ਤਾਰਨ ਪਿੱਛੇ ਅਗਵਾ ਕਰ ਲਿਆ ਗਿਆ।

ਭਿੱਖੀਵਿੰਡ ਬਲਟੋਹਾ ਅਤੇ ਅਮਰਕੋਟ ਦੇ ਵੱਡੇ ਜ਼ਿਮੀਂਦਾਰ ਖਾੜਕੂਆਂ ਨੂੰ ਮਹੀਨਾ ਤਾਰ ਰਹੇ ਹਨ। ਜਿਹੜੇ ਕਿਸਾਨ ਸਹਿਰ ਵਿਚ ਜਾ ਵਸੇ ਹਨ ਉਹ ਸਵੇਰੇ ਸਵੇਰੇ ਹੀ ਆਪਣੀ ਜ਼ਮੀਨ ਵੇਖਣ ਪਿੰਡ ਜਾਂਦੇ ਹਨ। ਖਾੜਕੂ ਪਹਿਲਾਂ ਘਰ ਸੂਹੀਆਂ ਕਰਦੇ ਸਨ, ਪਰ ਹੁਣ ਦਸ ਦਸ ਦੀਆਂ ਟੋਲੀਆਂ ਵਿਚ ਇਹੋ ਪੈਦਲ ਜਾਂਦੇ ਹਨ ਅਤੇ ਰਾਤ ਨੂੰ ਘੰਟਿਆਂ ਉਤੇ। ਪੁਲਸ ਸਿਰਫ ਇਕੱਲੇ ਦੁਕੱਲੇ ਨੂੰ ਘੇਰ ਕੇ ਹੀ ਮਾਰਦੀ ਹੈ, ਜਦੋਂ ਵੇਖਦੀ ਹੈ ਕਿ ਖਾੜਕੂਆਂ ਦੀ ਟੋਲੀ ਵੀ ਮੁਕਾਬਲੇ ਦੀ ਹੈ, ਤਾਂ ਕੰਨੀ ਵੀ ਚੁਪ ਕਰਕੇ ਲੰਘ ਜਾਂਦੀ ਹੈ। ਚੰਡੀਗੜ੍ਹ ਦੇ ਹੁਕਮ ਅਨੁਸਾਰ ਪੁਲਸ ਚੌਕੀਆਂ ਰਾਤ ਦੀਆਂ ਗਸ਼ਤਾਂ ਬੰਦ ਹੋ ਚੁੱਕੀਆਂ ਹਨ। ਪੁਲਸ ਨੂੰ ਹਦਾਇਤ ਹੈ ਕਿ ਸ਼ਾਮ 6.00 ਵਜੇ ਤੋਂ ਬਾਦ ਗਸ਼ਤ 'ਤੇ ਨਾ ਜਾਵੇ।

ਖਾੜਕੂ ਪਿੰਡਾਂ ਵਿਚੋਂ ਆਪਣੀਆਂ ਫੌਜਾਂ ਵਿਚ ਨੌਜਵਾਨ ਸਿੰਘ ਭਰਤੀ ਕਰਨ ਦੀਆਂ ਕਾਰਵਾਈਆਂ ਕਰਦੇ ਹਨ ਅਤੇ ਭਰਤੀ ਹੋਣ ਵਾਲੇ ਨੂੰ 3000 ਰੁਪਏ ਮਹੀਨਾ ਤਨਖਾਹ ਮਿਲਦੀ ਹੈ। ਜਿਹੜਾ ਸਿਪਾਹੀ ਨੂੰ ਮਾਰੇ ਉਸ ਦੀ ਤਨਖਾਹ 'ਚ ਵਾਧਾ ਅਤੇ ਜਿਹੜਾ ਥਾਣੇਦਾਰ ਨੂੰ ਮਾਰੇ ਉਸ ਨੂੰ ਏਰੀਆ ਕਮਾਂਡਰ ਬਣਾ ਦਿੱਤਾ ਜਾਂਦਾ ਹੈ। ਜਿਹਨਾਂ ਖਾੜਕੂਆਂ ਨੂੰ ਬਾਹਰ ਵਾਲੇ ਦੂਜੇ ਜ਼ਿਲ੍ਹਿਆਂ ਅਤੇ ਦੂਜੇ ਸੂਬਿਆਂ ਵਿਚ ਵੀ ਐਕਸ਼ਨ ਲਈ ਜਾਣਾ ਪੈਂਦਾ ਹੈ। ਬਾਹਰ ਵਾਲੀ ਇਹਨਾਂ ਨੂੰ ਕਾਰਾਂ ਜੀਪਾਂ ਉਤੇ ਬੈਠਣੀਆਂ ਪੈਂਦੀਆਂ ਹਨ। ਇਹ ਸਭ ਆਪਣੇ ਘਰਾਂ ਨੂੰ ਘੇਰ ਕੇ ਹੀ ਪਰਤਦੇ ਹਨ। ਸਾਈਕਲਾਂ ਦੇ ਕੰਪਲੂਲ ਚੋਰੀ ਕਰਨ ਦੇ ਨਾਲ ਹੀ ਦੇ ਦਿੱਤੇ ਜਾਂਦੇ ਹਨ।

ਥਾਣੇ 'ਚ ਗੀਤਾ ਨਾਲ ਬਦਮਾਸ਼ੀ ਕਰਨ ਵਾਲੇ ਪੁਲਸੀਆਂ ਦੀ ਜ਼ਮਾਨਤ ਰੱਦ

ਲੁਧਿਆਣਾ — ਐਡੀਸ਼ਨਲ ਸੈਸ਼ਨ ਜੱਜ ਐਮ.ਐਸ. ਸਿੱਧੀ ਨੇ ਪੰਜਾਬ ਪੁਲਸ ਦੇ ਹਵਾਲਦਾਰ ਤਰਨਜੀਤ ਸਿੰਘ ਅਤੇ ਸਿਪਾਹੀ ਜਗਜੀਤ ਸਿੰਘ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ।

29 ਅਪ੍ਰੈਲ 89 ਨੂੰ ਦੋ ਛੋਟੀ ਇਮਾਰਤੀ ਉਸਾਰੀ ਦੇ ਠੇਕੇਦਾਰ ਏਜੰਟਾਂ ਦੇ ਘਰ ਗਏ ਸਨ, ਜਿਹਨਾਂ ਨੂੰ ਮੌਕੇ ਵਾਲਿਆਂ ਨੇ ਫੜ ਕੇ ਸਿਵਲ ਪੁਲਸ ਚੌਕੀ ਦੇ ਹਵਾਲੇ ਕਰ ਦਿੱਤਾ ਸੀ। ਥਾਣੇ ਦੇ ਪੁਲਸੀਆਂ ਨੇ ਫੜੇ ਗਏ ਵਿਅਕਤੀਆਂ ਦੀ ਪੁੱਛ ਪੜਤਾਲ ਬਾਦ ਛੱਡ ਦਿੱਤਾ। ਸ਼ਿਮਲਾਪੁਰੀ ਲੁਧਿਆਣਾ ਦੇ ਪਵਨ ਕੁਮਾਰ ਅਤੇ ਉਸਦੀ ਪਤਨੀ ਗੀਤਾ ਨੂੰ ਥਾਣੇ ਲੈ ਗਿਆਂ ਅਤੇ ਆਖਿਆ ਕਿ ਉਹਨਾਂ ਨੂੰ ਤਦ ਛੱਡਣਗੇ ਜੇ ਪਵਨ ਕੁਮਾਰ ਘਰ ਦੀ ਚੈਕ ਲਿਆ ਕੇ ਦੇਵੇ। ਇਹ ਕਹਿ ਕੇ ਪਵਨ ਨੂੰ ਭੇਜ ਦਿੱਤਾ ਗਿਆ ਅਤੇ ਪੁਲਸੀਆਂ ਨੇ ਥਾਣੇ ਦੇ ਹੀ ਇਕ ਕਮਰੇ ਵਿਚ ਗੀਤਾ ਨਾਲ ਬਲਾਤਕਾਰ ਕਰ ਦਿੱਤਾ। ਬਾਦ 'ਚ ਗੀਤਾ ਦੇ ਸ਼ਨਾਖਤ ਕਰਨ 'ਤੇ ਪੁਲਸੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।



ਪਿਛਲੇ ਦਿਨੀਂ ਦੀ ਉਘੀ ਇਕ ਸੰਜੀਦਾ ਗਾਇਕਾ ਜਿਸ ਰਾਹੀਂ ਸ਼ੁਰੂ 17 ਮਈ 89 ਦਿਨ ਮੰਗਲਵਾਰ ਸ਼ਾਮ 7.30 ਵਜੇ ਦੀਆਂ ਸਰਗਰਮੀਆਂ ਦੀ ਤਿਆਰੀ ਦਾ ਕਰੋ ਸਟੇਜ 'ਤੇ ਜਲਵਾਗਰ ਹੋ ਰਹੀ ਹੈ। ਇਹ ਮਹਿਫਲ 'ਸੋਨਾ ਮਹਿਲ' ਹਾਲ ਹੋਸਲੇ ਵਿਚ ਹੋਵੇਗੀ।

ਸਾਬਕਾ ਥਾਣੇਦਾਰ ਬਲਬੀਰ ਸਿੰਘ ਦਾ ਜ਼ਾਤੀ ਸਾਮਾਨ ਪੁਲਸ ਦੱਬ ਗਈ

ਨਵੀਂ ਦਿੱਲੀ — ਐਡੀਸ਼ਨਲ ਸੈਸ਼ਨ ਜੱਜ ਐਸ.ਪੀ. ਗਰਗ ਨੇ ਇੰਦਰਾ ਕਤਲ ਸਾਜ਼ਸ਼ ਕੇਸ 'ਚੋਂ ਬਰੀ ਹੋਏ ਸਾਬਕਾ ਥਾਣੇਦਾਰ ਬਲਬੀਰ ਸਿੰਘ ਦੀ ਅਰਜ਼ੀ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਉਸ ਦੇ ਸਮਾਨ ਕਿਸੇ ਵੀ ਕਾਗਜ਼ 'ਤੇ ਨਹੀਂ। ਥਾਣੇਦਾਰ ਬਲਬੀਰ ਸਿੰਘ ਨੇ ਅਰਜ਼ੀ ਦਿੱਤੀ ਸੀ ਕਿ ਘਰ ਦੀ ਤਲਾਸ਼ੀ ਸਮੇਂ ਪੁਲਸ ਨੇ ਉਸ ਦਾ ਜ਼ਾਤੀ ਸਮਾਨ ਜੋ ਆਪਣੇ ਕਬਜ਼ੇ ਲੀਤਾ ਸੀ, ਉਹ ਵਾਪਸ ਕੀਤਾ ਜਾਵੇ। ਜੱਜ ਨੇ ਕਿਹਾ ਕਿ ਅਜਿਹੇ ਕਿਸੇ ਸਮਾਨ ਲਈ ਵਕੀਲ ਨੂੰ ਦਿੱਤੇ ਗਏ ਮੁਕਤਾਰਨਾਮੇ ਵਿਚ ਵੀ ਕੋਈ ਜ਼ਿਕਰ ਨਹੀਂ।

ਪੰਜਾਬ 'ਚ ਖੂਨ ਖਰਾਬਾ

ਊਧਮਪੁਰ — ਸਰਦਾਰ ਜੋਗਿੰਦਰ ਸਿੰਘ ਊਧਮਪੁਰ ਦੇ ਹਥਿਆਰ ਕੀਤੇ ਗਏ ਪੁਲਸ ਭੁਪਿੰਦਰ ਸਿੰਘ ਦੀ ਬਰਸੀ ਉਤੇ ਸਮੇਂ ਗੁਰਦੁਆਰੇ ਵਿਚ ਬੋਲਦਿਆਂ ਚੌਧਰੀ ਲਾਲ ਨੇ ਆਖਿਆ "ਪੰਜਾਬ ਵਿਚ ਮਾਵਾਂ, ਭੈਣਾਂ ਅਤੇ ਨੌਜਵਾਨਾਂ ਦਾ ਖੂਨ ਵੱਗ ਰਿਹਾ ਹੈ? ਇਕ ਅਜਿਹਾ ਸਿਆਸੀ ਅੰਸਰ ਜੋ ਦਿੱਲੀ ਬੈਠਾ ਹੈ ਅਤੇ ਜਿਸ 'ਚੋਂ ਸਿਆਸੀ ਲਾਭ ਪ੍ਰਾਪਤ ਕਰ ਰਿਹਾ ਹੈ। ਹਰਿਆਣਾ ਅਤੇ ਪੰਜਾਬ ਨੂੰ ਲਗਾਉਣ ਬਾਬਤ ਹੀ ਸੈਂਟਰ ਸਮਝਾ ਮਸਲਾ ਹੱਲ ਨਹੀਂ ਮੁਕੰਮਲ ਨਹੀਂ ਕਰ ਰਿਹਾ।"

● ਬਠਿੰਡਾ ਪੁਲਸ ਨੇ ਸੁਖਦੇਵ ਸਿੰਘ ਬੋਲਾ ਅਤੇ ਜਗਜੀਤ ਸਿੰਘ ਨੂੰ ਨਜਾਇਜ਼ ਹਥਿਆਰਾਂ 'ਚ ਗ੍ਰਿਫਤਾਰ ਕਰ ਲਿਆ।

****

ਖਾੜਕੂਆਂ ਤੋਂ ਡਰਦਿਆਂ ਪੰਜਾਬ ਵਿਚ ਪੰਚਾਇਤੀ ਚੋਣਾ ਹੋਰ ਅੱਗੇ ਪੈਣ ਲੱਗੀਆਂ

ਚੰਡੀਗੜ੍ਹ — ਸਰਕਾਰੀ ਹਲਕਿਆਂ ਨੇ ਇਹ ਪ੍ਰਗਟ ਕੀਤਾ ਹੈ ਕਿ ਪੰਜਾਬ ਵਿਚ ਪੰਚਾਇਤੀ ਚੋਣਾ ਉਥਾ ਹਾਲੇ ਹੋ ਸਕਣਗੀਆਂ। ਯਾਦ ਰਹੇ ਪਹਿਲਾਂ ਇਹ ਚੋਣਾਂ ਫਰਵਰੀ ਦੇ ਅਖੀਰ ਵਿਚ ਹੋਣੀਆਂ ਸਨ, ਪਰ ਖਾੜਕੂਆਂ ਤੋਂ ਡਰਦਿਆਂ ਸਰਕਾਰ ਨੇ ਜੂਨ ਤਕ ਅੱਗੇ ਪਾ ਦਿੱਤੀਆਂ ਸਨ, ਪੰਜਾਬ ਦਾ ਗਵਰਨਰ ਸਮੇਂ ਸਮੇਂ ਬਿਆਨ ਦੇਂਦਾ ਜਾ ਰਿਹਾ ਹੈ ਕਿ ਚੋਣ ਅਵੱਸ਼ ਹੋਣਗੀਆਂ, ਪਰ ਅੰਦਰਖਾਤੇ ਸਰਕਾਰ ਦੀ ਸੂਹ ਨਿਕਲੀ ਪਈ ਹੈ ਸਰਕਾਰ ਨੂੰ ਡਰ ਹੈ ਕਿ ਪੰਚਾਇਤੀ ਚੋਣਾਂ ਵਿਚ ਜੇ ਦਹਿਸ਼ਤਗਰਦੀਆਂ ਦੇ ਹੀ ਬੰਦੇ ਕੰਟਰੋਲ ਕਰ ਗਏ ਤਾਂ ਹਾਲਾਤ ਬਦਤਰ ਹੋ ਜਾਣਗੇ।

ਲੋਕ ਸਭਾ ਦੇ ਬਰਸਾਤ ਸੈਸ਼ਨ ਵਿਚ ਸੰਵਿਧਾਨ ਵਿਚ ਤਰਮੀਮਾਂ ਕਰਕੇ ਇਕ ਨਵਾਂ ਬਿਲ ਬਣਾਇਆ ਜਾ ਰਿਹਾ ਹੈ, ਜਿਸ ਅਨੁਸਾਰ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਦਿੱਤੇ ਜਾਣਗੇ, ਹਰੀਜਨ ਅਤੇ ਔਰਤਾਂ ਦੀ ਗਿਣਤੀ ਵਧਾਈ ਜਾਵੇਗੀ ਅਤੇ ਸਰਕਾਰ ਆਪਣੇ ਵਲੋਂ ਕੋਈ ਮੈਂਬਰ ਨਾਮਜ਼ਦ ਨਹੀਂ ਕਰ ਸਕੇਗੀ।

ਦਿੱਲੀ ਦੇ ਸਿੱਖ 'ਲਾਲੇ' ਬਣ ਕੇ ਹੀ ਦਿਨ ਕਟੀ ਕਰ ਸਕਣਗੇ ਬਦਨਾਮ ਮੰਤਰੀ ਹਰਕਿਸ਼ਨ ਲਾਲ ਭਗਤ ਨੂੰ ਸਿਰੋਪਾ ਦਿੱਤਾ ਗਿਆ

ਨਵੀਂ ਦਿੱਲੀ — ਪੰਜਾਬ ਦੇ ਸਿੱਖ ਹੀ ਅਣਖ ਲਾਹ ਕੋਈ ਸਕਦੇ ਹਨ, ਭਾਰਤ ਦੇ ਸੂਬਿਆਂ ਦੇ ਸਿੱਖ ਹਿੰਦੂਆਂ ਨੂੰ ਸਿਰਾ ਟੇਕਣ ਲੱਗ ਹੀ ਰਹਿ ਗਏ ਹਨ। ਇਸ ਦੀ ਤਾਜ਼ਾ ਮਿਸਾਲ ਇਸ ਹਫਤੇ ਨਵਾਂ ਹਰ ਦੀ ਕਾਲੋਨੀ ਵਿਖੇ ਆਯੋਜਤ ਕੀਤੇ ਗਏ ਇਕ ਸਨਮਾਨ ਸਮਾਰੋਹ ਤੋਂ ਮਿਲਦੀ ਹੈ, ਜਿਸ ਵਿਚ ਬੁਰਨਾਮ ਮੰਤਰੀ ਹਰਕਿਸ਼ਨ ਲਾਲ ਭਗਤ ਨੂੰ 500 ਤੋਂ ਵੱਧ ਸਿੱਖਾਂ ਨੇ ਸ੍ਰੀ ਸਾਹਿਬ ਦਾ ਸਿਰੋਪਾ ਦਿੱਤਾ ਅਤੇ ਉਸ ਦੀ ਸਿਫਤ ਸਲਾਹ ਵੀ ਕੀਤੀ।

ਇਹ ਸਮਾਰੋਹ ਏਕਤਾ ਫੋਰਮ ਵਲੋਂ ਕੀਤਾ ਗਿਆ ਸੀ, ਜਿਸ ਵਿਚ 100 ਗੁਰਦਵਾਰਿਆਂ ਤੇ ਗੁਰੂ ਨਾਨਕ ਯੂਨੀਵਰਸਿਟੀ ਦੇ ਪਤੀਨਿਧਾਂ ਨੇ ਸਿਰ ਕੇ ਬਦਨਾਮ ਮੰਤਰੀ ਨੂੰ ਜੀ ਆਇਆਂ ਆਖਿਆ। ਏਕਤਾ ਫੋਰਮ ਦੇ ਪ੍ਰਧਾਨ ਬਲਵੰਤ ਸਿੰਘ ਨੇ ਆਖਿਆ ਕਿ 1984 ਦੇ ਦੰਗਾ ਪੀੜਤ ਸਿੱਖਾਂ ਦੀ ਜਿੰਨੀ ਮਦਦ ਮੰਤਰੀ ਹਰਕਿਸ਼ਨ ਲਾਲ ਭਗਤ ਨੇ ਕੀਤੀ ਹੈ, ਹੋਰ ਕੋਈ ਨਹੀਂ ਕਰ ਸਕਿਆ। ਉਹਨਾਂ ਇਹ ਵੀ ਆਖਿਆ ਕਿ ਸਿੱਖ ਦਹਿਸ਼ਤਗਰਦੀ ਦਾ ਵਿਰੋਧ ਕਰਦੇ ਹਨ ਅਤੇ ਭਾਰਤ ਦੀ ਅਖੰਡਤਾ ਦੇ ਹਾਮੀ ਹਨ। ਉਹਨਾਂ ਸੁਝਾਅ ਦਿੱਤਾ ਕਿ ਰੇਡੀਓ ਅਤੇ ਟੈਲੀਵੀਜ਼ਨ ਉਤੇ ਖਾਲਿਸਤਾਨ ਦਾ ਨਾਂ ਨਹੀਂ ਲੈਣਾ ਚਾਹੀਦਾ। ਸਰਕਾਰ ਨੂੰ ਸੁਝਾਓ ਦਿੱਤਾ ਗਿਆ ਕਿ ਪੁਲਸ ਵਲੋਂ ਅਜਿਹੇ ਸਿਪਾਹੀਆਂ ਦੀ ਭਾਲੀ ਕਰ ਦਿੱਤੀ ਜਾਵੇ, ਜਿਹੜੇ ਦਿੱਲੂ ਸਿੱਖ ਵਾਲੇ ਹਨ ਅਤੇ ਮਜ਼ਹਬ ਦੇ ਨਾਂ ਉਤੇ ਲੋਕਾਂ ਤੇ ਜ਼ੁਲਮ ਕਰਦੇ ਹਨ।

ਹਰਕਿਸ਼ਨ ਲਾਲ ਭਗਤ ਜਿਸ ਉਤੇ ਦੋਸ਼ ਹੈ ਕਿ ਉਸ ਨੇ ਇੰਦਰਾ ਗਾਂਧੀ ਦੇ ਕਤਲ ਬਾਦ ਕਾਂਗਰਸੀ ਗੁੰਡਿਆਂ ਦੀ ਮਦਦ ਕਰਕੇ ਕਰੀਬ 3000 ਸਿੱਖਾਂ ਨੂੰ ਕਤਲ ਕਰਵਾਇਆ ਸੀ ਅਤੇ ਸਿੱਖ ਔਰਤਾਂ ਦੀ ਜਬਰੀ ਪੱਤ ਲੁੱਟੀ ਸੀ, ਨੇ ਤਕਰੀਰ ਕਰਦਿਆਂ ਆਖਿਆ, "ਦੰਗਿਆਂ ਵਿਚ ਮੇਰਾ ਕੋਈ ਹੱਥ ਨਹੀਂ ਸੀ। ਮੈਂ ਤਾਂ ਕੇਦਾਰਨਾਥ ਨਗਰ ਦੇ ਗੁਰਦਵਾਰੇ ਵਿਚ 5 ਨਵੰਬਰ ਤੋਂ ਲਗਾਤਾਰ ਸੇਵਾ ਕਰਨ ਚਲਾ ਗਿਆ ਸੀ।"

ਮੰਤਰੀ ਨੇ ਸਿੱਖਾਂ ਦੇ ਵਫਦ ਨੂੰ ਰਾਜੀਵ ਗਾਂਧੀ ਨਾਲ ਮਿਲਾਉਣ ਦਾ ਵੀ ਵਚਨ ਦਿੱਤਾ।

ਨਿੱਕੀਆਂ ਪਰ ਤਿੱਖੀਆਂ

● ਨਾਭਾ — ਪਿੰਡ ਕਕਰਾਲਾ ਵਿਖੇ ਸੈਂਟਰਲ ਕੋਆਪ੍ਰੇਟਿਵ ਬੈਂਕ ਦੀ ਬਰਾਂਚ ਦੀ ਲੌਕ ਤੋਂ 3,25000 ਰੁਪਏ ਲੁੱਟੇ ਗਏ। ਖਾੜਕੂ ਸਵੇਰੇ 10.30 ਵਜੇ ਸਾਈਕਲ ਉਤੇ ਆਏ ਅਤੇ ਆਪਣਾ ਕੰਮ ਕਰਕੇ ਤੁਰਦੇ ਬਣੇ।

● ਮੋਗਾ 'ਚ ਅਜਮੇਰ ਸਿੰਘ ਨੂੰ ਪੁਲਸ ਨੇ ਖਾੜਕੂਆਂ ਨੂੰ ਪਨਾਹ ਦੇਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ।

****

● ਫਾਜ਼ਿਲਕਾ ਪੁਲਸ ਨੇ ਬਲਵਿੰਦਰ ਸਿੰਘ ਨੂੰ ਜੁਆਲੀ ਐਕਟ ਅਧੀਨ ਗ੍ਰਿਫਤਾਰ ਕਰ ਲਿਆ

*****

● ਫਰੀਦਕੋਟ ਪੁਲਸ ਨੇ ਗੁਰਜੀਤ ਸਿੰਘ, ਮਿੱਠੂ ਸਿੰਘ, ਮੰਗਲ ਸਿੰਘ, ਜਸਬੀਰ ਸਿੰਘ, ਬਿਅੰਤ ਸਿੰਘ ਅਤੇ ਜੋਗਾ ਸਿੰਘ ਨੂੰ ਨਜਾਇਜ਼ ਹਥਿਆਰ ਰੱਖਣ ਦੇ ਦੋਸ਼ ਅਧੀਨ ਗ੍ਰਿਫਤਾਰ ਕਰ ਲਿਆ।

****

● ਫਿਰੋਜ਼ਪੁਰ ਪੁਲਸ ਨੇ ਬਲਵਿੰਦਰ ਸਿੰਘ ਬਿੱਟੂ ਨੂੰ ਗੋਲਾ ਬਾਰੂਦ ਅਤੇ ਕਾਰਤੂਸ ਰੱਖਣ ਦੇ ਦੋਸ਼ ਅਧੀਨ ਗ੍ਰਿਫਤਾਰ ਕਰ ਲਿਆ।

*****

● ਸੰਗਰੂਰ ਪੁਲਸ ਨੇ ਧਰਮਪੁਰਾ ਤੋਂ ਨਜਾਇਜ਼ ਹਥਿਆਰਾਂ ਦੇ ਦੋਸ਼ ਵਿਚ ਗੁਰਨਾਮ ਸਿੰਘ ਨਿੱਕਾ, ਮੋਹਣ ਸਿੰਘ ਪੱਪੂ ਅਤੇ ਸੰਤੋਖ ਸਿੰਘ ਸੋਢੀ ਨੂੰ ਗ੍ਰਿਫਤਾਰ ਕਰ ਲਿਆ।

*****

● ਜਲਾਲਾਬਾਦ ਦੇ ਅਕਾਲੀ ਆਗੂ ਅਤੇ ਸਾਬਕਾ ਵਜ਼ੀਰ ਗਿ. ਗੁਰਨਾਮ ਸਿੰਘ ਦੇ ਮਕਾਨ 'ਤੇ ਗੋਲੀ ਚੱਲੀ, ਪਰ ਜਾਨੀ ਨੁਕਸਾਨ ਕੋਈ ਨਹੀਂ ਹੋਇਆ।

****

● ਲੁਧਿਆਣਾ ਪੁਲਸ ਨੇ ਗੁਰਬਖਸ਼ ਸਿੰਘ ਨੂੰ ਨਜਾਇਜ਼ ਹਥਿਆਰ ਰੱਖਣ ਦੇ ਦੋਸ਼ ਵਿਚ ਹਵਾਲਾਤ ਵਿਚ ਲੈ ਲਿਆ।

****

● ਹੁਸ਼ਿਆਰਪੁਰ ਦੇ ਪਿੰਡ ਮਹਿਤਪੁਰ ਤੋਂ ਖਿਲਾਫ਼ਵਰਜ਼ੀ ਦਾਰੀਵਾਲ ਥਾਣਾ ਦੇ 6 ਮੈਂਬਰ ਪੁਲਸ ਨੇ ਹਥਿਆਰਾਂ ਸਮੇਤ ਗ੍ਰਿਫਤਾਰ ਕਰ ਲਏ। ਜਿਹਨਾਂ ਵਿਚ ਗੁਰਜੀਤ ਸਿੰਘ ਬੰਗਾ ਮੰਡੀਆਂ ਵਾਲੇ, ਜੋਗਾ ਸਿੰਘ ਬਾਜ਼, ਕਰਮਜੀਤ ਸਿੰਘ, ਕੁਲਵਿੰਦਰ ਸਿੰਘ ਬਿੱਲੂ ਬੰਗਾ, ਜਸਵਿੰਦਰ ਸਿੰਘ ਉਰਫ ਜਲੰਧਰੀ ਆਦਿ ਸ਼ਾਮਲ ਹਨ। ਇਸੇ ਪਿੰਡ ਦੇ ਪੁਲਸ ਕੋਲ ਨੂੰ ਪਨਾਹ-ਦੇਣ ਦੇ ਦੋਸ਼ ਗ੍ਰਿਫਤਾਰ ਕਰ ਲਿਆ।

● ਲੁਧਿਆਣਾ ਜ਼ਿਲੇ ਦੇ ਪਿੰਡ ਸਹਿਜੋਮਾਜਰਾ ਦੀ ਸਹਿਕਾਰੀ ਸਭਾ ਦੇ ਕੋਆਪ੍ਰੇਟਿਵ ਸੁਸਾਇਟੀ 'ਚੋਂ 64000 ਰੁਪਏ ਖਾੜਕੂਆਂ ਵਲੋਂ ਲੋਕਾਂ 'ਤੇ ਲੁੱਟ ਕੇ ਲੁਟੇਰੇ ਇਕ ਸਟਾਫ ਮੈਂਬਰ ਦੀ ਕਾਰ ਲੈ ਕੇ ਤਿੱਤਰ ਹੋ ਗਏ।

***

ਪੰਜਾਬ ਦੇ ਡਾਕਟਰਾਂ ਦੀ ਹੜਤਾਲ ਵਿਹਲ

ਚੰਡੀਗੜ੍ਹ — ਪੰਜਾਬ ਦੇ ਡਾਕਟਰਾਂ ਦੀ ਤਿੰਨ ਮਹੀਨਿਆਂ ਤੋਂ ਚਲੀ ਆ ਰਹੀ ਹੜਤਾਲ ਵਿਹਲ ਹੋ ਗਈ ਜਦੋਂ ਇਸ ਹਫਤੇ ਹੜਤਾਲੀ ਡਾਕਟਰਾਂ ਨੇ ਆਪਣੀ ਹੜਤਾਲ ਬੰਦ ਕਰ ਦਿੱਤੀ। ਡਾਕਟਰਾਂ ਨੇ ਕਿਹਾ ਕਿ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਿਅੰਤ ਸਿੰਘ, ਮੇਵਾ ਰਾਮ ਅਤੇ ਕ੍ਰਿਸ਼ਨ ਲਾਲ ਦਾ ਵਿਸ਼ੇਸ਼ ਧੰਨਵਾਦ ਕਰਨਗੇ ਜਿਨ੍ਹਾਂ ਨੇ ਵਿਚੋਲਗੀ ਕਰਵਾਈ ਹੈ।

ਯਾਦ ਰਹੇ ਇਹ ਹੜਤਾਲ ਜਾਰੀ ਰਖਵਾਉਣ ਦਾ ਦੋਸ਼ ਪੰਜਾਬ ਦੇ ਸਾਬਕਾ ਮੁਖ ਮੰਤਰੀ ਦਰਬਾਰਾ ਸਿੰਘ ਦੇ ਉਤੇ ਲੱਗਦਾ ਹੈ, ਅਤੇ ਕਿਹਾ ਜਾਂਦਾ ਹੈ ਕਿ ਉਹਨਾਂ ਨੇ ਸ. ਬਿਅੰਤ ਸਿੰਘ ਨੂੰ ਬਦਨਾਮ ਕਰਨ ਲਈ ਡਾਕਟਰਾਂ ਨੂੰ ਇਸ ਰਾਹ ਪਾਇਆ ਸੀ।

ਦੁਸ਼ਟ ਸੋਧ ਕਮਾਂਡੋ ਫੋਰਸ ਦਾ ਖਾੜਕੂ

ਬਲਬੀਰ ਸਿੰਘ ਚੰਗਿਆੜਾ ਫਰਜ਼ੀ ਮੁਕਾਬਲੇ 'ਚ ਸ਼ਹੀਦ

ਹੁਸ਼ਿਆਰਪੁਰ — ਪੁਲਸ ਨੇ ਦੁਸ਼ਟ ਸੋਧ ਕਮਾਂਡੋ ਫੋਰਸ ਦੇ ਮੈਂਬਰ ਬਲਬੀਰ ਸਿੰਘ ਚੰਗਿਆੜਾ ਨੂੰ ਗ੍ਰਿਫਤਾਰ ਕਰਨ ਪਿਛੋਂ ਗੋਲੀ ਮਾਰਕੇ ਫਰਜ਼ੀ ਪੁਲਸ ਮੁਕਾਬਲਾ ਬਣਾ ਦਿਤਾ।

ਬਾਦ ਵਿਚ ਪੁਲਸ ਨੇ ਮਨਘੜਤ ਕਹਾਣੀ ਬਿਆਨ ਕਰਦਿਆਂ ਪ੍ਰੈਸ ਨੋਟ ਜਾਰੀ ਕਰਦਿਆਂ ਆਖਿਆ ਕਿ 6 ਮਈ ਰਾਤ ਚੱਬੇਵਾਲ ਪੁਲਸ ਨੇ ਬਾਹਦਾ ਮੁਹੱਲਿਆਂ ਦੇ ਪਿੰਡ ਪਕੀਰੇ ਲਾਗੇ ਨਾਕਾ ਲਾਇਆ ਹੋਇਆ ਸੀ ਕਿ ਰਾਤ 12 ਵਜੇ ਤਿੰਨ ਸ਼ੱਕੀ ਵਿਅਕਤੀ ਮੋਟਰ ਸਾਈਕਲ ਤੇ ਆਉਂਦੇ ਦਿਖਾਈ ਦਿਤੇ। ਰੁਕਣ ਲਈ ਕਹੇ ਜਾਣ ਤੇ ਉਹਨਾਂ ਨੇ ਫਾਇਰਿੰਗ ਸ਼ੁਰੂ ਕਰ ਦਿਤੀ। ਜਵਾਬੀ ਫਾਇਰਿੰਗ ਕਾਰਨ ਸ਼ੱਕੀ ਵਿਅਕਤੀ ਮਾਰਿਆ ਗਿਆ। ਦੂਜੇ ਦੋਵੇਂ ਫਰਾਰ ਹੋ ਗਏ। ਮੁਕਾਬਲੇ ਮਾਰੇ ਗਏ ਵਿਅਕਤੀ ਦੀ ਪਛਾਣ ਬਲਬੀਰ ਸਿੰਘ ਉਰਫ ਬੀਰਾ ਪੁੱਤਰ ਚੰਗਿਆੜਾ ਵਜੋਂ ਕੀਤੀ ਗਈ ਜਿਹੜਾ ਦੁਸ਼ਟ ਸੋਧ ਕਮਾਂਡੋ ਫੋਰਸ ਦਾ ਮੈਂਬਰ ਸੀ ਅਤੇ ਉਹ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਮਹਿਨਾ ਦਾ ਸੀ। ਪੁਲਸ ਅਨੁਸਾਰ ਮੌਕੇ ਤੇ ਏ.ਕੇ. 47 ਰਾਈਫਲ, 30 ਕਾਰਤੂਸ ਤੇ 12 ਬੋਰ ਦੀ ਰਾਈਫਲ ਮਿਲੇ। ਪੁਲਸ ਅਨੁਸਾਰ ਉਸ ਦਾ ਸੀ.ਪੀ.ਆਈ. ਆਗੂ ਕਾ. ਮੋਹਨ ਸਿੰਘ ਅਤੇ ਉਹਨਾਂ ਦੇ ਸਾਥੀ ਸੁਰਤ ਸਿੰਘ, ਐਸ.ਪੀ.ਓ. ਦੇਵ ਰਾਜ ਅਤੇ ਹਵਾਲਦਾਰ ਜਸਵੰਤ ਸਿੰਘ ਦੇ ਕਤਲ ਸਮੇਤ ਕਈ ਕਤਲ ਕੇਸਾਂ ਵਿਚ ਹੱਥ ਸੀ।

16 ਸਾਲਾ ਕੁੜੀ 'ਤੇ ਸੈਕਸ ਅਟੈਕ ਦੇ ਦੋਸ਼ 'ਚ

ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਭਾਈ ਜਸਵੀਰ ਸਿੰਘ) ਆਗੂ ਸੁਰਜੀਤ ਸਿੰਘ ਅਟਵਾਲ ਨੂੰ 6 ਮਹੀਨੇ ਜੇਲ੍ਹ ਦੀ ਸਜ਼ਾ

ਵਾਸ਼ਿੰਗਟਨ — ਮਰਲਾਨਾ ਐਵੇਨਿਊ ਦੇ ਵਾਸੀ 40 ਸਾਲਾ ਸੁਰਜੀਤ ਸਿੰਘ ਅਟਵਾਲ ਜੋ ਕਿ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਭਾਈ ਜਸਵੀਰ ਸਿੰਘ) ਦੀ ਨਿਊਯਾਰਕ ਯੂਨਿਟ ਦਾ ਮੀਤ ਪ੍ਰਧਾਨ ਵੀ ਹੈ, ਨੂੰ ਇਕ 16 ਸਾਲਾਂ ਦੀ ਕੁੜੀ ਨਾਲ ਜ਼ਬਰਦਸਤੀ ਸੈਕਸ ਕਰਨ ਦੇ ਮਕਸਦ ਦੇ ਦੋਸ਼ ਵਿਚ 6 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਇਹ 16 ਸਾਲਾ ਕੁੜੀ ਸੁਰਜੀਤ ਸਿੰਘ ਅਟਵਾਲ ਦੀ ਇਲੈਕਟ੍ਰੋਨਿਕਸ ਦੇ ਸਟੋਰ ਵਿਚ ਕੰਮ ਕਰਦੀ ਸੀ। ਮਿ. ਅਟਵਾਲ ਸਿੱਖਾਂ ਦੇ ਗੁਰਦਵਾਰੇ ਅਤੇ ਸਿੱਖ ਸਿਆਸਤ ਵਿਚ ਜਾਣਿਆ ਪਛਾਣਿਆ ਵਿਅਕਤੀ ਹੈ ਪਰ ਉਸਦੀ ਇਸ ਕਰਤੂਤ ਨਾਲ ਆਮ ਸਿੱਖ ਸੰਗਤ ਵਿਚ ਉਹਦੇ ਵਿਰੁਧ ਕਾਫੀ ਰੋਹ ਪੈਦਾ ਹੋ ਗਿਆ ਹੈ।

ਕੋਰਟ ਵਿਚ ਪਹਿਲਾਂ ਮਿ. ਅਟਵਾਲ ਨੇ ਆਪਣੇ ਦੋਸ਼ ਨੂੰ ਸਵੀਕਾਰ ਕਰਨ ਤੋਂ ਇਨਕਾਰ ਕੀਤਾ ਪਰ ਮਗਰੋਂ ਕੁੜੀ ਦੀ ਜ਼ੋਰਦਾਰ ਗਵਾਹੀ ਨੂੰ ਮੁਖ ਰੱਖਦਿਆਂ ਉਹਨੇ ਆਪਣਾ ਦੋਸ਼ ਮੰਨ ਲਿਆ। ਮਗਰੋਂ ਸਰਕਾਰੀ ਵਕੀਲ ਨੇ ਜਦ ਗਵਾਹੀ ਭੁਗਤਾਉਣ ਦੀ ਕੋਈ ਲੋੜ ਨਾ ਸਮਝੀ। ਕੋਰਟ ਵਿਚ ਬਿਆਨ ਕੀਤੀ ਗਈ ਕਹਾਣੀ ਅਨੁਸਾਰ ਇਸ ਸਾਲ 21 ਜਨਵਰੀ ਨੂੰ ਅਟਵਾਲ ਦੀ ਪਤਨੀ ਉਹਨਾਂ ਦੀ ਸ਼ਾਪ ਤੋਂ ਜਦੋਂ ਚਲੀ ਗਈ ਤਾਂ ਪਿਛੋਂ ਉਹ ਤੇ ਦੁਕਾਨ ਵਿਚ ਸਹਾਇਤਾ ਕਰਨ ਵਾਲੀ ਕੁੜੀ ਇਕੱਲੇ ਰਹਿ ਗਏ। ਮਿ. ਅਟਵਾਲ ਨੇ ਦਰਵਾਜ਼ਾ ਬੰਦ ਕਰਕੇ ਦੁਕਾਨ ਨੂੰ ਲੰਚ ਬ੍ਰੇਕ ਲਈ ਬੰਦ ਹੋਣ ਦਾ ਨੋਟਿਸ ਲਗਾ ਕੇ ਆਪ ਅੰਦਰ ਜਿੰਦਰਾ ਮਾਰ ਲਿਆ। ਉਹ ਲੜਕੀ ਨੂੰ ਦੁਕਾਨ ਦੇ ਪਿਛਲੇ ਸਟੋਰ ਵਿਚ ਲੈ ਗਿਆ ਅਤੇ ਕੁੜੀ ਸਮਝਦੀ ਰਹੀ ਕਿ ਮਿ. ਸਿੰਘ ਉਸ ਤੋਂ ਕੋਈ ਜ਼ਰੂਰੀ ਕੰਮ ਕਰਵਾਉਣਾ ਚਾਹੁੰਦਾ ਹੈ।

ਪਰ ਮਿ. ਸਿੰਘ ਜਦੋਂ ਉਹਦਾ ਇਮਤਿਹਾਨ ਲੈਣ ਲਗ ਪਿਆ। ਉਹਨੇ ਕੁੜੀ ਨੂੰ ਛੂਹ ਕੇ ਚੁੰਮਣ ਦਾ ਯਤਨ ਕੀਤਾ ਅਤੇ ਕੁੜੀ ਅਤੇ ਉਹਨੂੰ ਜ਼ਬਰਦਸਤੀ ਕਰਕੇ ਦਬਾਉਂਦੇ ਰਹੇ। ਸਰਕਾਰੀ ਵਕੀਲ ਮਿ. ਪੀਟਰ ਆਰਮਸਟਰਾਂਗ ਨੇ ਕੋਰਟ ਨੂੰ ਦੱਸਿਆ ਕਿ ਜਦੋਂ ਅਟਵਾਲ ਕੁੜੀ ਨਾਲ ਹੋਣ ਉਤੇ ਹੀ ਹਟਿਆ ਤਾਂ ਕੁੜੀ ਨੇ ਝਟ ਹੀ ਆਪਣੇ ਕੱਪੜੇ ਪਾ ਲਏ। ਮਿ. ਅਟਵਾਲ ਨੂੰ ਆਪਣੀ ਪੈਂਟ ਲਾਹੁੰਦਿਆਂ ਦੇਖ ਕੇ ਕੁੜੀ ਬਾਹਰ ਭੱਜ ਗਈ ਅਤੇ ਉਹ ਸਿੱਧੀ ਆਪਣੇ ਘਰ ਗਈ। ਘਰ ਵਾਲਿਆਂ ਤੁਰੰਤ ਪੁਲਸ ਨੂੰ ਬੁਲਾ ਲਿਆ।

ਮਿ. ਅਟਵਾਲ ਨੇ ਜੱਜ ਨੂੰ ਦੱਸਿਆ ਕਿ ਕੁੜੀ ਝੂਠ ਬੋਲਦੀ ਹੈ। ਪਰ ਕੁੜੀ ਦੀਆਂ ਗਵਾਹੀਆਂ ਤੇ ਮਿ. ਅਟਵਾਲ ਦੀਆਂ ਦਲੀਲਾਂ ਮੇਲ ਨਹੀਂ ਖਾਂਦੀਆਂ ਸਨ। ਕੌਂਸਲੇਟ ਸਰਕਟ ਕੋਰਟ ਦੇ ਜੱਜ ਮਿ. ਹੈਮਿਲਟਨ ਰੌਬਰਟ ਨੇ ਅਟਵਾਲ ਨੂੰ ਸਜ਼ਾ ਦਾ ਹੁਕਮ ਸੁਣਾਉਂਦਿਆਂ ਆਖਿਆ, "ਤੇਰੇ ਵਰਗੇ ਕਰੈਕਟਰ ਦੇ ਬੰਦੇ ਨੂੰ ਕੋਰਟ ਅੱਗੇ ਪੇਸ਼ ਹੋਇਆ ਵੇਖਣਾ ਬੜੇ ਅਫਸੋਸ ਦੀ ਗੱਲ ਹੈ।" ਜੱਜ ਨੇ ਕਿਹਾ ਕਿ ਕੇਸ ਦੀ ਗੰਭੀਰਤਾ ਨੂੰ ਮੁਖ ਰੱਖਦਿਆਂ ਥੋੜ੍ਹੀ ਸਜ਼ਾ ਦਾ ਹੁਕਮ ਸੁਣਾਇਆ ਜਾ ਰਿਹਾ ਹੈ। ਮਿ. ਜੱਜ ਨੇ ਹੋਰ ਕਿਹਾ "ਤੂੰ ਵਿਚਾਰੀ ਕੁੜੀ ਉਤੇ ਸੈਕਸ ਲਈ ਹਮਲਾ ਕੀਤਾ। ਉਹ ਵਿਚਾਰੀ ਬਹੁਤ ਘਬਰਾ ਗਈ ਹੋਵੇਗੀ। ਇਸੇ ਨਾਲ ਜਦੋਂ ਪਾ ਕੇ ਚੁੰਮਣ ਦੀ ਘਟਨਾ ਨਾਲ ਤਿੰਨੇ ਦੋਸ਼ ਗੰਭੀਰ ਦਾਗਦਾਰ ਹੈ, ਤੂੰ ਉਹਦੀ ਮਰਜ਼ੀ ਤੋਂ ਬਿਨਾ ਉਹਨੂੰ ਫੜ ਕੇ ਉਹਦੀ ਪਿਠ ਨੂੰ ਜ਼ਬਰਦਸਤੀ ਨਾਲ ਲਾ ਲਿਆ ਅਤੇ ਫਿਰ ਇਹ ਕਾਰਾ ਕੀਤਾ ਹੈ।"


ਸਫਾਈ ਦੇ ਵਕੀਲ ਮਿ. ਰੌਬਿਨ ਡੇਲੀ ਨੇ ਕੋਰਟ ਨੂੰ ਦੱਸਿਆ ਕਿ ਅਟਵਾਲ ਲਈ ਕੋਰਟ ਵਿਚ ਆਪਣਾ ਦੋਸ਼ ਸਵੀਕਾਰ ਕਰਨਾ ਬਹੁਤ ਔਖਾ ਕੰਮ ਸੀ। ਉਹ ਵਾਸ਼ਿੰਗਟਨ ਦੀ ਸਿੱਖ ਕਮਿਊਨਿਟੀ ਦਾ ਨਾ ਕੇਵਲ ਇਕ ਲੀਡਰ ਰਿਹਾ ਹੈ ਸਗੋਂ ਇਥੇ ਦੇ ਗੁਰਦੁਆਰੇ ਦਾ ਗ੍ਰੰਥੀ ਵੀ ਹੈ। ਇਸ ਤੋਂ ਇਲਾਵਾ ਦੂਜਿਆਂ ਦੀ ਦੇਖਭਾਲ ਲਈ ਉਹ ਪੁਲਸ ਨਾਲ ਸਬੰਧ ਵੀ ਕਾਇਮ ਰੱਖਦਾ ਹੈ। ਕੋਰਟ ਵਿਚ ਉਹਦੇ ਵਲੋਂ ਆਪਣਾ ਦੋਸ਼ ਸਵੀਕਾਰ ਕਰ ਲੈਣਾ ਆਪਣੇ ਭਾਈਚਾਰੇ ਵਿਚ ਇਕ ਮੂੰਹ ਅਖਵਾਉਣ ਵਰਗਾ ਸੀ।


ਖਾੜਕੂ ਜਰਨੈਲ ਸਿੰਘ ਖੁਦਕਸ਼ੀ ਕਰ ਗਿਆ

ਲੁਧਿਆਣਾ — ਸਦਰ ਥਾਣੇ ਦੇ ਇਲਾਕੇ ਵਿਚ ਬਰਾੜਾ ਪਿੰਡ ਨੇੜੇ ਜਰਨੈਲ ਸਿੰਘ ਨਾਂ ਦੇ ਇਕ ਸ਼ੱਕੀ ਵਿਅਕਤੀ ਨੂੰ ਪੁਲਸੀਆਂ ਵਲੋਂ ਜਦ ਘੇਰ ਲਿਆ। ਉਸ ਨੇ ਸਾਇਨਾਈਡ ਦਾ ਕੈਪਸੂਲ ਖਾ ਕੇ ਆਤਮ ਹੱਤਿਆ ਕਰ ਲਈ। ਦੱਸਿਆ ਗਿਆ ਹੈ ਕਿ ਉਹ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਉਪ ਮੁਖੀ ਸੀ।

ਤੇਲ ਤੇ ਬਿਜਲੀ ਭੰਡਾਰ ਉਪਰ ਰਾਕਟ ਹਮਲੇ ਦੀ ਯੋਜਨਾ ਸਿਰੇ ਨਾ ਚੜ੍ਹ ਸਕੀ

ਜਸਵਿੰਦਰ ਦੀ ਗ੍ਰਿਫਤਾਰੀ ਪਿਛੋਂ ਪੁਲਸ-ਦਾਅਵਾ


ਜਸਵਿੰਦਰ ਸਿੰਘ


ਦਵਿੰਦਰ ਸਿੰਘ

ਕਰਨਾਲ — ਸਥਾਨਕ ਪੁਲਸ ਨੇ ਖਾੜਕੂਆਂ ਵਲੋਂ ਅੰਬਾਲਾ ਦੇ ਤੇਲ ਭੰਡਾਰ ਤੇ ਪਾਨੀਪਤ ਦੇ ਥਰਮਲ ਬਿਜਲੀ ਘਰ ਨੂੰ ਰਾਕਟ ਮਾਰ ਕੇ ਤਬਾਹ ਕਰਨ ਦੀ ਸਕੀਮ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ।

ਪੰਜ ਮਈ ਰਾਤ ਵੇਲੇ ਅਸੰਧ ਨੇੜੇ ਫੋਰਾਂਗਾਨ ਪਿੰਡ ਨੇੜਿਓਂ ਗ੍ਰਿਫਤਾਰ ਕੀਤੇ ਗਏ ਖਾੜਕੂ ਜਸਵਿੰਦਰ ਸਿੰਘ ਉਰਫ ਜੋਗਾ ਪਾਸੋਂ ਕੀਤੀ ਗਈ ਪੁਛਗਿਛ ਦੇ ਆਧਾਰ ਤੇ ਪੁਲਸ ਦਾ ਕਹਿਣਾ ਹੈ ਕਿ ਗਰਮ ਖਿਆਲੀ ਸਿੱਖਾਂ ਨੇ ਪੰਜਾਬ ਤੇ ਹਰਿਆਣਾ ਵਿਚ ਰਾਕਟ ਹਮਲਾ ਕਰ ਕੇ ਤਬਾਹੀ ਕਰਨੀ ਸੀ। ਪਰ ਉਹਨਾਂ ਦੀ ਯੋਜਨਾ ਸਿਰੇ ਨਾ ਚੜ੍ਹ ਸਕੀ।

ਗ੍ਰਿਫਤਾਰ ਕੀਤਾ ਗਿਆ ਜਸਵਿੰਦਰ ਸਿੰਘ ਭਿੰਡਰਾਂਵਾਲਾ ਟਾਈਗਰ ਫੋਰਸ ਦੇ ਜਨਰਲ ਨਿਰਵੈਰ ਸਿੰਘ ਦਾ ਕਰੀਬੀ ਸਾਥੀ ਸੀ। ਉਸ ਨੇ ਖਾੜਕੂ ਨਿਹਾਲ ਸਿੰਘ ਨਾਲ ਮਿਲ ਕੇ ਕੁਝ ਵਾਰਦਾਤਾਂ 'ਚ ਹਿੱਸਾ ਲਿਆ। ਯਾਦ ਰਹੇ ਕਿ ਨਿਹਾਲ ਸਿੰਘ ਦੋ ਹਫਤੇ ਪਹਿਲਾਂ ਅਸੰਧ ਨੇੜੇ ਪੁਲਸ ਮੁਕਾਬਲੇ 'ਚ ਸ਼ਹੀਦ ਹੋ ਗਿਆ ਸੀ। ਜਸਵਿੰਦਰ ਸਿੰਘ ਇਕ ਸਿਖ ਲੋਕ ਰੂਪੋਸ਼ ਸਿੰਘਾਂ ਦੇ ਮਸ਼ਹੂਰ ਪ੍ਰਸਿੱਧ ਖਾੜਕੂਆਂ ਵਾਰਸ ਸਿੰਘ ਚਾਂਦਾ ਤੇ ਕੁਲਦੀਪ ਸਿੰਘ ਠੱਠਲ ਨਾਲ ਵੀ ਮਿਲ ਕੇ ਖਾੜਕੂ ਸਰਗਰਮੀਆਂ 'ਚ ਹਿੱਸਾ ਲਿਆ। ਵਾਰਸ ਸਿੰਘ ਬਾਦ ਹਰਿਮੰਦਰ ਸਾਹਿਬ ਉਪਰ 'ਕਾਲੀ ਗਰਜ' ਕਾਰਵਾਈ ਦੌਰਾਨ ਸ਼ਹੀਦ ਹੋ ਗਿਆ ਸੀ। ਕੁਲਦੀਪ ਸਿੰਘ ਠੱਠਲ ਵੀ ਸ਼ਹੀਦ ਹੋ ਚੁੱਕਾ ਹੈ।

ਪੁਲਸ ਵਲੋਂ ਜਾਰੀ ਕੀਤੇ ਗਏ ਬਿਆਨ ਵਿਚ ਆਖਿਆ, "ਵਾਰਸ ਤੇ ਕੁਲਦੀਪ ਸਿੰਘ ਨੇ ਉਸ ਨੂੰ ਡਿਊਟੀ ਲਾਈ ਸੀ ਕਿ ਹਰਿਆਣਾ 'ਚ ਖਾੜਕੂਆਂ ਲਈ ਰੁਕਣ ਟਿਕਾਣਿਆਂ ਲਈ ਭਾਲ ਕੀਤੀ ਜਾਵੇ। ਇਸੇ ਦੌਰਾਨ ਨਿਰਵੈਰ ਸਿੰਘ ਨੇ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਬੇਗ ਨਾਲ ਮੁਲਾਕਾਤ ਕੀਤੀ। ਜਨਰਲ ਨੇ ਉਸ ਨੂੰ ਰਾਕਟ ਦੇਣ ਦਾ ਵਾਅਦਾ ਕੀਤਾ ਜਿਹੜਾ ਨਾਲ ਪੰਜਾਬ ਤੇ ਹਰਿਆਣੇ ਵਿਚ ਲੋਕਾਂ ਦੇ ਹਵਾਈ ਅੱਡਿਆਂ ਨੂੰ ਵਿਸ਼ੇਸ਼ ਤੌਰ ਤੇ ਨਿਸ਼ਾਨਾ ਬਣਾਉਣ ਤੋਂ ਇਲਾਵਾ ਤੇਲ ਤੇ ਬਿਜਲੀ ਭੰਡਾਰਾਂ ਨੂੰ ਉਡਾਇਆ ਜਾਣਾ ਸੀ। ਪਰ ਰਾਕਟ ਨਾ ਮਿਲਣ ਕਰਕੇ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਰਾਕਟਾਂ ਦੀ ਵਰਤੋਂ ਜਸਵਿੰਦਰ ਸਿੰਘ ਤੇ ਨਿਹਾਲ ਸਿੰਘ ਨੇ ਕਰਨੀ ਸੀ।

ਪੁਲਸ ਅਨੁਸਾਰ ਹਰਿਆਣਾ 'ਚ ਭਿੰਡਰਾਂਵਾਲਾ ਟਾਈਗਰ ਫੋਰਸ ਦੇ ਕੰਮਕਾਰ ਦੀ ਦੇਖ ਭਾਲ ਦਾ ਕੰਮ ਨਿਰਵੈਰ ਸਿੰਘ ਨੇ ਸਤਨਾਮਜੀਤ ਕੌਰ ਨਾਂ ਦੀ ਲੜਕੀ ਦੇ ਸਪੁਰਦ ਕਰ ਰੱਖਿਆ ਸੀ। ਜਸਵਿੰਦਰ ਸਿੰਘ ਨੂੰ ਆਖਿਆ ਗਿਆ ਸੀ ਕਿ ਸਤਨਾਮਜੀਤ ਕੌਰ ਦਾ ਵਿਆਹ ਹਰਿਆਣੇ ਦੇ ਇਲਾਕੇ ਵਿਚ ਕਰਵਾ ਦੇਵੇ ਤਾਂ ਕਿ ਖਾੜਕੂਆਂ ਲਈ ਰੁਕਣ ਅੱਡੇ ਦਾ ਪ੍ਰਬੰਧ ਹੋ ਸਕੇ।

ਪੁਲਸ ਅਨੁਸਾਰ ਜਸਵਿੰਦਰ ਸਿੰਘ ਨੇ ਇਹ ਵੀ ਮੰਨਿਆ ਕਿ ਪੰਜ ਸਾਲ ਪਹਿਲਾਂ ਅੰਬਾਲਾ ਜੇਲ੍ਹ 'ਚ ਬੰਦ ਜਨਰਲ ਲਾਭ ਸਿੰਘ ਨਾਲ ਵੀ ਉਸ ਦੀ ਮੁਲਾਕਾਤ ਹੋਈ ਸੀ। ਜਸਵਿੰਦਰ ਸਿੰਘ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਪਾਸੋਂ ਅੰਮ੍ਰਿਤ ਛਕਿਆ ਹੋਇਆ ਹੈ। ਪੁਲਸ ਨੇ ਉਸ ਨੂੰ ਪੰਜ ਮਈ ਵਾਲੇ ਦਿਨ ਅਦਾਲਤ 'ਚ ਪੇਸ਼ ਕਰਕੇ 18 ਮਈ ਤੱਕ ਰਿਮਾਂਡ ਲੈ ਲਿਆ।

ਕਰਨਾਲ ਪੁਲਸ ਨੇ ਯੂ.ਪੀ. ਤੇ ਹਰਿਆਣਾ ਬਾਰਡਰ ਤੋਂ ਸਤਵਿੰਦਰ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਹੈ ਜੋ ਅੰਮ੍ਰਿਤਸਰ ਦੇ ਅਮਰਕੋਟ ਪਿੰਡ ਦਾ ਰਹਿਣ ਵਾਲਾ ਹੈ। ਪੁਲਸ ਅਨੁਸਾਰ ਸ਼ਾਹ ਨੇ ਪਾਨੀਪਤ ਤੇ ਸਮਾਣਾ ਨਗਰ 'ਚ ਦੰਗੇ ਪੈਸਾ ਤੇ ਕਤਲੇਆਮ ਦੀ ਯੋਜਨਾ ਬਣਾਈ ਸੀ। ਪੁਲਸ ਨੇ ਉਸਦਾ 31 ਮਈ ਤੱਕ ਰਿਮਾਂਡ ਹਾਸਲ ਕਰ ਲਿਆ।

ਦੀਦਾ ਪਿੰਡ ਵਿਚ ਗੋਲੀਆਂ ਨਾਲ 3 ਹਲਾਕ

ਮੋਗਾ — ਬਾਘਾਪੁਰਾਣਾ ਥਾਣੇ ਦੇ ਪਿੰਡ ਦੀਦਾ ਵਿਖੇ ਅਣਪਛਾਤੇ ਬੰਦਿਆਂ ਨੇ ਗੁਰਦੇਵ ਸਿੰਘ ਉਸਦੇ ਲੜਕੇ ਅਤੇ ਚੌਕੀਦਾਰ ਬਾਬਾ ਸਿੰਘ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿਤਾ। ਇਸ ਵਾਰਦਾਤ ਵਿਚ ਬਾਬਾ ਸਿੰਘ ਚੌਕੀਦਾਰ ਦਾ ਲੜਕਾ ਕੁਲਵਿੰਦਰ ਸਿੰਘ ਜ਼ਖਮੀ ਹੋ ਗਿਆ। ਫਰੀਦਕੋਟ ਦੇ ਸੀਨੀਅਰ ਪੁਲਸ ਕਪਤਾਨ ਮਿ. ਸਤੀਸ਼ ਕੁਮਾਰ ਸ਼ਰਮਾ ਅਨੁਸਾਰ ਇਹ ਕਤਲ ਕਿਸੇ ਦੁਸ਼ਮਣੀ ਦਾ ਸਿੱਟਾ ਹਨ। ਦੋਵਾਂ ਧਿਰਾਂ ਦਾ ਆਪਸ ਵਿਚ ਜ਼ਮੀਨ ਸਬੰਧੀ ਕੋਈ ਝਗੜਾ ਸੀ।

ਖਾੜਕੂ ਅਵਤਾਰ ਸਿੰਘ ਤੇ ਸੋਹਣ ਸਿੰਘ ਮੁਕਾਬਲੇ 'ਚ ਹਲਾਕ

ਜਲੰਧਰ — ਇਸ ਜ਼ਿਲੇ ਦੇ ਵੀਰ ਪਿੰਡ ਨੇੜੇ ਅਵਤਾਰ ਸਿੰਘ ਅਤੇ ਸੋਹਣ ਸਿੰਘ ਨਾਂ ਦੇ ਦੋ ਲੋੜੀਂਦੇ ਦਹਿਸ਼ਤਪਸੰਦ ਇਕ ਪੁਲਸ ਮੁਕਾਬਲੇ ਵਿਚ ਹਲਾਕ ਹੋ ਗਏ। ਜਿਹਨਾਂ ਦੇ ਸਿਰਾਂ ਦਾ ਇਨਾਮ 30-30 ਹਜ਼ਾਰ ਰੁਪਏ ਸਰਕਾਰ ਨੇ ਰੱਖਿਆ ਹੋਇਆ ਸੀ। ਇਹ ਦੋਵੇਂ ਖਾਲਿਸਤਾਨ ਕਮਾਂਡੋ ਫੋਰਸ ਦੇ ਗੁਰਜੰਟ ਸਿੰਘ ਰਾਜਸਥਾਨੀ ਦੀ ਅਗਵਾਈ ਵਾਲੇ ਗਰੁੱਪ ਨਾਲ ਸਬੰਧਤ ਸਨ। ਪੁਲਸ ਨੇ ਦੱਸਿਆ ਹੈ ਕਿ ਅਵਤਾਰ ਸਿੰਘ ਉਰਫ ਤਾਰਾ ਪਿੰਡ ਬੀੜ, ਥਾਣਾ ਨਕੋਦਰ ਅਤੇ ਸੋਹਣ ਸਿੰਘ ਉਰਫ ਘਿਲਾ ਪਿੰਡ ਬੋਲਾਂ ਥਾਣਾ ਫਿਲੌਰ ਦਾ ਵਾਸੀ ਸੀ। ਹੋਰ ਵੇਰਵਿਆਂ ਅਨੁਸਾਰ ਇਹ ਦੋਵੇਂ ਪਿੰਡ ਧੰਧ ਔਜਲ ਨੇੜੇ ਮੁਕਾਬਲੇ ਵਿਚ ਮਾਰੇ ਗਏ।

ਬੱਸ ਹਾਦਸੇ 'ਚ 20 ਮੁਸਾਫਰ ਹਲਾਕ 30 ਸਵਾਰੀਆਂ ਝੁਲਸੀਆਂ

ਫਿਰੋਜ਼ਪੁਰ — ਗੰਗਾਨਗਰ ਤੋਂ ਪਠਾਨਕੋਟ ਜਾ ਰਹੀ ਪੰਜਾਬ ਰੋਡਵੇਜ਼ ਦੀ ਬੱਸ 10 ਫੁੱਟ ਡੂੰਘੀ ਖੱਡ ਵਿਚ ਡਿੱਗ ਪਈ ਅਤੇ 50 ਸਵਾਰੀਆਂ ਅੱਗ ਨਾਲ ਝੁਲਸ ਗਈਆਂ ।

[illegible]

ਗਲਾਸਗੋ ਵਿਚ ਰੇਸ ਰੀਲੇਸ਼ਨਜ਼ ਐਡਵਾਈਜ਼ਰੀ ਗਰੁੱਪ ਦੀ ਮੀਟਿੰਗ 'ਚ ਨਸਲੀ ਸਾਂਝ ਲਈ ਵਿਚਾਰਾਂ

ਗਲਾਸਗੋ — [illegible]

ਪੰਜਾਬ ਦੇ ਚੋਣ ਘੋਲ ਵਿਚ ਖਾੜਕੂ ਜਥਿਆਂ ਦੇ ਉਮੀਦਵਾਰ ਵੀ ਕੁੱਦਣਗੇ

ਅੰਮ੍ਰਿਤਸਰ — [illegible]

ਕਰੋੜ ਰੁਪੈ ਦੀ ਲਾਗਤ ਨਾਲ ਹਰਿਮੰਦਰ ਸਾਹਿਬ ਤੇ ਫਿਲਮ ਬਣੇਗੀ ਜਿਸ ਦਾ ਨਾਂ 'ਡਾਇਨ ਟੂ ਡਸਕ' ਹੋਵੇਗਾ

ਪਟਿਆਲਾ — [illegible]

ਬੱਚੇ ਦੀ ਬਲੀ ਦੇਣ ਵਾਲੀ ਗੁਰਦੇਵ ਕੌਰ ਨੂੰ ਫਾਂਸੀ ਦੀ ਸਜ਼ਾ

[illegible]

7 ਜੀਆਂ ਦੇ ਕਤਲ ਦਾ ਬਦਲਾ ਲੈਣ ਲਈ

ਪ੍ਰਸਿੰਨੀ ਚਾਰ ਨੂੰਹ-ਪੁੱਤਰਾਂ ਤੇ ਪੋਤਰੀ ਸਮੇਤ ਹਲਾਕ

ਵਾਰਦਾਤ ਪਿਛੋਂ, ਹਮਲਾਵਰ ਟੱਬਰ ਪਿੰਡ 'ਚੋਂ ਫਰਾਰ

ਅੰਮ੍ਰਿਤਸਰ — ਚਾਰ ਅਣਪਛਾਤੇ ਹਥਿਆਰਬੰਦ ਬੰਦਿਆਂ ਨੇ ਤਿੰਨ ਮਈ ਰਾਤ ਵੇਲੇ ਪੁਲਸ ਜ਼ਿਲਾ ਤਰਨਤਾਰਨ ਦੇ ਥਾਣਾ ਹਰੀਕੇ ਦੇ ਪਿੰਡ ਕਰਮੂੰਵਾਲ ਵਿਚ ਇਕ ਔਰਤ ਪ੍ਰਸਿੰਨੀ ਦੇ ਘਰ ਅੰਦਰ ਦਾਖਲ ਹੋ ਕੇ 6 ਬੰਦਿਆਂ ਨੂੰ ਹਲਾਕ ਕਰ ਦਿੱਤਾ ।

ਪੁਲਸ ਵਲੋਂ ਜਾਰੀ ਬਿਆਨ ਮੁਤਾਬਿਕ ਹਮਲਾਵਰਾਂ ਨੇ ਪ੍ਰਸਿੰਨ ਕੌਰ ਦੇ ਘਰ ਅੰਦਰ ਦਾਖਲ ਹੋ ਕੇ ਲਗਾਤਾਰ ਫਾਇਰਿੰਗ ਕੀਤੀ ਤੇ ਉਸ ਨੂੰ ਅਤੇ ਉਸ ਦੇ ਦੋ ਪੁੱਤਰਾਂ, ਦੋ ਨੂੰਹਾਂ ਤੇ ਇਕ ਪੋਤੀ ਨੂੰ ਮੌਕੇ ਤੇ ਹੀ ਹਲਾਕ ਕਰ ਦਿੱਤਾ। ਪ੍ਰਸਿੰਨ ਕੌਰ ਦੇ ਮਾਰੇ ਗਏ ਪੁੱਤਰਾਂ ਦੇ ਨਾਂ [illegible] ਸਿੰਘ ਤੇ ਜੋਗਿੰਦਰ ਸਿੰਘ, ਮਾਰੀਆਂ ਗਈਆਂ ਨੂੰਹਾਂ ਦੇ ਨਾਮ ਅਮਰਜੀਤ ਕੌਰ ਤੇ ਬੀਰੋ ਅਤੇ ਪੋਤੀ ਦਾ ਨਾਂ ਸ਼ਿੰਦੋ ਸੀ। ਦੱਸਿਆ ਹੈ ਕਿ ਹਮਲਾਵਰਾਂ ਨੇ ਪ੍ਰਸਿੰਨ ਕੌਰ ਦੇ ਘਰ ਵਿਚ ਦਾਖਲ ਹੋਣ ਉਪਰੰਤ ਪਹਿਲਾਂ ਘਰ ਦੇ ਸਾਰੇ ਜੀਆਂ ਨੂੰ ਸੁੱਤੇ ਪਿਆਂ ਨੂੰ ਉਠਾਇਆ ਅਤੇ ਫਿਰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। [illegible] ਜ਼ਿਲਾ ਪੁਲਸ ਮੁਖੀ ਤਰਨਤਾਰਨ ਸੰਜੀਵ ਗੁਪਤਾ ਨੇ ਦਾਅਵਾ ਕੀਤਾ ਹੈ ਕਿ ਇਸ ਘਟਨਾ ਨਾਲ ਦਹਿਸ਼ਤਪਸੰਦਾਂ ਦਾ ਕੋਈ ਸਬੰਧ ਨਹੀਂ। ਉਹਨਾਂ ਕਿਹਾ ਕਿ ਪਹਿਲਾਂ ਇਹ ਸਮਝਿਆ ਗਿਆ ਸੀ ਕਿ ਉਕਤ ਪ੍ਰਵਾਰ ਨੂੰ ਕਥਿਤ ਦਹਿਸ਼ਤਪਸੰਦਾਂ ਨੇ ਖਤਮ ਕੀਤਾ ਪਰ ਮਗਰੋਂ ਜਾਂਚ ਕਰਨ ਤੇ ਪਤਾ ਲੱਗਾ ਕਿ ਇਹ ਮਾਮਲਾ ਹੋਰ ਹੈ।

ਸੰਜੀਵ ਗੁਪਤਾ ਨੇ ਕਿਹਾ ਕਿ ਸੰਦੇਹ ਹੈ ਕਿ ਇਹ ਕਾਰਵਾਈ ਉਸੇ ਪਿੰਡ ਦੇ ਇਕ ਵਿਅਕਤੀ ਅਨੋਖ ਸਿੰਘ ਦੇ ਪਰਵਾਰ ਦੇ ਜੀਆਂ ਵਲੋਂ 'ਬਦਲਾ ਲੈਣ ਲਈ' ਕੀਤੀ ਗਈ। ਅਨੋਖ ਸਿੰਘ ਦੇ ਪ੍ਰਵਾਰ ਦੇ 7 ਜੀਅ ਵੀ ਇਸੇ ਹੀ ਤਰਾਂ ਪਿਛਲੇ ਸਾਲ ਸਤੰਬਰ ਮਹੀਨੇ ਵਿਚ ਮਾਰੇ ਗਏ ਸਨ, ਜਿਹਨਾਂ ਵਿਚ ਬਿਆਹਤਾ ਜਨਾਨੀਆਂ ਸਨ। ਗੁਪਤਾ ਨੇ ਕਿਹਾ ਕਿ ਇਸ ਵਾਰਦਾਤ ਵਿਚ 12 ਬੋਰ ਦੀ ਬੰਦੂਕ ਅਤੇ 315 ਬੋਰ ਦੀ ਰਾਈਫਲ ਦੀ ਵਰਤੋਂ ਕੀਤੀ ਗਈ। ਗੁਪਤਾ ਨੇ ਕਿਹਾ ਕਿ ਅਨੋਖ ਸਿੰਘ ਅਤੇ ਉਸ ਦੇ 4 ਪੁੱਤਰਾਂ ਵਿਰੁਧ ਧਾਰਾ 302 ਆਈ.ਪੀ.ਸੀ. ਅਧੀਨ ਕਤਲਾਂ ਦਾ ਕੇਸ ਦਰਜ ਕਰ ਲਿਆ ਗਿਆ ਹੈ।

ਦੱਸਿਆ ਗਿਆ ਹੈ ਕਿ ਉਕਤ ਸਾਰੇ ਫਰਾਰ ਹਨ। ਗੁਪਤਾ ਨੇ ਕਿਹਾ ਕਿ ਪਿੰਡ ਵਿਚ ਜਾਣ ਤੇ ਪਤਾ ਲੱਗਾ ਕਿ ਅਨੋਖ ਸਿੰਘ ਦੇ ਘਰ ਨੂੰ ਜਿੰਦਰਾ ਲੱਗਾ ਹੋਇਆ ਸੀ। ਗੁਪਤਾ ਨੇ ਇਹ ਵੀ ਦਾਅਵਾ ਕੀਤਾ ਕਿ ਅਨੋਖ ਸਿੰਘ ਅਤੇ ਉਸ ਦੇ 4 ਪੁੱਤਰਾਂ ਦਾ ਕੋਈ ਦਹਿਸ਼ਤਪਸੰਦਾਨਾ ਪਿਛੋਕੜ ਨਹੀਂ ਸੀ। ਉਸ ਦਾ ਇਕ ਪੁੱਤਰ, ਜਿਸ ਦਾ ਦਹਿਸ਼ਤਪਸੰਦਾਂ ਨਾਲ ਸਬੰਧ ਸੀ, ਪਿਛਲੇ ਸਾਲ ਕਥਿਤ ਦਹਿਸ਼ਤਪਸੰਦੀਆਂ ਦੀ ਆਪਸੀ ਜਥੇਬੰਦਕ ਲੜਾਈ ਵਿਚ ਮਾਰਿਆ ਗਿਆ ਸੀ।

ਸਪੀਕਰ ਬਲਰਾਮ ਜਾਖੜ ਚਾਰਾ ਮਸ਼ੀਨ ਸਕੈਂਡਲ 'ਚ ਲਪੇਟਿਆ ਗਿਆ

ਨਵੀਂ ਦਿੱਲੀ — ਲੋਕ ਸਭਾ 'ਚ ਵਿਰੋਧੀ ਧਿਰ ਦੇ 10 ਮੈਂਬਰਾਂ ਨੇ ਸਪੀਕਰ ਬਲਰਾਮ ਜਾਖੜ ਨੂੰ ਇਕ ਪੱਤਰ ਲਿਖ ਕੇ ਚਾਰੇ ਦੀਆਂ ਮਸ਼ੀਨਾਂ ਵਿਦੇਸ਼ਾਂ ਤੋਂ ਮੰਗਵਾਉਣ ਦੇ ਸਕੈਂਡਲ ਵਿਚ ਉਹਨਾਂ ਦੀ ਸ਼ਮੂਲੀਅਤ ਬਾਰੇ ਸਪਸ਼ਟੀਕਰਣ ਦੇਣ ਲਈ ਜ਼ੋਰ ਪਾਇਆ।

ਵਿਰੋਧੀ ਧਿਰ ਦੇ ਮੈਂਬਰਾਂ ਨੇ ਲਿਖਿਆ ਹੈ ਕਿ ਸਪੀਕਰ ਨੂੰ ਪਾਰਲੀਮੈਂਟ ਲਈ ਇਹ ਸਾਰੀ ਹਾਲਤ ਸਪਸ਼ਟ ਕਰਨੀ ਚਾਹੀਦੀ ਹੈ ਕਿ ਪਾਰਲੀਮੈਂਟ [illegible] ਪੂਰਾ ਵਿਸ਼ਵਾਸ ਹੋ ਸਕੇ। ਪੱਤਰ ਵਿਚ ਇਕ ਰਿਪੋਰਟ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਵਿਚ ਦੋਸ਼ ਲਾਇਆ ਗਿਆ ਹੈ ਕਿ ਚਾਰਾ ਤਿਆਰ ਕਰਨ ਵਾਲੀਆਂ 16 ਮਸ਼ੀਨਾਂ ਵਿਦੇਸ਼ਾਂ ਤੋਂ ਮੰਗਵਾਉਣ ਵਿਚ [illegible] 3.6 ਕਰੋੜ ਰੁਪਏ ਦਾ ਕਮਿਸ਼ਨ ਲਾ ਦਿੱਤਾ ਅਤੇ 32 ਲੱਖ ਅਮਰੀਕੀ ਡਾਲਰਾਂ ਦੇ ਕਮਿਸ਼ਨ ਦੇਣ ਦੀ ਵਿਦੇਸ਼ੀ ਮੁਦਰਾ ਦੀ ਹੇਰਾਫੇਰੀ 'ਚ ਉਹ ਵੀ ਸ਼ਾਮਿਲ ਸਨ।

ਰਿਪੋਰਟ ਅਨੁਸਾਰ ਇਹ ਮਸ਼ੀਨ ਸਪੀਕਰ ਬਲਰਾਮ ਜਾਖੜ ਦੇ ਜ਼ਿਲ੍ਹੇ ਲਗਾਈ ਗਈ ਹੈ। ਬਲਰਾਮ ਜਾਖੜ ਨੇ ਲੋਕ ਸਭਾ ਦੇ ਅੰਦਰ ਅਤੇ ਉਸ [illegible] ਚਿੱਠੀਆਂ ਲਿਖ ਕੇ ਰਾਜਾਂ ਦੇ ਮੁਖ ਮੰਤਰੀਆਂ ਨੂੰ ਮਸ਼ੀਨ ਖਰੀਦਣ ਲਈ ਸਿਫਾਰਸ਼ ਕੀਤੀ।

ਪੱਤਰ ਵਿਚ ਲਿਖਿਆ ਗਿਆ ਹੈ ਕਿ ਪਿਛਲੇ ਸਮੇਂ ਵਿਚ ਦੇਸ਼ ਦੀ ਆਜ਼ਾਦੀ ਮਿਲਣ ਮਗਰੋਂ ਲੋਕ ਸਭਾ ਦੇ ਸਪੀਕਰ ਉਪਰ ਅਜਿਹੇ ਗੰਭੀਰ ਦੋਸ਼ ਲੱਗੇ ਹਨ। ਵਿਰੋਧੀ ਮੈਂਬਰਾਂ ਨੇ ਸਪੀਕਰ ਨਾਲ ਮੀਟਿੰਗ ਕਰਨੀ ਵੀ ਤਹਿ ਕਰ ਦਿੱਤਾ ਹੈ ਕਿ ਉਹ ਦੇਸ਼ ਅਤੇ ਪਾਰਲੀਮੈਂਟ ਨੂੰ ਭਰੋਸੇ ਵਿਚ ਲੈਣ ਅਤੇ ਸਾਰਾ ਮਾਮਲਾ ਸਪਸ਼ਟ ਕਰਨ।

ਪੰਜਾਬ ਵਿਚ ਖਾੜਕੂਆਂ ਦੇ 6 ਵੱਡੇ ਗਰੁੱਪ ਹਾਲਾਂ ਵੀ ਸਰਗਰਮ ਹਨ

ਚੰਡੀਗੜ੍ਹ — ਪੰਜਾਬ ਦੇ ਉਚ ਪੱਧਰ ਉਤੇ ਸੁਰੱਖਿਆ ਦਲਾਂ ਦੇ ਪਹਿਰੇ ਹੇਠ ਅਤੇ ਪੁਲਸ ਦਲ ਕੀਤੇ ਜਾ ਰਹੇ ਅਨੇਕਾਂ ਦਾਅਵਿਆਂ ਦੇ ਬਾਵਜੂਦ ਵੀ ਪੰਜਾਬ 'ਚ ਖਾੜਕੂਆਂ ਦੇ 6 ਵੱਡੇ ਤੇ 5 ਛੋਟੇ ਗਰੁੱਪ ਹਾਲਾਂ ਵੀ ਪੂਰੀ ਤਰ੍ਹਾਂ ਸਰਗਰਮ ਹਨ।

ਖਾਲਿਸਤਾਨ ਕਮਾਂਡੋ ਫੋਰਸ ਅਤੇ ਭਿੰਡਰਾਂਵਾਲਾ ਟਾਈਗਰਸ ਫੋਰਸ ਵਿਚ ਕ੍ਰਮਵਾਰ 28 ਅਤੇ 13 ਗਰੁੱਪ ਕਾਰਜਸ਼ੀਲ ਹਨ ਜਦਕਿ ਬੱਬਰ ਖਾਲਸਾ, ਖਾਲਿਸਤਾਨ ਲਿਬਰੇਸ਼ਨ ਆਰਗਨਾਈਜ਼ੇਸ਼ਨ ਵਿਚ ਕ੍ਰਮਵਾਰ 10, 7 ਅਤੇ 5 ਗਰੁੱਪ ਸਰਗਰਮ ਹਨ। ਇਸ ਤੋਂ ਇਲਾਵਾ ਦੂਸਰਾ [illegible] ਫੋਰਸ ਆਫ ਖਾਲਿਸਤਾਨ ਵੀ ਸਰਗਰਮ ਹੈ।

ਇਹ ਗਰੁੱਪ ਅੰਮ੍ਰਿਤਸਰ, ਫਿਰੋਜ਼ਪੁਰ ਤੇ ਗੁਰਦਾਸਪੁਰ ਜ਼ਿਲਿਆਂ ਵਿਚ ਅਤੇ ਕਪੂਰਥਲਾ, ਹੁਸ਼ਿਆਰਪੁਰ, ਜਲੰਧਰ, ਪਟਿਆਲਾ, ਫਰੀਦਕੋਟ ਅਤੇ ਬਠਿੰਡਾ ਜ਼ਿਲਿਆਂ ਦੇ ਕੁਝ ਭਾਗਾਂ ਵਿਚ ਸਰਗਰਮ ਹਨ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਉਥੇ ਦੇ ਕਈ ਦਹਿਸ਼ਤਗਰਦ ਸੁਰੱਖਿਆ ਦਲਾਂ ਦੀਆਂ ਸਖਤ ਕਾਰਵਾਈਆਂ ਤੋਂ ਮੁਕਾਬਲਾ ਲਈ ਜਾਣੂ ਹਨ। ਪਿਛਲੇ ਇਕ ਮਹੀਨੇ ਵਿਚ ਸੁਰੱਖਿਆ ਦਲਾਂ ਨਾਲ ਹੋਏ ਮੁਕਾਬਲਿਆਂ ਵਿਚ 40 ਦੇ ਕਰੀਬ ਉਘੇ ਖਾੜਕੂ ਮਾਰੇ ਗਏ ਹਨ ਅਤੇ ਕੁਝ ਗ੍ਰਿਫਤਾਰ ਕਰ ਲਏ ਗਏ ਹਨ।

ਹਾਲਾਂ ਤਾਈਂ ਜਿਹਨਾਂ ਖਾੜਕੂ ਗਰੁੱਪਾਂ ਦੇ ਨਿਰਦੇਸ਼ਕ ਅਤੇ ਉਪ ਪੁਲਸ ਦੇ ਹੱਥ ਨਹੀਂ ਆ ਸਕੇ ਉਹਨਾਂ ਵਿਚ ਬੱਬਰ ਖਾਲਸਾ ਦੇ ਸੁਖਦੇਵ ਸਿੰਘ ਮਾਨੋਚਾਹਲ, ਖਾਲਿਸਤਾਨ ਕਮਾਂਡੋ ਫੋਰਸ ਦੇ ਵਸਣ ਸਿੰਘ ਜਫਰਵਾਲ ਤੇ ਗੁਰਜੰਟ ਸਿੰਘ ਰਾਜਸਥਾਨੀ ਸ਼ਾਮਲ ਹਨ। ਬਾਕੀਆਂ ਵਿਚ ਕਮਲਜੀਤ ਸਿੰਘ, ਸੁਖਦੇਵ ਸਿੰਘ ਉਰਫ ਸੁੱਖਾ, ਅਵਿੰਦਰ ਸਿੰਘ, ਚਰਨਜੀਤ ਸਿੰਘ, ਸਤੀਸ਼ ਸਿੰਘ, ਬੋਹੜ ਸਿੰਘ ਉਰਫ ਫੌਜੀ, ਮੰਗਲ ਸਿੰਘ, ਹਰਭਜਨ ਸਿੰਘ, ਕਸ਼ਮੀਰ ਸਿੰਘ, ਮਲਕੀਤ ਸਿੰਘ, ਸੁਖਦੇਵ ਸਿੰਘ ਬੱਬਰ, ਕੰਵਲਜੀਤ ਸਿੰਘ ਉਰਫ ਵਾਹਿਗੁਰੂ, ਸਰਬਜੀਤ ਸਿੰਘ, ਤਰਸੇਮ ਸਿੰਘ, ਨਵਪ੍ਰੀਤ ਸਿੰਘ, ਅਵਤਾਰ ਸਿੰਘ, ਗੁਰਨਾਮ ਸਿੰਘ, ਸਤਨਾਮ ਸਿੰਘ ਸੱਤਾ ਅਤੇ ਦਲਬੀਰ ਸਿੰਘ ਸ਼ਾਮਲ ਹਨ।

ਇਕੋ ਪ੍ਰਵਾਰ ਦੇ ਤਿੰਨ ਮੈਂਬਰ ਹਲਾਕ

ਤਰਨਤਾਰਨ — ਪੁਲਸ ਜ਼ਿਲਾ ਤਰਨਤਾਰਨ ਦੇ ਪਿੰਡ ਮਾੜੀਮੇਘ ਸਿੰਘ ਵਿਚ ਬਦਨ ਸਿੰਘ ਨਾਂ ਦੇ ਇਕ ਵਿਅਕਤੀ ਦੀ ਕਥਿਤ ਵਿਚ ਦਾਖਲ ਹੋ ਕੇ ਉਸ ਨੂੰ, ਉਸ ਦੀ ਪਤਨੀ ਦਲਜੀਤ ਕੌਰ ਅਤੇ ਪੁੱਤਰ ਬਲਦੇਵ ਸਿੰਘ ਨੂੰ ਹਾਰ ਕੇ ਕਤਲ ਕਰ ਦਿੱਤਾ। ਪੁਲਸ ਨੂੰ ਮੌਕੇ ਤੋਂ ਏ ਕੇ 47 ਦੇ 28 ਚੱਲੇ ਹੋਏ ਕਾਰਤੂਸ ਬਰਾਮਦ ਹੋਏ।

ਘਰੋਂ ਚੁੱਕ ਕੇ ਰੇਸ਼ਮ ਸਿੰਘ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ

ਫਿਰੋਜ਼ਪੁਰ — ਥਾਣਾ ਜ਼ੀਰਾ ਦੇ ਪਿੰਡ ਸ਼ੇਰਾਂਵਾਲਾ ਵਿਚ ਦੋ ਅਣਪਛਾਤੇ ਹਥਿਆਰਬੰਦ ਬੰਦਿਆਂ ਨੇ ਰੇਸ਼ਮ ਸਿੰਘ ਨਾਂ ਦੇ ਇਕ ਨੌਜਵਾਨ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ।

ਪੁਲਸ ਅਨੁਸਾਰ ਹਮਲਾਵਰ 4 ਮਈ ਨੂੰ ਤੜਕਸਾਰ ਰੇਸ਼ਮ ਸਿੰਘ ਦੇ ਕੋਠੇ ਉਪਰ ਗਏ ਤੇ ਉਸ ਨੂੰ ਆਵਾਜ਼ ਮਾਰ ਕੇ ਘਰੋਂ ਬਾਹਰ ਬੁਲਾਇਆ ਤੇ ਆਪਣੇ ਨਾਲ ਲੈ ਤੁਰੇ। ਜੇ ਕਸ ਦੇ ਰਸਤੇ ਤੇ ਜਾ ਕੇ ਉਹਨਾਂ ਰੇਸ਼ਮ ਸਿੰਘ ਨੂੰ ਅਚਾਨਕ ਗੋਲੀਆਂ ਮਾਰ ਦਿੱਤੀਆਂ ਤੇ ਫਰਾਰ ਹੋ ਗਏ। ਗੋਲੀਆਂ ਦੀ ਆਵਾਜ਼ ਸੁਣ ਕੇ ਉਸ ਦੇ ਘਰ ਵਾਲੇ ਬਾਹਰ ਆਏ ਤਾਂ ਵੇਖਿਆ ਕਿ ਰੇਸ਼ਮ ਸਿੰਘ ਖੂਨ 'ਚ ਲੱਥਪੱਥ ਹਲਾਕ ਹੋਇਆ ਪਿਆ ਹੈ। ਪੁਲਸ ਨੇ ਕੇਸ ਦਰਜ ਕਰ ਲਿਆ।

ਐਸ.ਡੀ.ਐਮ. ਸਰਕਾਰੀ ਗੁੰਡਿਆਂ ਹੱਥੋਂ ਕਤਲ

ਮੋਗਾ — ਜ਼ੀਰਾ ਦੇ ਐਸ.ਡੀ.ਐਮ. ਮਹਿਤਾਬ ਸਿੰਘ ਨੂੰ ਕਤਲ ਕਰਨ ਸਬੰਧੀ ਖਾਲਿਸਤਾਨ ਕਮਾਂਡੋ ਫੋਰਸ ਨੇ ਸਪਸ਼ਟ ਕੀਤਾ ਹੈ ਕਿ ਮਹਿਤਾਬ ਸਿੰਘ ਦਾ ਕਤਲ ਸਰਕਾਰੀ ਗੁੰਡਿਆਂ ਦੀ ਕਾਰਵਾਈ ਹੈ। ਖਾੜਕੂਆਂ ਦੀ ਮਹਿਤਾਬ ਸਿੰਘ ਨਾਲ ਕੋਈ ਦੁਸ਼ਮਣੀ ਨਹੀਂ ਸੀ।

ਪੁਲਸੀਏ ਬਰਖਾਸਤ

ਅੰਮ੍ਰਿਤਸਰ — ਮਜੀਠਾ ਪੁਲਸ ਜ਼ਿਲੇ ਦੇ 4 ਵਿਸ਼ੇਸ਼ ਪੁਲਸ ਅਫਸਰਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਪੁਲਸ ਬੁਲਾਰੇ ਨੇ ਦੱਸਿਆ ਕਿ ਇਹ ਕਾਰਵਾਈ ਤਾਂ ਕੀਤੀ ਗਈ ਕਿਉਂਕਿ ਇਹਨਾਂ ਪੁਲਸ ਅਧਿਕਾਰੀਆਂ ਵਿਰੁਧ ਲੋਕਾਂ ਵਲੋਂ ਬਹੁਤ ਸ਼ਿਕਾਇਤਾਂ ਕੀਤੀਆਂ ਗਈਆਂ ਸਨ। ਇਹ ਅਫਸਰ ਲੋਕਾਂ ਉਤੇ ਅੰਨ੍ਹਾ ਤਸ਼ੱਦਦ ਕਰਦੇ ਸਨ ਅਤੇ ਰਿਸ਼ਵਤਖੋਰੀ ਕਰਦੇ ਸਨ।

5 ਫੜੇ ਤੇ 2800 ਰੁਪੇ ਲੁੱਟੇ

ਫਰੀਦਕੋਟ — ਸੁਰੱਖਿਆ ਦਲਾਂ ਨੇ ਇਸ ਜ਼ਿਲੇ ਵਿਚ ਤਿੰਨ, ਸੰਗਰੂਰ ਤੇ ਫਿਰੋਜ਼ਪੁਰ ਜ਼ਿਲਿਆਂ ਵਿਚ ਇਕ ਇਕ ਕੱਟੜ ਕਥਿਤ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਦੇ ਦੱਸਣ ਅਨੁਸਾਰ ਉਹਨਾਂ ਪਾਸੋਂ ਹਥਿਆਰ ਅਤੇ ਗੋਲੀ ਸਿੱਕਾ ਵੀ ਬਰਾਮਦ ਕੀਤਾ ਗਿਆ ਹੈ।

ਪੁਲੀ ਤੋਂ ਪ੍ਰਾਪਤ ਸੂਚਨਾ ਅਨੁਸਾਰ ਤੀਹ ਹੱਥਾ ਮੋਟਰ ਸਾਈਕਲ ਤੇ ਆਏ ਤਿੰਨ ਸਿੰਘ ਸ਼ੇਰ [illegible] ਨੇ ਪਿੰਡ ਆਲਮਪੁਰ ਵਿਚ ਜਸਵੰਤ ਸਿੰਘ 2800 ਰੁਪੇ 32 ਬੋਰ ਦਾ ਇਕ ਰਿਵਾਲਵਰ ਅਤੇ 25 ਕਾਰਤੂਸ ਲੈ ਗਏ।

ਦਰੱਖਤ ਨਾਲ ਲਟਕਦੀ ਲਾਸ਼ ਮਿਲੀ

ਬਠਿੰਡਾ — ਸਥਾਨਕ ਜ਼ਿਲਾ ਦੇ ਪਿੰਡ ਭਾਈ ਬਖਤੌਰ ਨੇੜੇ ਦਰੱਖਤ ਨਾਲ ਲਟਕਦੀ ਹੋਈ ਲਾਸ਼ ਪੁਲਸ ਨੇ ਬਰਾਮਦ ਕੀਤੀ। ਮਰਨ ਵਾਲੇ ਨੌਜਵਾਨ ਦਾ ਨਾਂ ਬਲਵਿੰਦਰ ਸਿੰਘ ਉਰਫ ਬਿੰਦਰ ਹੈ।

ਨ੍ਹਾਤੀ ਧੋਤੀ ਰਹਿ ਗਈ......

ਰਜਿਸਟਰਾਰ ਨੇ ਆਖਰੀ ਮੌਕੇ ਤੇ ਵਿਆਹ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ

ਲੰਡਨ — "ਨ੍ਹਾਤੀ ਧੋਤੀ ਰਹਿ ਗਈ, ਜਦ ਉਪਰ ਮੱਖੀ ਬਹਿ ਗਈ" ਦਾ ਅਖਾਣ ਉਸ ਵੇਲੇ ਸਚ ਹੋ ਨਿਬੜਿਆ ਜਦ ਇਥੋਂ ਦੇ ਰਜਿਸਟਰਾਰ ਨੇ ਇਕ ਪੰਜਾਬੀ ਜੋੜੇ ਦਾ ਵਿਆਹ ਰਜਿਸਟਰ ਕਰਨ ਤੋਂ ਐਨ ਆਖਰੀ ਮੌਕੇ ਤੇ ਜਵਾਬ ਦੇ ਦਿੱਤਾ।

ਖਬਰ ਅਨੁਸਾਰ 21 ਸਾਲਾ ਬਲਵਿੰਦਰ ਸਿੰਘ ਵਾਸੀ ਵੁਡਗਰੀਨ ਰੋਡ ਸਿਪਰੀ ਰੋਡ ਅਤੇ 21 ਸਾਲਾ ਸੋਨੀਆ ਕੌਰ ਵਾਸੀ ਗਲੈਂਡਨ ਸਟਰੀਟ ਆਫ ਕੈਥਰੀਨ ਸਟਰੀਟ ਦੀ ਸ਼ਾਦੀ ਮੈਰਿਜ ਸੈਂਟਰ ਸਵਾ ਦਸ ਵਜੇ ਹੋਣੀ ਸੀ। ਦੋਵੇਂ ਧਿਰਾਂ ਮਿਥੇ ਸਮੇਂ ਮੁਤਾਬਿਕ ਜਦ ਆਪਣੇ 50-60 ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਰਜਿਸਟਰਾਰ ਦੇ ਦਫਤਰ ਪੁੱਜੇ ਤਾਂ ਰਜਿਸਟਰਾਰ ਨੇ ਵਿਆਹ ਰਜਿਸਟਰ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ। ਉਸ ਦੀ ਦਲੀਲ ਸੀ ਕਿ ਵਿਆਹ ਸ਼ੁਰੂ ਕੀਤੇ ਜਾਣ ਪਿਛੋਂ ਤਿੰਨ ਹਫਤੇ ਦੀ ਮਿਆਦ ਜ਼ਰੂਰੀ ਹੈ ਇਹ ਮਿਆਦ ਖਤਮ ਹੋਣ ਪਿਛੋਂ ਹੀ ਵਿਆਹ ਰਜਿਸਟਰ ਹੋ ਸਕਦਾ ਹੈ।

ਇਸ ਅਣਗਹਿਲੀ ਲਈ ਰਜਿਸਟਰਾਰ ਅਤਿਨ ਜ਼ੁੰਮੇਵਾਰ ਹੈ ਕਿਉਂਕਿ ਵਿਆਹ ਦੀ ਤਾਰੀਖ ਉਸ ਵਲੋਂ ਨਿਸ਼ਚਿਤ ਕੀਤੀ ਗਈ ਸੀ ਦੋਹਾਂ ਧਿਰਾਂ ਨੂੰ ਆਪਣੇ ਰਿਸ਼ਤੇਦਾਰਾਂ ਤੇ ਸਕੇ ਸਬੰਧੀਆਂ ਤੋਂ ਸ਼ਰਮਸਾਰ ਹੋਣਾ ਪਿਆ ਹੈ। ਇਸ ਸਬੰਧੀ ਲਾੜਾ ਬਲਵਿੰਦਰ ਸਿੰਘ ਦੇ ਚਾਚੇ ਜਗਜੀਤ ਸਿੰਘ ਦਾ ਕਹਿਣਾ ਹੈ ਕਿ ਉਹ ਰਜਿਸਟਰਾਰ ਦੇ ਦਫਤਰ ਨੂੰ ਅਦਾਲਤ ਦੇ ਕਟਹਿਰੇ ਵਿਚ ਖੜਾ ਕਰੇਗਾ। ਉਸ ਦਾ ਕਹਿਣਾ ਹੈ ਕਿ ਵਿਆਹ ਦੇ ਮੌਕੇ ਤੇ ਉਸ ਨੇ ਆਪਣੀ ਫੈਕਟਰੀ ਬੰਦ ਕੀਤੀ ਤੇ ਇਕ ਹਜ਼ਾਰਾਂ ਪੌਂਡ ਦਾ ਨੁਕਸਾਨ ਹੋਇਆ। ਇਸ ਨੁਕਸਾਨ ਦੇ ਮੁਆਵਜ਼ੇ ਲਈ ਉਹ ਦਾਅਵਾ ਦਾਇਰ ਕਰੇਗਾ।

ਇਹ ਵਿਆਹ ਹੁਣ ਇਸ ਹਫਤੇ ਰਜਿਸਟਰ ਹੋਵੇਗਾ। ਪਰ ਅਨੁਮਾਨ ਹੈ ਕਿ ਇਸ ਮੌਕੇ ਤੇ ਰਿਸ਼ਤੇਦਾਰਾਂ ਦੀ ਗਿਣਤੀ ਘੱਟ ਹੋਵੇਗੀ।

ਲਾੜਾ ਬਲਵਿੰਦਰ ਸਿੰਘ

ਲਾੜੇ ਪੌੜੇ ਲਾਵੀ ਮਾੜੀ

ਗਰਮ ਲੋਹੇ ਨਾਲ ਆਪਣੀ ਧੀ ਦੀ ਪਿਠ ਦਾਗਣ ਵਾਲੇ ਵਹਿਸ਼ੀ ਬਾਪ ਨੂੰ ਸਿਰਫ 28 ਦਿਨ ਕੈਦ

ਲੈਸਟਰ — ਆਪਣੀ 6 ਸਾਲਾ ਬੱਚੀ ਦੀ ਪਿਠ ਨੂੰ ਤਿੰਨ ਵਾਰ ਗਰਮ ਲੋਹੇ ਨਾਲ ਦਾਗਣ ਵਾਲੇ ਵਹਿਸ਼ੀ ਏਸ਼ੀਅਨ ਬਾਪ ਨੂੰ ਸਿਰਫ 28 ਦਿਨ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ ਗਿਆ।

ਸਥਾਨਕ ਕਰਾਊਨ ਕੋਰਟ ਵਲੋਂ ਕੀਤੇ ਗਏ ਇਸ ਫੈਸਲੇ ਦੀ ਹਰ ਪਾਸਿਉਂ ਨਿਖੇਧੀ ਕੀਤੀ ਗਈ ਹੈ। ਲੈਸਟਰ ਈਸਟ ਦੇ ਮੈਂਬਰ ਪਾਰਲੀਮੈਂਟ ਕੀਥਵਾਜ਼ ਨੇ ਆਖਿਆ ਕਿ ਬੱਚਿਆਂ ਉਪਰ ਤਸ਼ੱਦਦ ਵਿਰੋਧੀ ਬਿਲ ਇਸ ਸਮੇਂ ਪਾਰਲੀਮੈਂਟ ਵਿਚ ਹੈ। ਅਜਿਹੇ ਮੌਕੇ ਤੇ ਦੋਸ਼ੀਆਂ ਨਾਲ ਇਸ ਤਰ੍ਹਾਂ ਦਾ ਨਰਮ ਵਰਤਾਓ ਬੱਚਿਆਂ ਦੀ ਦੇਖਭਾਲ ਸਬੰਧੀ ਭਾਰੀ ਅਣਗਹਿਲੀ ਹੈ।

ਅਦਾਲਤ ਵਿਚ ਵਹਿਸ਼ੀ ਬਾਪ ਦਾ ਨਾਂ ਨਹੀਂ ਦਸਿਆ ਗਿਆ। ਉਸ ਨੇ ਪੁਲਸ ਕੋਲ ਬਿਆਨ ਦਿੰਦਿਆਂ ਮੰਨਿਆ ਕਿ ਉਸ ਨੇ ਜ਼ੁਲਮ ਕੀਤਾ। ਪਰ ਉਸ ਨੇ ਆਖਿਆ ਕਿ ਲੜਕੀ ਦੀ ਪਿਠ ਉਪਰ ਗਰਮ ਲੋਹਾ ਲਾਉਣ ਤੋਂ ਪਹਿਲਾ ਉਸ ਨੇ ਬਿਜਲੀ ਬੰਦ ਕਰ ਦਿੱਤੀ ਸੀ ਤੇ ਲੋਹੇ ਉਪਰ ਖੁਦ ਹੱਥ ਰੱਖ ਕੇ ਦੇਖਿਆ ਸੀ। ਉਸ ਵੇਲੇ ਲੋਹਾ ਵਧੇਰੇ ਗਰਮ ਨਹੀਂ ਸੀ।

ਸਰਕਾਰੀ ਵਕੀਲ ਨੇ ਦੱਸਿਆ ਕਿ ਲੜਕੀ ਦੇ ਸਭੇ ਹੋਏ ਜਿਸਮ ਦਾ ਘਰ ਅੰਦਰ ਹੀ ਇਲਾਜ ਕੀਤਾ ਗਿਆ। ਉਸ ਦੀ ਪਿਠ ਉਪਰ ਲੱਗੇ ਤਿੰਨ ਦਾਗ ਮਿਟ ਨਾ ਸਕੇ। ਇਸ ਵਾਰਦਾਤ ਦਾ ਭੇਦ ਉਦੋਂ ਖੁੱਲ੍ਹਿਆ ਜਦ ਸਕੂਲ ਵਿਚ ਪੜ੍ਹਦੀ ਲੜਕੀ ਦੀ ਅਧਿਆਪਕਾ ਉਸ ਨੂੰ ਟਾਇਲਟ ਵਿਚ ਲੈ ਕੇ ਗਈ। ਲੜਕੀ ਦੀ ਪਿਠ ਉਪਰ ਭੈੜੇ ਦਾਗ ਦੇਖ ਕੇ ਉਸ ਨੇ ਸੋਸ਼ਲ ਸਰਵਿਸਜ਼ ਵਾਲਿਆਂ ਨੂੰ ਸੂਚਨਾ ਦਿੱਤੀ।

ਘਰੋਂ ਦੌੜ ਗਈ ਤਰਨਜੀਤ ਕੌਰ ਪੁਲਸ ਲਈ ਸਿਰਦਰਦੀ ਬਣ ਗਈ

ਬ੍ਰੈਡਫੋਰਡ — ਸਥਾਨਕ ਪੁਲਸ 14 ਵਰ੍ਹਿਆਂ ਦੀ ਪੰਜਾਬਣ ਮੁਟਿਆਰ ਤਰਨਜੀਤ ਕੌਰ ਗਿੱਲ ਨੂੰ ਲੱਭਣ ਲਈ ਜ਼ੋਰ ਦੌੜ ਕਰ ਰਹੀ ਹੈ ਜੋ 10 ਅਪ੍ਰੈਲ ਤੋਂ ਗੁੰਮ ਹੈ।

ਇਥੋਂ ਦੇ ਮਨਿੰਘਮ ਇਲਾਕੇ ਦੀ ਰਹਿਣ ਵਾਲੀ ਤਰਨਜੀਤ ਘਰੋਂ ਫਰਾਰ ਹੋਣ ਲੱਗਿਆਂ ਆਪਣੀ ਮਾਂ ਦੇ ਨਾਂ ਇਕ ਖਤ ਲਿਖ ਕੇ ਸੁੱਟ ਗਈ ਸੀ ਕਿ ਉਹ ਆਪਣੀ ਜ਼ਿੰਦਗੀ ਵਿਚ ਕਿਸੇ ਦਾ ਦਖਲ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਇਸ ਲਈ ਉਹ ਆਪਣੇ ਪੈਰਾਂ ਉਪਰ ਖੜੇ ਹੋ ਕੇ ਜ਼ਿੰਦਗੀ ਨੂੰ ਆਪਣੀ ਮਰਜ਼ੀ ਮੁਤਾਬਿਕ ਹੰਢਾਉਣ ਲਈ ਹਮੇਸ਼ਾ ਲਈ ਘਰੋਂ ਜਾ ਰਹੀ ਹੈ।

ਪੁਲਸ ਦਾ ਕਹਿਣਾ ਹੈ ਕਿ ਤਰਨਜੀਤ ਕੌਰ ਯੂਨੀਵਰਸਟੀ ਦੇ ਇਲਾਕੇ 'ਚ ਦੇਖੀ ਗਈ ਹੈ। ਸ਼ਾਇਦ ਉਹ ਆਪਣੀ ਕਿਸੇ ਸਹੇਲੀ ਨਾਲ ਉਥੇ ਰਹਿ ਰਹੀ ਹੋਵੇ। ਪੁਲਸ ਨੇ ਤਰਨਜੀਤ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਹ ਆਪਣੇ ਮਾਪਿਆਂ ਕੋਲ ਵਾਪਸ ਨਹੀਂ ਜਾਣਾ ਚਾਹੁੰਦੀ ਤਾਂ ਪੁਲਸ ਨਾਲ ਸੰਪਰਕ ਕਰੇ।

ਇਸੇ ਦੌਰਾਨ ਬੈਟਲੀ ਐਵੇਨਿਊ ਦੇ ਇਲਾਕੇ 'ਚੋਂ ਫਰਾਰ ਹੋਇਆ 17 ਸਾਲਾ ਪੰਜਾਬੀ ਨੌਜਵਾਨ ਸੁਰਜੀਤ ਸਿੰਘ ਸਾਂਘੀ ਇਕ ਮਹੀਨਾ ਗੁੰਮ ਰਹਿਣ ਪਿਛੋਂ ਘਰ ਵਾਪਸ ਪਰਤ ਆਇਆ। ਉਹ ਆਪਣੇ ਬਾਪ ਨਾਲ ਨਰਾਜ਼ ਹੋ ਕੇ ਘਰੋਂ ਚਲਾ ਗਿਆ ਸੀ।

ਸ਼ਾਮੇ-ਗ਼ਾਲਬ

ਸਾਊਥਾਲ — ਏਸ਼ੀਅਨ ਆਰਟ ਸਰਕਲ ਵਲੋਂ ਪਾਕਿਸਤਾਨ ਦੇ ਪ੍ਰਸਿਧ ਸ਼ਾਇਰ ਜਨਾਬ ਹਬੀਬ ਜਾਲਬ ਦੇ ਸਨਮਾਨ ਵਿਚ ਹੈਵਲਾਕ ਸਕੂਲ, ਹੈਵਲਾਕ ਰੋਡ, ਸਾਊਥਾਲ ਵਿਖੇ 13 ਮਈ ਦਿਨ ਸਨਿਚਰਵਾਰ ਸ਼ਾਮ 6.30 ਇਕ ਮਹਿਫਲ ਸਜਾਈ ਜਾ ਰਹੀ ਹੈ। ਦਾਖਲਾ ਮੁਫਤ ਹੈ।

ਹਬੀਬ ਜਾਲਬ ਹਿੰਦੋਸਤਾਨ 'ਚ ਪੈਦਾ ਹੋ ਕੇ ਪਾਕਿਸਤਾਨ ਗਿਆ ਸੀ। 1959 ਵਿਚ ਜਦੋਂ ਮਲੇਰਕੋਟਲੇ ਵਿਖੇ ਹੋਏ ਮੁਸ਼ਾਇਰੇ ਵਿਚ ਉਸ ਨੂੰ ਪਾਕਿਸਤਾਨ ਤੋਂ ਬੁਲਾਇਆ ਗਿਆ, ਤਾਂ ਉਹ ਜਨਮਭੂਮੀ ਦੀ ਮਿੱਟੀ ਦੇ ਵਿਛੋੜੇ ਦੇ ਦਰਦ ਨਾਲ ਵਿੰਨ੍ਹਿਆ ਪਿਆ ਸੀ। ਉਸ ਦੀ ਗ਼ਜ਼ਲ ਦੇ ਦੋ ਸ਼ੇਅਰ ਇਹ ਸਨ

ਬਹੁਤ ਮਿਹਰਬਾਂ ਥੀ
ਵੋਹ ਗੁਲਪੋਸ਼ ਰਾਹੇਂ
ਮਗਰ ਹਮ ਉਨ੍ਹੇਂ
ਮਿਹਰਬਾਂ ਛੋੜ ਆਏ।

ਬਗੋਲੋਂ ਕੀ ਸੂਰਤ
ਯਹਾਂ ਫਿਰ ਰਹੇ ਹੈਂ
ਨਸ਼ੇਮਨ ਸਭੀ
ਗੁਲਿਸਤਾਂ ਛੋੜ ਆਏ
ਤੇਰੇ ਸ਼ਹਿਰ ਮੇਂ
ਇਕ ਜਹਾਂ ਛੋੜ ਆਏ।

ਸ. ਗੁਰਦੀਪ ਸਿੰਘ ਵਿਰਦੀ ਲੰਡਨ ਬਾਰੋ ਆਫ ਗ੍ਰੀਨਿਚ ਦੇ ਡਿਪਟੀ ਮੇਅਰ ਚੁਣੇ ਗਏ ਹਨ। ਇਸ ਬਾਰੋ ਦੇ ਆਪ ਪਹਿਲੇ ਏਸ਼ੀਅਨ ਹਨ ਜੋ ਡਿਪਟੀ ਮੇਅਰ ਦੀ ਪਦਵੀ ਤੱਕ ਪਹੁੰਚੇ ਹਨ।

ਗੁਰਦਵਾਰਾ ਸਲੋਅ ਦੀ ਨਵੀਂ ਪ੍ਰਬੰਧਕ ਕਮੇਟੀ

ਸਲੋਅ — ਬੀਤੇ ਦਿਨੀਂ ਸਥਾਨਕ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਦੀ ਚੋਣ ਸਰਬਸੰਮਤੀ ਨਾਲ ਹੋਈ, ਜਿਸ ਵਿਚ ਅਹੁਦੇਦਾਰ ਇਸ ਪ੍ਰਕਾਰ ਚੁਣੇ ਗਏ:

ਸਰਬ ਸਰਦਾਰ ਪ੍ਰਿਤਪਾਲ ਸਿੰਘ ਸਹੋਤਾ ਪ੍ਰਧਾਨ, ਗੁਰਦੇਵ ਸਿੰਘ ਸਿੱਧੂ ਮੀਤ ਪ੍ਰਧਾਨ, ਬੂਟਾ ਸਿੰਘ ਜਨਰਲ ਸਕੱਤਰ, ਕੰਵਲ ਸਿੰਘ ਸਕੱਤਰ, ਮੋਹਣ ਸਿੰਘ ਖਜ਼ਾਨਚੀ, ਦਾਰਾ ਸਿੰਘ ਸੰਧੂ ਮੀਤ ਖਜ਼ਾਨਚੀ, ਨਿਰਮਲ ਸਿੰਘ ਢੀਂਗ ਸਟੋਰ ਸੇਵਾਦਾਰ, ਨਿਰਮਲ ਸਿੰਘ ਗਰੇਵਾਲ ਲਾਇਬ੍ਰੇਰੀ ਇਨਚਾਰਜ, ਸੋਹਨ ਸਿੰਘ ਸਟੇਜ ਸਕੱਤਰ।

ਸਲੋਅ ਦੇ ਚੰਗਰਸ-ਗੀ ਹਲਕੇ ਤੋਂ ਲੇਬਰ ਪਾਰਟੀ ਦੇ ਟਿਕਟ ਉਤੇ ਭਾਰੀ ਬਹੁਮੱਤ ਪ੍ਰਾਪਤ ਕਰਕੇ ਸ. ਹਰਮਹਿੰਦਰਪਾਲ ਸਿੰਘ ਬਰਕਸ਼ਾਇਰ ਕਾਉਂਟੀ ਕੌਂਸਲ ਲਈ ਕੌਂਸਲਰ ਚੁਣੇ ਗਏ। ਆਪ ਪਹਿਲੀ ਵਾਰ ਇਸ ਪਦਵੀ ਲਈ ਖੜੋਤੇ ਸਨ।

ਪਿਆਜ਼ ਅਤੇ ਰੈਡਵਾਈਨ ਕੈਂਸਰ ਦੀ ਰੋਕਥਾਮ ਲਈ ਅਤੀ ਲਾਭਦਾਇਕ

ਲੰਡਨ — ਰੈਡਵਾਈਨ ਦਾ ਇਕ ਗਲਾਸ ਤੇ ਗੰਢਿਆਂ ਦੇ ਰਸ ਦਾ ਇਕ ਪਿਆਲਾ ਸਿਹਤ ਲਈ ਬਹੁਤ ਹੀ ਲਾਭਦਾਇਕ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਦੋਵੇਂ ਚੀਜ਼ਾਂ ਕੈਂਸਰ ਦੇ ਵਿਰੁਧ ਸਭ ਤੋਂ ਸ਼ਕਤੀਸ਼ਾਲੀ ਦਵਾਈ ਹੈ। ਨਵੀਂ ਖੋਜ ਅਨੁਸਾਰ ਕੈਂਸਰ ਦੀ ਬੀਮਾਰੀ ਨੂੰ ਖਤਮ ਕਰਨ ਲਈ ਪਿਆਜ਼ ਅਤੇ ਅੰਗੂਰਾਂ ਤੋਂ ਬਣੀ ਲਾਲ ਵਾਈਨ ਵਿਚ ਇਕ ਉਹ ਤੱਤ ਹੈ ਜੋ ਹਰ ਸਭ ਦੁਆਈਆਂ ਨਾਲੋਂ ਵਧੇਰੇ ਕੰਮ ਕਰਦਾ ਹੈ।

ਕੈਂਬਰਿਜ ਯੂਨੀਵਰਸਟੀ ਖੋਜਕਾਰੀ ਦਾ ਇਕ ਪ੍ਰੋਫੈਸਰ ਟੈਰੇਂਸ ਕੋਲਿਨ ਨੇ ਕਿਹਾ ਹੈ ਕਿ ਇਹਨਾਂ ਦੋਵੇਂ ਚੀਜ਼ਾਂ ਵਿਚ ਇਕ ਤੱਤ ਹੈ ਜਿਸ ਦਾ ਨਾਂ ਕਿਊਰਸੇਟਿਨ ਹੈ। ਉਹ ਥੋੜੀ ਜਿਹੀ ਮਾਤਰਾ ਵਿਚ ਖਾਧਾ ਵੀ ਕੈਂਸਰ ਦੇ ਵਾਧੇ ਨੂੰ ਰੋਕ ਪਾਉਂਦਾ ਹੈ। ਇਹ ਕੁਦਰਤ ਵਲੋਂ ਹੀ ਪੈਦਾ ਕੀਤੀ ਹੋਈ ਦਾਤ ਹੈ ਜੋ ਦਵਾਈਆਂ ਦੇ ਟਾਕਰੇ ਤੇ ਕੈਂਸਰ ਤੋਂ ਸਾਨੂੰ ਬਚਾਉਂਦੀ ਹੈ। ਇਹ ਤੱਤ ਪੀਲੇ ਅਤੇ ਹਰੇ ਰੰਗ ਦੀਆਂ ਸਬਜ਼ੀਆਂ ਵਿਚ ਵੀ ਹੁੰਦੇ ਹਨ ਪਰ ਅਸਲੀ ਖਜ਼ਾਨਾ ਪਿਆਜ਼ਾਂ ਅਤੇ ਲਾਲ ਵਾਈਨ ਵਿਚ ਹੈ। ਇਕ ਔਸਤ ਗਲਾਸ ਰੈਡ ਵਾਈਨ ਦਾ ਸਿਹਤ ਲਈ ਬਹੁਤ ਲਾਭਦਾਇਕ ਹੈ।

ਸਿੱਖ ਕੌਮ ਦੀ ਮੁਕੰਮਲ ਅਜ਼ਾਦੀ ਤੱਕ ਸੰਘਰਸ਼ ਜਾਰੀ ਰਹੇਗਾ

ਅਨੰਦਪੁਰ ਮਤੇ ਦਾ ਵੇਲਾ ਬੀਤ ਗਿਆ

ਜਲੰਧਰ — "ਸਿਖ ਕੌਮ ਦਾ ਨਿਸ਼ਾਨਾ ਹੁਣ ਅਨੰਦਪੁਰ ਦਾ ਮਤਾ ਨਹੀਂ ਬਲਕਿ ਭਾਰਤੀ ਹਾਕਮਾਂ ਤੋਂ ਮੁਕੰਮਲ ਅਜ਼ਾਦੀ ਹਾਸਲ ਕਰਨਾ ਹੈ।"

ਅਨੰਦਪੁਰ ਦੇ ਮਤੇ ਬਾਰੇ ਕਿਸੇ ਸ਼ੰਕੇ ਦੇ ਪ੍ਰਤੀਕਰਮ ਵਜੋਂ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਲੀਡਰਾਂ ਮਨਜੀਤ ਸਿੰਘ ਤੇ ਹਰਮਿੰਦਰ ਸਿੰਘ ਸੰਧੂ ਨੇ ਇਹ ਵਿਚਾਰ ਪ੍ਰਗਟ ਕਰਦਿਆਂ ਆਖਿਆ ਕਿ 1984 ਤੱਕ ਹੀ ਅਨੰਦਪੁਰ ਦਾ ਮਤਾ ਸਿਖ ਪੰਥ ਦੇ ਸੰਘਰਸ਼ ਦਾ ਪ੍ਰਵਾਨਤ ਦਸਤਾਵੇਜ਼ ਸੀ ਪਰ ਅਪਰੇਸ਼ਨ ਬਲੂ ਸਟਾਰ ਦੀ ਕਾਰਵਾਈ ਨੇ ਸਿਖ ਮਾਨਸਿਕਤਾ ਵਿਚ ਮੌਲਿਕ ਤਬਦੀਲੀ ਲਿਆਂਦੀ ਹੈ। ਅਨੰਦਪੁਰ ਦਾ ਮਤਾ ਸਿਖ ਪੰਥ ਦੀ ਅਜੋਕੀ ਰਾਜਸੀ ਸੋਚ ਦੇ ਸਾਹਮਣੇ ਬੌਣਾ ਦਿਸਦਾ ਹੈ। ਸਿਖ ਪੰਥ ਮਹਿਜ਼ ਭਾਰਤੀ ਸੰਵਿਧਾਨ ਤੋਂ ਮੁਕੰਮਲ ਛੁਟਕਾਰਾ ਹਾਸਲ ਕਰਕੇ ਸ੍ਰੀ ਅਕਾਲ ਤਖ਼ਤ ਦੀ ਛਤਰ ਛਾਇਆ ਹੇਠ ਖਾਲਸਾ ਰਾਜ ਸਥਾਪਤ ਕਰਨਾ ਚਾਹੁੰਦਾ ਹੈ। [illegible]

[illegible]

ਕੀ ਨਾਭਾ ਪੁਲੀਸ ਹਿਰਾਸਤ 'ਚੋਂ ਫਰਾਰ ਦੱਸੇ ਗਏ ਕੈਦੀ ਮਾਰ ਕੇ ਖਪਾ ਤਾਂ ਨਹੀਂ ਦਿੱਤੇ ਗਏ

ਨਾਭਾ — ਨਾਭਾ ਪੁਲਸ ਹਿਰਾਸਤ ਵਿਚੋਂ ਅਕਸਰ ਅੱਤਵਾਦੀਆਂ ਦੇ ਫਰਾਰ ਹੋਣ ਦੀ [illegible] ਕਿ ਜਦੋਂ ਵੀ ਕੋਈ ਵਿਅਕਤੀ ਪੁਲਸ ਹਿਰਾਸਤ ਵਿਚੋਂ ਫਰਾਰ ਹੁੰਦਾ ਹੈ ਤਾਂ ਉਸ ਬਾਰੇ ਸਬੰਧਤ ਪੁਲਸ ਅਧਿਕਾਰੀਆਂ ਜਾਂ ਕਿਸੇ ਮੁਲਾਜ਼ਮ ਦੇ ਖਿਲਾਫ਼ ਕਦੇ ਵੀ ਕੋਈ ਕਾਰਵਾਈ ਨਹੀਂ ਹੋਈ। [illegible] ਨਹੀਂ ਹੁੰਦੇ।

ਪਿਛਲੇ ਦਿਨੀਂ 25-4-89 ਨੂੰ [illegible]

[illegible]

ਸ਼ਰਾਬ ਦੇ ਠੇਕਿਆਂ ਦੇ ਦੋ ਕਰਿੰਦਿਆਂ ਨੂੰ ਫਾਹੇ ਲਾ ਦਿੱਤਾ

[illegible]

ਸ਼ਰਾਬ ਦੇ ਇਕ ਕਰਿੰਦੇ ਨੂੰ ਫੜ ਕੇ ਲੈ ਗਏ ਅਤੇ ਕੁਝ ਕਿਲੋਮੀਟਰ ਦੂਰ ਲਿਜਾ ਕੇ ਉਹਨੂੰ ਫਾਹੇ ਲਗਾ ਕੇ ਹਲਾਕ ਕਰ ਦਿੱਤਾ। ਠੇਕੇ ਦਾ ਦੂਜਾ ਕਰਿੰਦਾ ਬਚ ਕੇ ਫਰਾਰ ਹੋ ਗਿਆ।

ਕਿਸਾਨ ਬਲਦੇਵ ਸਿੰਘ ਕਤਲ

ਅੰਮ੍ਰਿਤਸਰ — [illegible] ਸਿੰਘ ਨਾਂ ਦੇ ਇਕ ਕਿਸਾਨ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। [illegible] ਹਲਾਕ ਕਰ ਦਿੱਤਾ।

ਮਰਨਾ ਸੂਰਿਆਂ ਹੱਕ ਹੈ

ਖ਼ਾਲਸਾ ਪੰਥ ਦੇ ਤਿੰਨ ਮਹਾਨ ਸੂਰਮੇ ਜੋ [illegible] ਗੁਲਾਮੀ ਦਾ ਜੂਲਾ ਲਾਹੁਣ ਲਈ ਹਥਿਆਰਬੰਦ ਸੰਘਰਸ਼ ਕਰਦੇ ਹੋਏ ਪਿਛਲੇ ਦਿਨੀਂ ਮੈਦਾਨ-ਏ-ਜੰਗ ਵਿਚ ਸ਼ਹੀਦ ਹੋ ਗਏ।

ਬਾਬਾ ਸੋਹਣ ਸਿੰਘ [illegible] ਪਿੰਡ [illegible] ਜ਼ਿਲ੍ਹਾ ਗੁਰਦਾਸਪੁਰ

ਭਾਈ ਸੁਖਦੇਵ ਸਿੰਘ ਕੌਨੈੱਡੀਅਨ ਜੋ ਆਪਣੇ ਦੋ ਸਾਥੀਆਂ ਭਾਈ ਸਜਨ ਸਿੰਘ [illegible] ਭਾਈ ਮਨਜੀਤ ਸਿੰਘ ਪਿੰਡ [illegible] ਹੁਸ਼ਿਆਰਪੁਰ [illegible] ਜਾਮ ਪੀ ਗਏ।

ਭਾਈ ਨਿਰਮਲ ਸਿੰਘ [illegible] ਪਿੰਡ [illegible]

ਸਰਪੰਚ ਦਲਜੀਤ ਸਿੰਘ ਨੂੰ ਪਤਨੀ ਦੇ ਸਾਹਮਣੇ ਗੋਲੀ ਮਾਰ ਦਿੱਤੀ

ਬਟਾਲਾ — ਡੇਰਾ ਬਾਬਾ ਨਾਨਕ ਤੋਂ ਪ੍ਰਾਪਤ ਖ਼ਬਰ ਅਨੁਸਾਰ ਇਥੋਂ ਇਕ ਕਿਲੋਮੀਟਰ ਦੂਰ ਪਿੰਡ ਸੰਗੀਆਂ [illegible] ਦੇ ਸਰਪੰਚ ਦਲਜੀਤ ਸਿੰਘ ਨੂੰ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਕਤਲ ਰਾਤ ਦੇ [illegible] ਵਜੇ ਦੇ ਕਰੀਬ ਹੋਇਆ।


ਖ਼ਬਰਾਂ ਅਨੁਸਾਰ ਦੋ ਹਥਿਆਰਬੰਦ ਬੰਦੇ ਸਰਪੰਚ ਦੇ ਘਰ ਆਏ। ਸਰਪੰਚ ਉਸ ਸਮੇਂ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਹਮਲਾਵਰਾਂ [illegible]

[illegible]

ਸਰਪੰਚ ਗੋਲੀਆਂ ਨਾਲ ਹਲਾਕ

ਬਟਾਲਾ — [illegible] ਪਿੰਡ [illegible] ਦੇ ਸਰਪੰਚ ਸਰਜੀਤ ਸਿੰਘ ਨੂੰ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਪੁਲਸ ਦੇ ਦੱਸਣ ਅਨੁਸਾਰ ਸਰਪੰਚ ਆਪਣੇ ਘਰ ਵਿਚ [illegible] ਹਥਿਆਰਬੰਦ ਵਿਅਕਤੀ ਉਹਦੇ ਘਰ ਵਿਚ ਦਾਖ਼ਲ ਹੋਏ ਅਤੇ [illegible] ਇਸ ਸਬੰਧ ਵਿਚ ਪੁੱਛਗਿਛ ਕਰਨ ਲਈ [illegible] ਵਿਅਕਤੀਆਂ ਨੂੰ ਪੁਲਸ ਨੇ ਹਿਰਾਸਤ ਵਿਚ ਲੈ ਲਿਆ ਹੈ।

Honey



The high fashion Boutique of ready made

Asian wear

Importers and Wholesalers

We proudly present our hottest and the latest Collection of elegant Asian ready made suites designed to give you a glamourous and up to date fashionable look.

We are not boasting Thousands, but we do have Hundreds of styles to choose from at our new Boutique.

Choice of Shoes, Handbags and Fashion Jewellery to match exactly with your 'Honey outfit'.

For Him and Her, on your Big Day, we have a variety of Lehanges, Achakans and all the accessories to make your day perfectly beautiful and memorable.

Please do come along, we assure you, you will be pleasantly surprised. Wholesale enquiries are welcome

ਸਾਨੂੰ ਇਹ ਦੱਸਦਿਆਂ ਖੁਸ਼ੀ ਹੈ ਕਿ ਅਸੀਂ 462 ਡਡਲੀ ਰੋਡ ਵੁਲਵਰਹੈਂਪਟਨ ਵਿਖੇ ਆਪਣੀ ਰੈਡੀ ਮੇਡ ਸੂਟਾਂ ਦੀ ਬਹੁਤ ਸੋਹਣੀ ਸ਼ਾਪ ਹੁਣੇ ਹੁਣੇ ਖੋਹਲੀ ਹੈ। ਅਸੀਂ ਇੰਡੀਆ ਤੋਂ ਸਿੱਧੇ ਆਪ ਦੇ ਮਨ-ਪਸੰਦ ਦੇ ਨਵੇਂ ਨਵੇਂ ਡੀਜ਼ਾਈਨਾਂ ਦੇ ਰੈਡੀਮੇਡ ਸੂਟ, ਜਿਊਲਰੀ ਸ਼ੂਜ਼ ਹੈਂਡਬੈਗ, ਲਹਿੰਗੇ, ਚੂੜੀਆਂ ਅਤੇ ਪਰਾਂਦੀਆਂ ਆਦਿ ਮੰਗਵਾਉਂਦੇ ਹਾਂ।

ਅਸੀਂ ਆਪ ਨੂੰ ਵਿਆਹ-ਸ਼ਾਦੀ ਜਾਂ ਪਾਰਟੀ 'ਤੇ ਜਾਣ ਤੋਂ ਪਹਿਲਾਂ ਆਪਣੀ ਸ਼ਾਪ ਤੇ ਆਉਣ ਦਾ ਸੱਦਾ ਦੇਂਦੇ ਹਾਂ। ਸਾਨੂੰ ਪੂਰਾ ਯਕੀਨ ਹੈ ਕਿ ਤੁਸੀਂ ਹੈਰਾਨੀ ਭਰੀ ਖੁਸ਼ੀ ਮਹਿਸੂਸ ਕਰੋਗੇ। ਹੋਲਸੇਲ ਲਈ ਦੁਕਾਨਦਾਰ ਵੀਰ ਫੋਨ ਕਰਨ।

Honey, 462 Dudley Road, Blakenhall, Wolverhampton

Telephone (0902) 713761
(0902) 69090

ਵਿਆਹ, ਸ਼ਾਦੀਆਂ, ਪਾਰਟੀਆਂ
ਅਤੇ ਦੂਸਰੇ ਸੋਸ਼ਲ ਮੌਕਿਆਂ ਉਤੇ

ਰਾਏ ਵੀਡੀਓ ਨੂੰ ਸੇਵਾ ਦਾ ਮੌਕਾ ਦਿਓ

ਅਸੀਂ ਤੁਹਾਡੀ ਵੀਡੀਓ ਫਿਲਮ ਨੂੰ ਅਜੇਹੀ ਬਣਾ ਦਿਆਂਗੇ, ਕਿ ਤੁਸੀਂ ਮਹਿਸੂਸ ਕਰੋਗੇ ਕਿ ਫਿਲਮੀ ਲਾਈਨ ਵਾਲਾ ਹੀ ਕੰਮ ਹੋਇਆ ਹੈ।



TOP QUALITY VIDEO PRODUCED FOR
* WEDDINGS * PARTIES
* RECEPTIONS * BIRTHDAY ETC * STANDARD/SUPER 8 mm FILM TRANSFERED TO VIDEO

* WE WILL ADD TITLES TOGETHER WITH MUSIC TO YOUR VIDEO AT NO EXTRA COST.

RAI VIDEO PRODUCTIONS
Telephone: 01-574-8885



HEY LOOK !!

MAHAAN

IS BACK AGAIN
WITH HIS FIRST & NEW ALBUM

"DEKH DEKH KE TAINU JIVA"

AFTER TOURING & RECORDING IN BOMBAY (INDIA)

NOW WATCH OUT FOR THIS NEW ALBUM RELEASING SHORTLY

THE SONGS ARE WRITTEN BY THE FAMOUS JANDU LITTERANWALA & SWARAN PREET

NOW 'MAHAAN' IS HERE TO ENTERTAIN YOU ON ALL YOUR CELEBRATIONS

ਲਓ ਜੀ,

ਮਹਾਨ, ਬੰਬਈ ਵਿਚ ਆਪਣੀ ਰੀਕਾਰਡਿੰਗ ਕਰਵਾ ਕੇ ਅਤੇ ਆਪਣੀ ਪਹਿਲੀ ਕੈਸਿਟ

"ਦੇਖ ਦੇਖ ਕੇ ਤੈਨੂੰ ਜੀਵਾਂ"

ਲੈ ਕੇ ਮੈਦਾਨ ਵਿਚ ਫਿਰ ਨਿੱਤਰ ਆਇਆ ਹੈ। ਉਸਦੀ ਕੈਸਿਟ ਛੇਤੀ ਹੀ ਮਾਰਕਿਟ ਵਿਚ ਆ ਰਹੀ ਹੈ। ਗਾਣੇ ਜੰਡੂ ਲਿੱਤਰਾਂਵਾਲਾ ਅਤੇ ਸਵਰਨ ਪ੍ਰੀਤ ਨੇ ਲਿਖੇ ਹਨ।

ਹਰ ਤਰ੍ਹਾਂ ਦੇ ਫੰਕਸ਼ਨ ਉਤੇ ਮਹਾਨ ਨੂੰ ਉਸ ਦੀ ਸੰਗੀਤ ਪਾਰਟੀ ਸਮੇਤ ਬੁਲਾ ਕੇ ਸੇਵਾ ਦਾ ਮੌਕਾ ਦਿਓ।

FOR BOOKING:

RING (0474) 361065

ਵਿਆਹ ਤੇ ਹਨੀਮੂਨ ਲਈ ਬਿਲਡਿੰਗ ਸੁਸਾਇਟੀ 'ਚੋਂ 3 ਹਜ਼ਾਰ ਚੋਰੀ ਕਰਨ ਵਾਲੇ ਨਿੰਮੋ ਲਾਲ ਨੂੰ 'ਮੁਕਲਾਵੇ' ਲਈ ਸਾਲ ਭਰ ਵਾਸਤੇ ਜੇਲ੍ਹ ਭੇਜ ਦਿੱਤਾ

ਵਾਲਸਾਲ — 20 ਸਾਲਾ ਨਿੰਮੋ ਲਾਲ ਨਵੇਂ ਮੰਗਾਈ ਕਰਨ ਦੇ ਤੁਰੰਤ ਬਾਅਦ ਰਿਹਾ ਸੀ ਤਾਂ ਹੋਣ ਵਾਲੀ ਪਤਨੀ ਨੇ ਉਸਨੂੰ ਸਾਫ਼ ਦੱਸ ਦਿੱਤਾ ਕਿ ਉਹ ਅਸਲ ਵਿਚ ਕਿਸੇ ਹੋਰ ਨੂੰ ਪਿਆਰ ਕਰਦੀ ਹੈ। ਕੁੜੀ ਦੇ ਮਾਪੇ ਕੈਂਟ ਵਿਚ ਰਹਿੰਦੇ ਸਨ। ਕੋਰਟ ਵਿਚ ਬਿਆਨ ਕੀਤੀ ਗਈ ਕਹਾਣੀ ਅਨੁਸਾਰ ਨਿੰਮੋ ਲਾਲ ਦੇ ਸਹੁਰਿਆਂ ਨੇ ਮੰਗ ਕੀਤੀ ਕਿ ਉਹ ਵਿਆਹ ਦਾ ਖਰਚਾ ਦੇਵੇ। ਨਿੰਮੋ ਲਾਲ ਆਪਣੀ ਹੋਣ ਵਾਲੀ ਪਤਨੀ ਨੂੰ ਬਹੁਤਾ ਨਹੀਂ ਸੀ ਮਿਲਿਆ ਪਰ ਅਸਲ ਵਿਚ ਉਹ ਕੈਂਟ ਰਹਿੰਦੇ ਇਕ ਹੋਰ ਨੌਜਵਾਨ ਨੂੰ ਪਿਆਰ ਕਰਦੀ ਸੀ।

ਸ ਵਿਆਹ ਨੂੰ ਸਿਰ ਚੜ੍ਹਾਉਣ ਲਈ ਨਿੰਮੋ ਲਾਲ ਨੇ ਬ੍ਰਮਿੰਘਮ ਮਿਡਸ਼ਾਇਰ ਬ੍ਰਮਿੰਘਮ ਬਿਲਡਿੰਗ ਸੁਸਾਇਟੀ ਵਿਚੋਂ 3000 ਪੌਂਡ ਚੋਰੀ ਕਰ ਲਏ। ਸਮੂਲ ਸਟ੍ਰੀਟ ਡਾਰਲਸਟਨ ਦੇ ਵਾਸੀ ਨਿੰਮੋ ਲਾਲ ਨੇ ਚੋਰੀ ਦੇ ਆਪਣੇ ਦੋਸ਼ ਨੂੰ ਕੋਰਟ ਵਿਚ ਮੰਨ ਲਿਆ।

ਡੇਂਡਲੇ ਦੀ ਕਰਾਊਨ ਕੋਰਟ ਨੂੰ ਮਿਸਿਜ਼ ਕਾਰਮੇਲ ਵਾਲ ਪ੍ਰੌਸੀਕਿਊਟਰ ਨੇ ਦੱਸਿਆ ਕਿ ਨਿੰਮੋ ਲਾਲ ਇਸ ਬਿਲਡਿੰਗ ਸੁਸਾਇਟੀ ਵਿਚ ਮਸ਼ੀਨ ਕਲਰਕ ਵਜੋਂ ਕੰਮ ਕਰਦਾ ਸੀ ਅਤੇ ਉਹਨੇ ਉਸ ਸਮੇਂ ਦੇ ਚੈਕ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਦੇ ਨਾਂ ਕੱਟ ਦਿੱਤੇ। ਮਿ. ਲਾਲ ਨੇ ਝੂਠ ਮਾਰਿਆ ਕਿ ਇਹ ਚੈਕ ਉਹਦੀ ਤਨਖਾਹ ਦਾ ਹੀ ਹਿੱਸਾ ਹਨ ਤੇ ਇਸ ਲਈ ਉਹ ਕੈਸ਼ ਕਰ ਕੇ ਪੈਸੇ ਉਸ ਨੂੰ ਵਾਪਸ ਦੇ ਦੇਣ। ਬਿਲਡਿੰਗ ਸੁਸਾਇਟੀ ਨੂੰ ਇਸ ਠੱਗੀ ਦਾ ਕੁਲ ਖਰਚਾ 3 ਹਜ਼ਾਰ ਤੇ 47 ਪੌਂਡ ਪੈ ਗਿਆ।

ਸਫ਼ਾਈ ਦੇ ਵਕੀਲ ਮਿ. ਮਾਈਕਲ ਗਰੇ ਨੇ ਕੋਰਟ ਨੂੰ ਦੱਸਿਆ ਕਿ ਨਿੰਮੋ ਲਾਲ ਦੇ ਸਹੁਰਿਆਂ ਨੇ ਬਰਾਤ ਦਾ ਖਰਚਾ ਮੰਗ ਲਿਆ ਅਤੇ ਬਾਕੀ



ਨਿੰਮੋ ਲਾਲ ਜਿਸ ਨੇ ਵਿਆਹ ਲਈ ਚੋਰੀ ਕੀਤੀ ਪਰ ਅਗੋਂ ਵਹੁਟੀ ਨੂੰ ਕੋਈ ਹੋਰ ਲੈ ਗਿਆ।

ਉਹਦੇ ਘਰ ਆ ਕੇ ਵੀ ਪਾਰਟੀ ਦਾ ਖਰਚਾ ਹੋਣਾ ਸੀ। ਇਸ ਲਈ ਨਿੰਮੋ ਲਾਲ ਨੇ ਬਿਲਡਿੰਗ ਸੁਸਾਇਟੀ ਵਿਚੋਂ ਪੈਸਿਆਂ ਦੀ ਠੱਗੀ ਕੀਤੀ। ਸਫ਼ਾਈ ਦੇ ਵਕੀਲ ਨੇ ਕਿਹਾ ਕਿ ਜਦੋਂ ਉਹਦੇ ਸਹੁਰਿਆਂ ਨੇ ਬਰਾਤ ਦਾ ਖਰਚਾ ਮੰਗਿਆ ਤਾਂ ਨਿੰਮੋ ਲਾਲ ਉਹਨਾਂ ਨੂੰ ਇਸ ਲਈ ਨਾਂਹ ਨਹੀਂ ਕਰ ਸਕਿਆ ਕਿਉਂਕਿ ਇਸ ਨਾਲ ਉਹਦੇ ਖਾਨਦਾਨ ਦੀ ਬੇਇੱਜ਼ਤੀ ਹੋ ਜਾਣੀ ਸੀ ਅਤੇ ਨਾਲੇ ਵਿਆਹ ਵੀ ਨਹੀਂ ਸੀ ਹੋ ਸਕਣਾ। ਕੋਰਟ ਨੇ ਉਹਨੂੰ ਇਕ ਸਾਲ ਦੀ ਮੁਅੱਤਲ ਸਜ਼ਾ ਦਿੱਤੀ।

ਸਭ ਤੋਂ ਵੱਡੀ ਸੱਟ ਨਿੰਮੋ ਲਾਲ ਨੂੰ ਉਦੋਂ ਵੱਜੀ ਜਦੋਂ ਵਿਆਹ ਵਿਚ ਲਾਵਾਂ ਲੈਣ ਤੋਂ ਮਗਰੋਂ ਮੇਲਾ ਕਰਦਿਆਂ ਉਹਦੀ ਪਤਨੀ ਨੇ ਉਹਨੂੰ ਦੱਸ ਦਿੱਤਾ ਕਿ ਉਹ ਅਸਲ ਵਿਚ ਕੈਂਟ ਦੇ ਕਿਸੇ ਹੋਰ ਮੁੰਡੇ ਨੂੰ ਪਿਆਰ ਕਰਦੀ ਹੈ। ਆਹ ਸੱਤੀ ਸ਼ਿਅਪਾ ਤਾਂ ਉਹਨੇ ਮਾਪਿਆਂ ਦਾ ਮੂੰਹ ਰੱਖਣ ਲਈ ਹੀ ਕੀਤਾ ਹੈ। ਸੋ ਵਿਆਹ ਦਾ ਪਹਿਲੇ ਦਿਨ ਹੀ ਭੋਗ ਪੈ ਗਿਆ ਅਤੇ ਇਹ ਜੋੜਾ ਹੁਣ ਵੱਖ ਵੱਖ ਰਹਿੰਦਿਆਂ ਹੋਇਆਂ ਨਾ ਵਿਆਹਿਆਂ ਵਿਚ ਅਤੇ ਨਾ ਹੀ ਛੜਿਆਂ ਵਿਚ।

ਰਾਮ ਲੱਖਾ ਕੌਂਸਲਰ ਚੁਣਿਆ ਗਿਆ



ਕੌਂਸਲਰ ਰਾਮ ਲੱਖਾ

ਕਾਵੈਂਟਰੀ — ਇਥੋਂ ਦੇ ਅਪਰਸਟੋਨ ਵਾਰਡ ਦੀ ਜ਼ਿਮਨੀ ਚੋਣ ਵਿਚ 40 ਸਾਲਾ ਰਾਮ ਲੱਖਾ ਲੇਬਰ ਪਾਰਟੀ ਦੀ ਟਿਕਟ ਤੇ ਕੌਂਸਲਰ ਚੁਣਿਆ ਗਿਆ। ਉਹ ਚਾਰਟਰਹਾਊਸ ਰੋਡ ਦਾ ਵਾਸੀ ਹੈ। ਮਿ. ਰਾਮ ਲੱਖਾ ਨੂੰ 2134 ਵੋਟਾਂ ਪ੍ਰਾਪਤ ਹੋਈਆਂ ਜੋ ਵਾਰਡ ਦੀਆਂ ਕੁਲ ਵੋਟਾਂ ਦਾ 31 ਪ੍ਰਤੀਸ਼ਤ ਬਣਦੀਆਂ ਹਨ।

ਮੰਦੇ ਭਾਗਾਂ ਨੂੰ ਇਸ ਚੋਣ ਵਿਚ ਹਾਰਨ ਵਾਲਾ ਇਕ ਉਮੀਦਵਾਰ ਵੋਟਾਂ ਦੀ ਗਿਣਤੀ ਸਮੇਂ ਬਰੇਨ ਫੇਲ ਹੋ ਗਿਆ। 57 ਸਾਲਾ ... ਦੀ ਹਾਲਤ ਹਸਪਤਾਲ ਵਿਚ ਹੁਣ ਪਹਿਲਾਂ ਨਾਲੋਂ ਠੀਕ ਹੈ।

ਕੌਂਸਲਰ ਰਾਮ ਲੱਖਾ ਨੇ ਕਿ ਸ੍ਰੀ ਗੁਰੂ ਰਵਿਦਾਸ ਸਭਾ ਗੁਰਦੁਆਰੇ ਦਾ ਸਕੱਤਰ ਵੀ ਰਹਿ ਚੁੱਕਿਆ ਹੈ ਨੇ ਕਿਹਾ ਕਿ "ਮੇਰੀ ਕਮਿਊਨਿਟੀ ਇਸ ਵਰਤ ਦੇ ਉਦਾਰ ਨਾਲ ਹੈ ਅਤੇ ਉਹਨਾਂ ਦੀ ਹਿਤਰਖਾਈ ਲਈ ਮੈਂ ਪ੍ਰਮਾਤਮਾ ਕੋਲ ਅਰਦਾਸ ਕਰਦਾ ਹਾਂ।"

ਪੈਰਿਸ ਵਿਚ ਵਿਸਾਖੀ ਮਨਾਈ ਗਈ



ਪੈਰਿਸ (ਫਰਾਂਸ) — ਗੁਰਦੁਆਰਾ ਸਿੰਘ ਸਭਾ ਪੈਰਿਸ ਵਲੋਂ ਇਸ ਸਾਲ ਮਨਾਈ ਗਈ ਵਿਸਾਖੀ ਉਤੇ ਜਿਥੇ ਸ਼ਬਦ ਕੀਰਤਨ ਹੋਇਆ, ਉਥੇ ਕਬੱਡੀ ਦਾ ਮੈਚ ਵੀ ਕਰਵਾਇਆ ਗਿਆ। ਪੈਰਿਸ ਦੀ ਟੀਮ ਕਾਫੀ ਚੰਗੀ ਸਾਬਤ ਹੋਈ, ਪਰ ਆ-ਪਾਸ ਖਿਡਾਰੀਆਂ ਦਾ ਇਸ ਖੇਡਾਂ ਵਿਚ ਰਲਿਆ ਹੋਣ ਕਰਕੇ ਕਈਆਂ ਨੌਜਵਾਨਾਂ ਨੇ ਜੌਹਰ ਲਾਹ ਲਏ।

ਪੈਰਿਸ ਦੇ ਗੁਰਦੁਆਰੇ ਦੇ ਪ੍ਰਬੰਧ ਲਈ ਇਸ ਦਿਨ ਅਗਲੇ ਸਾਲ ਲਈ ਚੋਣ ਵੀ ਸਰਬਸੰਮਤੀ ਨਾਲ ਕੀਤੀ ਗਈ। ਉਥੇ ਕੋਈ ਪ੍ਰਧਾਨ ਜਾਂ ਸਕੱਤਰ ਨਹੀਂ ਬਣਦਾ, ਸਗੋਂ ਪੰਜ ਸੇਵਾਦਾਰ ਚੁਣ ਲੈਂਦੇ ਹਨ ਜੋ ਅੰਮ੍ਰਿਤਧਾਰੀ ਹੋਣ। ਇਸ ਵਾਰ ਭਾਈ ਹਰਿੰਦਰ ਸਿੰਘ, ਭਾਈ ਸਤ ਕਰਤਾਰ ਸਿੰਘ (ਅਵਤਾਰ ਸਿੰਘ), ਭਾਈ ਜੋਤ ਸਿੰਘ, ਭਾਈ ਪਾਲ ਸਿੰਘ ਅਤੇ ਭਾਈ ਕੁਲਵੰਤ ਸਿੰਘ ਸੇਵਾਦਾਰ ਚੁਣੇ ਗਏ।

ਗਹਿਣਿਆਂ ਤੇ ਹਾਲਮਾਰਕ ਨਾ ਲਾਉਣ ਵਾਲੇ ਸੁਨਿਆਰੇ ਨੂੰ 1000 ਪੌਂਡ ਜੁਰਮਾਨੇ ਦੀ ਸਜ਼ਾ

ਕਾਵੈਂਟਰੀ — ਜਦੋਂ ਮਿ. ਮੁਕੇਸ਼ ਜਗਜੀਵਨ ਨੇ ਗਹਿਣਿਆਂ ਦੀ ਸ਼ਾਪ ਇਥੇ ਸ਼ੁਰੂ ਕੀਤੀ ਤਾਂ ਉਹਨੇ 22 ਕੈਰਟ ਦੇ ਜ਼ੇਵਰਾਂ ਨੂੰ ਬਿਨਾਂ ਹਾਲਮਾਰਕਾਂ ਦੇ ਵੇਚਣਾ ਸ਼ੁਰੂ ਕਰ ਦਿੱਤਾ। ਉਹਨੇ ਕਾਨੂੰਨੀ ਨੋਟਿਸ ਤੋਂ ਬਿਨਾਂ ਹੀ ਗਹਿਣੇ ਵੇਚਣੇ ਸ਼ੁਰੂ ਕਰ ਦਿੱਤੇ। ਉਹਦੀ ਦੁਕਾਨ ਫੋਲਸ਼ਿਲ ਰੋਡ ਵਿਚ ਜਿਊਲਰਜ਼ ਜਿਊਲਰਜ਼ ਵਜੋਂ ਜਾਣੀ ਜਾਂਦੀ ਹੈ।

ਨਨੀਟਨ ਦੀ ਐਂਡਰਸਨ ਸਟ੍ਰੀਟ ਦੇ ਵਾਸੀ 35 ਸਾਲਾ ਜਗਜੀਵਨ ਨੂੰ ਇਸ ਕਾਨੂੰਨੀ ਕਰਵਾਈ ਕਾਰਨ 750 ਪੌਂਡ ਜੁਰਮਾਨਾ ਅਤੇ 367 ਪੌਂਡ ਖਰਚੇ ਦੇ ਪੈ ਗਏ। ਉਹਨੇ ਆਪਣੇ ਵਿਰੁਧ ਚੱਲੀ 6 ਦੋਸ਼ਾਂ ਨੂੰ ਸਵੀਕਾਰ ਕਰ ਲਿਆ।

ਕਾਵੈਂਟਰੀ ਸਿਟੀ ਕੌਂਸਲ ਟਰੇਡਿੰਗ ਸਟੈਂਡਰਡ ਦੇ ਅਧਿਕਾਰੀ ਇਸ ਦੁਕਾਨ ਉਤੇ ਗਏ ਤਾਂ ਉਹਨਾਂ ਵੇਖਿਆ ਕਿ ਜਿਹੜੇ ਗਹਿਣਿਆਂ ਨੂੰ ਵਿਕਰੀ ਤੇ ਰੱਖਿਆ ਗਿਆ ਸੀ ਉਹਨਾਂ ਉਤੇ ਕੋਈ ਹਾਲਮਾਰਕ ਨਹੀਂ ਸੀ।

ਕੌਲਿਨ ਲੋਨ ਪ੍ਰੌਸੀਕਿਊਟਰ ਨੇ ਕੋਰਟ ਨੂੰ ਦੱਸਿਆ ਕਿ ਬਿਨਾ ਹਾਲਮਾਰਕ ਦੇ ਕਿਸੇ ਵੀ ਧਾਤ ਨੂੰ ਸੋਨਾ ਦੱਸਣਾ ਜੁਰਮ ਹੈ। ਉਹਨੇ ਕਿਹਾ ਕਿ ਜਗਜੀਵਨ ਖਰਚਾ ਬਚਾਉਣ ਲਈ ਉਦੋਂ ਤੱਕ ਜ਼ੇਵਰ ਨੂੰ ਹਾਲਮਾਰਕ ਲਈ ਨਹੀਂ ਸੀ ਭੇਜਦਾ ਜਦੋਂ ਤਕ ਕਿ ਕੋਈ ਗਾਹਕ ਉਹਨੂੰ ਖਰੀਦ ਨਹੀਂ ਸੀ ਲੈਂਦਾ। ਇੰਜ ਉਸ ਗਹਿਣੇ ਬਾਰੇ ਕਾਫੀ ਲਗ ਕੁਝ ਠੀਕ ਨਾਲ ਸੀ।

ਜਗਜੀਵਨ ਦੀ ਦੁਕਾਨ ਹੁਣ ਬੰਦ ਹੋ ਚੁੱਕੀ ਹੈ। ਜਗਜੀਵਨ ਦੇ ਵਕੀਲ ਮਿ. ਐਂਡਰਿਊ ਸਕੁਏਰ ਨੇ ਕੋਰਟ ਨੂੰ ਦੱਸਿਆ ਕਿ ਜਿਥੋਂ ਤਕ ਬਿਜ਼ਨਸ ਦਾ ਸਬੰਧ ਹੈ ਜਗਜੀਵਨ ਬਿਲਕੁਲ ਅਨਾੜੀ ਹੈ।

ਜਸਵਿੰਦਰ ਸਿੰਘ ਦੀ ਅਪੀਲ ਰੱਦ ਹੋ ਗਈ

ਲੰਡਨ — ਇਥੋਂ ਦੇ ਇਮੀਗ੍ਰੇਸ਼ਨ ਟ੍ਰਿਬਿਊਨਲ ਨੇ ਇਕ ਕੰਨ ਤੋਂ ਬੋਲੇ ਜਸਵਿੰਦਰ ਸਿੰਘ ਦੀ ਪਾਸਪੋਰਟ ਆਫਿਸ ਵਿਰੁਧ ਕੀਤੀ ਅਪੀਲ ਰੱਦ ਕਰ ਦਿੱਤੀ।

ਜਸਵਿੰਦਰ ਸਿੰਘ ਨੇ ਦਾਇਰ ਕੀਤੀ ਅਪੀਲ ਵਿਚ ਆਖਿਆ ਸੀ ਕਿ ਮੇਰਾ ਉਥੇ ਦੀ ਕੀਤੀ ਡਾਕਟਰੀ ਉਸ ਦਾ ਟੈਸਟ ਨਹੀਂ ਲਿਆ ਗਿਆ। ਪਰ ਪੋਸਟ ਆਫਿਸ ਵਲੋਂ ਦੱਸਿਆ ਗਿਆ ਕਿ ਟੈਸਟ ਵਿਚ 7 ਬੰਦੇ ਬੈਠੇ ਸਨ ਜਿਹਨਾਂ ਵਿਚ ਜਸਵਿੰਦਰ ਸਿੰਘ ਵੀ ਸ਼ਾਮਲ ਸੀ। ਪਰ ਉਹ ਫੇਲ੍ਹ ਹੋ ਗਿਆ।

ਦੁਕਾਨਦਾਰ ਜਗਮੋਹਨ ਸਿੰਘ ਦੇ ਸਿਰ 'ਚ ਸੱਟਾਂ ਮਾਰ ਕੇ ਲੁਟੇਰੇ 300 ਪੌਂਡ ਕੈਸ਼ ਲੈ ਗਏ

ਵਾਲਸਾਲ — ਤਿੰਨ ਨਕਾਬਪੋਸ਼ ਲੁਟੇਰਿਆਂ ਨੇ ਦੁੱਧ ਦੀ ਬੋਤਲ ਦੁਕਾਨਦਾਰ ਜਗਮੋਹਨ ਸਿੰਘ ਦੇ ਸਿਰ ਵਿਚ ਮਾਰੀ ਜਿਸ ਨਾਲ ਉਹਦੇ ਸਿਰ ਵਿਚ ਕਈ ਟਾਂਕੇ ਲਾਉਣੇ ਪਏ। ਇਹਨਾਂ ਲੁਟੇਰਿਆਂ ਨੇ ਕਰੋਨੇਸ਼ਨ ਰੋਡ ਤੇ ਸਥਿਤ ਉਹਦੇ ਜਨਰਲ ਸਟੋਰ ਉਤੇ ਸ਼ਾਮ ਨੂੰ 6.30 ਵਜੇ ਦੇ ਕਰੀਬ ਹਮਲਾ ਕੀਤਾ। ਉਹਨਾਂ ਸਟੋਰ ਵਿਚ ਵੜਦਿਆਂ ਹੀ ਜਗਮੋਹਨ ਸਿੰਘ ਪਾਸੋਂ ਪੈਸਿਆਂ ਦੀ ਮੰਗ ਕੀਤੀ। ਉਹਨੇ ਅੱਗੋਂ ਨਾਂਹ ਕਰ ਦਿੱਤੀ ਅਤੇ ਲੁਟੇਰਿਆਂ ਨੂੰ ਫੜ ਕੇ ਸਟੋਰ ਤੋਂ ਬਾਹਰ ਕੱਢਣ ਦਾ ਯਤਨ ਕੀਤਾ। ਪਰ ਲੁਟੇਰਿਆਂ ਵਿਚੋਂ ਇਕ ਨੇ ਦੁੱਧ ਦੀ ਭਰੀ ਹੋਈ ਬੋਤਲ ਚੁੱਕ ਕੇ ਜਗਮੋਹਨ ਸਿੰਘ ਦੇ ਸਿਰ ਵਿਚ ਮਾਰੀ।

ਦੂਜੇ ਲੁਟੇਰੇ ਨੇ ਇਸੇ ਹੀ ਦੌਰਾਨ ਟਿਲ ਵਿਚੋਂ 300 ਪੌਂਡ ਕੈਸ਼ ਕੱਢ ਲਿਆ। ਇਹ ਤਿੰਨੇ ਹੀ ਲੁਟੇਰੇ ਗੋਰੇ ਸਨ ਅਤੇ ਲੁੱਟ ਕਰਨ ਮਗਰੋਂ ਇਕ ਸਿਲਵਰ ਰੰਗ ਦੀ ਕੋਰਟੀਨਾ ਕਾਰ ਵਿਚ ਫਰਾਰ ਹੋ ਗਏ।

41 ਸਾਲਾ ਜਗਮੋਹਨ ਸਿੰਘ ਦੇ ਸਿਰ ਵਿਚ ਕਾਫੀ ਸੱਟਾਂ ਵੱਜੀਆਂ ਅਤੇ ਵਾਲਸਾਲ ਦੇ ਮੈਨਰ ਹਸਪਤਾਲ ਵਿਚ ਉਹਦੇ ਸਿਰ 'ਚ ਬਈ ਟਾਂਕੇ ਲਾਉਣੇ ਪਏ। ਮਗਰੋਂ ਉਹਨੂੰ ਹਸਪਤਾਲੋਂ ਛੁੱਟੀ ਕਰ ਦਿੱਤੀ ਗਈ। ਉਹਨੇ ਦੱਸਿਆ ਕਿ, "ਮੈਂ ਪਹਿਲਾਂ ਤਿੰਨਾਂ ਲੁਟੇਰਿਆਂ ਨੂੰ ਰੋਕਣ ਦਾ ਅਸਫਲ ਯਤਨ ਕੀਤਾ। ਉਹਨਾਂ ਨੇ ਮੇਰੇ ਉਤੇ ਕਾਬੂ ਪਾ ਲਿਆ ਅਤੇ ਮੇਰੇ ਸਿਰ ਵਿਚ ਸੱਟਾਂ ਮਾਰੀਆਂ। ਮੇਰੇ ਸਾਰੇ ਚਿਹਰੇ ਉਤੋਂ ਲਹੂ ਹੀ ਲਹੂ ਵਹਿ ਰਿਹਾ ਸੀ ਅਤੇ ਮੈਨੂੰ ਜਾਪਿਆ ਜਿਵੇਂ ਮੇਰੀ ਨਜ਼ਰ ਜਾਂਦੀ ਰਹੀ ਹੋਵੇ। ਪਰ ਚੰਗੇ ਭਾਗਾਂ ਨੂੰ ਮੈਂ ਠੀਕ ਠਾਕ ਹਾਂ। ਮੈਨੂੰ ਹਾਲੇ ਵੀ ਇਸ ਹਾਦਸੇ ਦੇ ਵਾਪਰਣ ਦਾ ਵਿਸ਼ਵਾਸ ਨਹੀਂ ਹੋ ਰਿਹਾ।"

ਜਗਮੋਹਨ ਸਿੰਘ ਦੇ 21 ਸਾਲਾ ਪੁੱਤਰ ਨਰਿੰਦਰਜੀਤ ਸਿੰਘ ਨੇ ਜਾਏ ਸਟੋਰ ਵਿਚ ਆਪਣੇ ਬਾਪ ਨੂੰ ਸੱਟਾਂ ਵੱਜੀਆਂ ਵੇਖੀਆਂ ਤਾਂ ਉਹਨੇ ਪੁਲਸ ਬੁਲਾ ਲਈ। ਡੀਟੈਕਟਿਵ ਚੀਫ ਇਨਸਪੈਕਟਰ ਅਲਨ ਨੌਰਿਸ ਜੋ ਕਿ ਆਲਡਰਿਜ ਪੁਲਸ ਸਟੇਸ਼ਨ ਨਾਲ ਸਬੰਧਿਤ ਹੈ ਨੇ ਲੁਟੇਰਿਆਂ ਦਾ ਟਾਕਰਾ ਕਰਨ ਲਈ ਜਗਮੋਹਨ ਸਿੰਘ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ।



ਲਮਿੰਗਟਨ ਸਪਾ ਦੇ ਬਰਨਸਵਿਕ ਵਾਰਡ ਵਿਚੋਂ ਭਾਰੀ ਬਹੁਮਤ ਹਾਸਿਲ ਕਰਕੇ ਸ. ਮੋਤਾ ਸਿੰਘ ਲੇਬਰ ਪਾਰਟੀ ਦੇ ਟਿਕਟ ਉਤੇ ਵਾਰਵਿਕਸ਼ਾਇਰ ਕਾਉਂਟੀ ਕੌਂਸਲ ਦੀ ਚੋਣ 4 ਮਈ 1989 ਨੂੰ ਜਿੱਤ ਗਏ। ਇਸ ਕੌਂਸਲ ਦੇ 62 ਕੌਂਸਲਰਾਂ ਵਿਚੋਂ ਆਪ ਇਕੋ ਇਕ ਭਾਰਤੀ ਕੌਂਸਲਰ ਹਨ। ਕਾਉਂਟੀ ਦੀ ਲਟਕਵੀਂ ਕਸ਼ਮਕਸ਼ ਪਾਲਿਸੀ ਘੜਨ ਵਿਚ ਆਪ ਦਾ ਖਾਸ ਰੋਲ 1985 ਤੋਂ ਚਲਿਆ ਆਉਂਦਾ ਹੈ।

ਪਾਠਕਾਂ ਦੇ ਪੱਤਰ

ਪੰਜਾਬ ਦੇ ਪੁਲਸ-ਜ਼ੁਲਮ ਦੀ ਅੱਖੀਂ ਦੇਖੀ ਕਹਾਣੀ

[illegible]

ਦੁੱਖੀ ਦਿਲ ਨਾਲ,

[illegible]

[illegible] — 'ਗੁਰਜਨੀਤ'

ਯੂਰਪੀ ਡਾਕਟਰ ਯੂ.ਕੇ. ਵਿਚ ਪ੍ਰੈਕਟਿਸ ਕਰ ਸਕਣਗੇ ਇਮੀਗਰੰਟ ਡਾਕਟਰਾਂ ਲਈ ਯੂ.ਕੇ. ਇਕ ਜੇਲ੍ਹਖਾਨਾ ਹੋਵੇਗਾ

ਲੰਡਨ — 1992 ਵਿਚ [illegible]

ਸਿੱਖ ਫੋਰਮ ਯੂ.ਕੇ. ਦੀ ਦੂਜੀ ਵਰ੍ਹੇਗੰਢ

ਲੰਡਨ — [illegible] 1984 [illegible]

ਲੁਕ ਕੇ ਬੜ੍ਹਕ ਨਾ ਮਾਰੋ

ਪਿਆਰੇ ਐਡੀਟਰ ਜੀ,

12 ਮਈ ਦੇ ਦੇਸ ਪ੍ਰਦੇਸ [illegible]

ਜੌੜੇ ਭਰਾਵਾਂ ਦਾ ਕਾਰਨਾਮਾ

[illegible]

ਸਵਾਲ ਜਵਾਬ



ਸਵਾਲ — ਖ਼ਤਰਿਆਂ ਨਾਲ ਟਕਰਾਉਣ ਨੂੰ ਕਦੋਂ ਦਿਲ ਕਾਹਲਾ ਪੈ ਜਾਂਦਾ ਹੈ ?

ਮਨਜੀਤ ਸਿੰਘ

ਜਵਾਬ — ਜਦ ਖ਼ਤਰੇ ਦੀ ਅਸਲੀਅਤ ਦਾ ਪਤਾ ਹੋਵੇ ਅਤੇ ਇਸ ਟੋਲ ਦੀ ਤਸੱਲੀ ਹੋਵੇ ਕਿ ਕੋਈ ਕਾਮ ਮੁਸ਼ਕਲ ਨਹੀਂ ਦਿਖਾਈ ਦਿੰਦੀ। ਫਿਲਮ ਐਕਟ੍ਰੈਸ ਬਣਨ ਲਈ ਉਤਾਵਲੀ ਇਕ ਮੁਟਿਆਰ ਜਦ ਕਿਸੇ ਡਾਇਰੈਕਟਰ ਕੋਲ ਇੰਟਰਵਿਊ ਲਈ ਜਾਣ ਲੱਗੀ ਤਾਂ ਉਸ ਦੀ ਸਹੇਲੀ ਨੇ ਨਸੀਹਤ ਕਰਦਿਆਂ ਆਖਿਆ, "ਜ਼ਰਾ ਹੁਸ਼ਿਆਰ ਰਹਿਣਾ। ਕਿਸੇ ਵੀ ਖ਼ੂਬਸੂਰਤ ਕੁੜੀ ਨੂੰ ਵੇਖ ਕੇ ਉਹ ਪਾਗਲ ਹੋ ਜਾਂਦਾ ਹੈ ਤੇ ਜੋਸ਼ ਦੀ ਹਾਲਤ ਵਿਚ ਉਸ ਦੇ ਕਪੜੇ ਵੀ ਲੀਰ ਲੀਰ ਕਰ ਦਿੰਦਾ ਹੈ।"

ਕੁੜੀ ਕਹਿਣ ਲੱਗੀ "ਮੈਨੂੰ ਪਤਾ ਹੈ। ਇਸ ਲਈ ਪੁਰਾਣੇ ਕਪੜੇ ਪਹਿਨ ਕੇ ਚੱਲੀ ਹਾਂ। ਨਵੇਂ ਕੱਪੜੇ ਹੈਂਡਬੈਗ ਵਿਚ ਹਨ।"

ਸਵਾਲ — ਕੀ ਜ਼ਿੰਦਗੀ ਵਿਚ ਕਾਮਯਾਬੀ ਲਈ ਮਿਹਨਤ ਜ਼ਰੂਰੀ ਹੈ ?

ਕੁਲਵਿੰਦਰ ਸੁਨੇਹਰ

ਜਵਾਬ — ਆਪਣੇ ਪੈਰਾਂ ਉਪਰ ਖੁਦ ਖੜਾ ਹੋਣ ਤੇ ਕਾਮਯਾਬੀ ਹਾਸਲ ਕਰਨ ਲਈ ਮਿਹਨਤ ਦੀ ਲੋੜ ਹੈ। ਪਰ ਕਈ ਲੋਕ ਆਪਣੇ ਪੈਰਾਂ ਦੀ ਲੋੜ ਮਹਿਸੂਸ ਨਹੀਂ ਕਰਦੇ। ਇਕ ਵੱਡੀ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਨੇ ਇਕ ਨੌਜਵਾਨ ਸੇਲਜ਼ਮੈਨ ਨੂੰ ਆਪਣੇ ਦਫ਼ਤਰ ਵਿਚ ਬੁਲਾ ਕੇ ਆਖਿਆ, "ਤੇਰੀ ਮਿਹਨਤ ਤੇ ਲਗਨ ਨੂੰ ਧਿਆਨ ਵਿਚ ਰੱਖਦਿਆਂ ਕੰਪਨੀ ਨੇ ਤੇਰੇ ਲਈ ਇਕ ਬੰਗਲਾ ਤੇ ਕਾਰ ਵਰਗੀਆਂ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਹੈ। ਤੇਰੀ ਕਈ ਹੋਰ ਖ਼ਾਹਿਸ਼ ?"

ਨੌਜਵਾਨ ਕਹਿਣ ਲੱਗਾ "ਇਸ ਤੋਂ ਜ਼ਿਆਦਾ ਹੋਰ ਕੀ ਕਹਿ ਸਕਦਾ ਹਾਂ ਕਿ 'ਤੁਹਾਡਾ ਬਹੁਤ ਬਹੁਤ ਧੰਨਵਾਦ ਡੈਡੀ।'"

ਸਵਾਲ — ਇਕ ਮਾਡਰਨ ਲੜਕੀ ਵਿਚ ਕਿਹੋ ਜਿਹੇ ਗੁਣ ਹੋਣੇ ਚਾਹੀਦੇ ਹਨ ?

ਮਨੋਜ ਕਿਰਨ ਸੰਧੂ

ਜਵਾਬ — ਉਹ ਮਰਦਾਂ ਵਾਲੇ ਸਭ ਕੰਮ ਕਰ ਸਕਦੀ ਹੋਵੇ। ਇਕ ਕੁੜੀ ਦੇ ਰਿਸ਼ਤੇ ਦੀ ਗੱਲ ਚੱਲ ਰਹੀ ਸੀ। ਕੁੜੀ ਦੀ ਮਾਂ ਕਹਿਣ ਲੱਗੀ, "ਮੇਰੀ ਬੇਟੀ ਬਹੁਤ ਲਾਇਕ ਹੈ। ਉਹ ਤੈਰਨਾ, ਤੈਰਨਾ, ਘੋੜਸਵਾਰੀ ਤੇ ਟੈਨਿਸ ਆਦਿ ਸਭ ਕੁਝ ਜਾਣਦੀ ਹੈ।"

"ਪਰ ਮੇਰਾ ਪੁੱਤਰ ਤਾਂ ਵਿਚਾਰਾ ਬਿਲਕੁਲ ਹੀ ਅਨਾੜੀ ਹੈ।" ਮੁੰਡੇ ਦੀ ਮਾਂ ਨੇ ਜਵਾਬ ਦਿੱਤਾ। "ਉਸ ਨੂੰ ਖਾਣਾ ਬਣਾਉਣ, ਕੱਪੜੇ ਧੋਣ ਤੇ ਬੱਚੇ ਆਦਿ ਪਾਲਣ ਦੇ ਢੰਗ ਤਰੀਕੇ ਦਾ ਕੋਈ ਪਤਾ ਨਹੀਂ।"

ਸਵਾਲ — ਇਨਸਾਨ ਆਪਣੇ ਆਪ ਨੂੰ ਜਾਨਵਰ ਸਮਝਣ ਲਈ ਮਜਬੂਰ ਕਦੋਂ ਹੁੰਦਾ ਹੈ ?

ਹਰਜੀਤ ਤਾਰੇਵਾਲਾ

ਜਵਾਬ — ਜਦ ਦੋਸਤ, ਰਿਸ਼ਤੇਦਾਰ ਤੇ ਆਲਾ ਦੁਆਲਾ ਬਹੁਤ ਹੀ ਮਤਲਬੀ ਹੋ ਜਾਵੇ। ਚਿਰਲੂ ਕੋਲ ਫਰਮਾ ਨੇ ਆਪਣੇ ਦੋਸਤ ਕੋਲ ਸ਼ਿਕਾਇਤ ਕੀਤੀ ਕਿ ਸਵੇਰ ਵੇਲੇ ਉਸ ਨੇ ਕਾਫ਼ੀ ਦੇਰ ਤੱਕ ਉਸ ਦੇ ਘਰ ਦੀ ਡੋਰ ਬੈੱਲ ਵਜਾਈ, ਪਰ ਕਿਸੇ ਨੇ ਵੀ ਦਰਵਾਜ਼ਾ ਨਾ ਖੋਲ੍ਹਿਆ।

ਦੋਸਤ ਕਹਿਣ ਲੱਗਾ, "ਉਸ ਵੇਲੇ ਸ਼ਾਇਦ ਘਰ ਤੇ ਕੋਈ ਹੋਵੇਗਾ ਇਸ ਲਈ 'ਜਰ' ਦੀ ਆਵਾਜ਼ ਸੁਣਾਈ ਨਾ ਦਿੱਤੀ ਹੋਵੇਗੀ।"

"ਜਦੋਂ ਕੁੱਤਾ ਭੌਂਕੇ ਤਾਂ ਸਮਝ ਜਾਇਆ ਕਰੋ ਕਿ ਕਾਨੂੰਨ ਤੋੜਿਆ ਗਿਆ ਹੈ।" ਚਿਰਲੂ ਨੇ ਦੋਸਤ ਨੂੰ ਨਸੀਹਤ ਕੀਤੀ।

"ਘੰਟੀ ਦਾ ਕੀ ਕਰਨਾ।" ਦੋਸਤ ਨੇ ਜਵਾਬ ਦਿੱਤਾ, "ਕਈ ਵਾਰ ਕੁੱਤਾ ਘੰਟੀ ਨੂੰ ਦੇਖ ਕੇ ਹੀ ਭੌਂਕਣਾ ਸ਼ੁਰੂ ਕਰ ਦਿੰਦਾ ਹੈ।"

ਸਵਾਲ — ਇਨਸਾਨ ਦਾ ਆਪਣਾ ਪਹਿਰਾਵਾ ਵੀ ਉਸ ਨੂੰ ਕਦੋਂ ਧੋਖਾ ਦੇ ਜਾਂਦਾ ਹੈ ?

ਰਿਤਾ ਅਰਜਨ ਗਾਮਾਲਾ

ਜਵਾਬ — ਜਦ ਉਸ ਦਾ ਦਿਲ, ਦਿਮਾਗ ਤੇ ਹਰ ਖਿਆਲ ਸਿਆਣਿਆਂ ਮੁਤਾਬਕ ਹੋ ਕੇ ਉਸ ਦੀ ਅਗਿਆ ਦਾ ਪਾਲਣ ਕਰਨ ਤੋਂ ਇਨਕਾਰੀ ਹੋ ਜਾਣ। ਚਿਰਲੂ ਫਰਮਾ ਜਦ ਕਮਰੇ ਦੁਕਾਨ ਵਿਚ ਗਿਆ ਤਾਂ ਉਸ ਦੀ ਨਜ਼ਰ ਇਕ ਅਜਿਹੇ ਫੁਲਦਾਨ ਉੱਪਰ ਪਈ ਜੋ ਡਿੱਗਣ ਵਾਲਾ ਸੀ। ਉਸ ਨੇ ਇਕ ਹੱਥ ਨਾਲ ਚੁੱਕ ਕੇ ਦੂਜਾ ਹੱਥ ਉਸਦੇ ਉੱਪਰ ਰੱਖਦਾ ਹੋਇਆ ਕਹਿਣ ਲੱਗਾ, "ਇਹ ਗਾਹਕ ਇਸ ਕੰਮ ਆਉਂਦਾ ਹੋਵੇਗਾ। ਕਿਉਂਕਿ ਇਸ ਦਾ ਤਾਂ ਮੂੰਹ ਹੀ ਨਹੀਂ।" ਅਜਿਹਾ ਕਹਿੰਦਿਆਂ ਜਦ ਉਸ ਨੇ ਫੁਲਦਾਨ ਦੇ ਹੇਠਾਂ ਹੱਥ ਰੱਖਿਆ ਤਾਂ ਜ਼ਰਾ ਨਾਲ ਹੱਸਦਿਆਂ ਦੁਬਾਰਾ ਕਹਿਣ ਲੱਗਾ, "ਹੱਦ ਹੋ ਗਈ ਇਸ ਦਾ ਤਾਂ ਥੱਲਾ ਵੀ ਗਾਇਬ ਹੈ।"

ਸਵਾਲ — ਦੂਜਿਆਂ ਨੂੰ ਨਸੀਹਤ ਦੇਣ ਵਾਲੇ ਬੇਵਕੂਫ ਨੂੰ ਕੀ ਆਖਿਆ ਜਾਵੇ ?

ਜਸਵਿੰਦਰ, ਫੈਜ਼ਲ

ਜਵਾਬ — ਅਜਿਹੇ ਮੁਫ਼ਤ ਸਲਾਹਕਾਰਾਂ ਨੂੰ ਇਨਸਾਨ ਦੀ ਉਹਨਾਂ ਨਾਲ ਸਾਹ ਲੈਣਾ ਚਾਹੀਦਾ ਹੈ। ਰੇਲ ਵਿਚ ਸਫ਼ਰ ਕਰਦਿਆਂ ਚਿਰਲੂ ਨੇ ਜਦ ਇਕ ਬੰਦੇ ਕੋਲੋਂ ਸਿਗਰਟ ਮੰਗੀ ਤਾਂ ਉਸ ਬੰਦੇ ਨੇ ਸਿਗਰਟ ਦਿੰਦਿਆਂ ਪੁੱਛ ਲਿਆ, "ਤੁਸੀਂ ਕੀ ਕੰਮ ਕਰਦੇ ਹੋ ?"

"ਮੈਂ ਇਕ ਲੇਖਕ ਹਾਂ।" ਚਿਰਲੂ ਨੇ ਜਵਾਬ ਦਿੱਤਾ।

"ਕੀ ਲਿਖਿਆ ਹੈ ਤੁਸੀਂ ?"

"ਇਕ ਪੁਸਤਕ ਲਿਖੀ ਹੈ ਜਿਸ ਦਾ ਨਾਂ ਹੈ 'ਧਨ ਕਮਾਉਣ ਦੇ 101 ਢੰਗ ਤਰੀਕੇ'।" ਚਿਰਲੂ ਨੇ ਬੜੇ ਮਾਣ ਨਾਲ ਜਵਾਬ ਦਿੱਤਾ।

"ਫਿਰ ਤੁਸੀਂ ਖੁਦ ਭੀਖ ਕਿਉਂ ਮੰਗ ਰਹੇ ਹੋ ?"

ਚਿਰਲੂ ਕਹਿਣ ਲੱਗਾ "ਇਹ ਵੀ 101 ਤਰੀਕਿਆਂ ਵਿਚ ਦਰਜ ਹੈ।"

ਸਵਾਲ — ਗਰੀਬ ਇਨਸਾਨ ਸ਼ਾਹੀ ਮਹੱਲਾਂ ਨਾਲ ਟਕਰਾਉਣ ਬਾਰੇ ਕਦੋਂ ਸੋਚਦਾ ਹੈ ?

ਹਰਵਿੰਦਰ ਜਲੰਧਰ

ਜਵਾਬ — ਜਦ ਉਸ ਦੀ ਗਰੀਬੀ ਦਾ ਮਜ਼ਾਕ ਉਡਾਇਆ ਜਾਵੇ। ਇਕ ਅਜਿਹਾ ਨੌਜਵਾਨ ਬੈਂਕ ਮੈਨੇਜਰ ਕੋਲ ਗਿਆ ਤੇ ਸਾਈਕਲ ਖਰੀਦਣ ਲਈ ਕਰਜ਼ੇ ਦੀ ਮੰਗ ਕੀਤੀ। ਮੈਨੇਜਰ ਪੁੱਛਣ ਲੱਗਾ, "ਨੌਕਰੀ ਤੋਂ ਇਲਾਵਾ ਤੇਰੀ ਹੋਰ ਜਾਇਦਾਦ ਕੀ ਹੈ ?"

ਇਹ ਸਵਾਲ ਸੁਣ ਕੇ ਨੌਜਵਾਨ ਪ੍ਰੇਸ਼ਾਨ ਹੋ ਗਿਆ ਤੇ ਕਹਿਣ ਲੱਗਾ "ਮੈਂ ਸਮਝਿਆ ਨਹੀਂ।"

"ਮੇਰਾ ਮਤਲਬ ਹੈ ਤੇਰੀ ਕੋਈ ਹੋਰ ਜਾਇਦਾਦ ਜਿਵੇਂ ਜ਼ਮੀਨ ਜਾਂ ਘਰ ?" ਮੈਨੇਜਰ ਨੇ ਸਮਝਾਉਂਦਿਆਂ ਹੋਇਆਂ ਪੁੱਛਿਆ।

"ਜੀ ਹਾਂ, ਮੈਂ ਸਮਝ ਗਿਆ।"

ਨੌਜਵਾਨ ਨੇ ਜਵਾਬ ਦਿੱਤਾ, "ਪੰਜ ਕਮਰਿਆਂ ਵਾਲਾ ਇਕ ਬੰਗਲਾ।"

"ਕਦ ਹੋਰ ?"

"ਤੂੰ ਮੇਰੇ ਨਾਲ ਮਜ਼ਾਕ ਕਰ ਰਿਹਾ ਏਂ।" ਮੈਨੇਜਰ ਘਬਰਾ ਗਿਆ।

ਪਰ ਨੌਜਵਾਨ ਕਹਿਣ ਲੱਗਾ "ਪਹਿਲਾ ਤੁਸੀਂ ਹੀ ਸ਼ੁਰੂ ਕੀਤਾ ਸੀ।"

ਸਵਾਲ — ਇਨਸਾਨ ਦੀ ਅਮੀਰ ਤੇ ਵੱਡਾ ਬਣਨ ਦੀ ਲਾਲਸਾ ਪਿੱਛੇ ਕਿਹੜੀ ਭਾਵਨਾ ਕੰਮ ਕਰ ਰਹੀ ਹੁੰਦੀ ਹੈ ?

ਬਲਦੇਵ, ਗਰੇਵਾਲ

ਜਵਾਬ — ਇਨਸਾਨ ਦੀ ਅਜਿਹੀ ਹੋੜ ਸਿਰਫ ਹਉਮੈ ਦੀ ਪੂਰਤੀ ਲਈ ਹੀ ਲੱਗੀ ਹੋਈ ਹੈ। ਹਰੇਕ ਇਨਸਾਨ ਅੰਦਰ ਇਹ ਭਾਵਨਾ ਲੁਕੀ ਹੋਈ ਹੁੰਦੀ ਹੈ ਕਿ ਸਾਰੀ ਦੁਨੀਆਂ ਉਸ ਦੇ ਦਾਬੇ ਦੀ ਕਿਰਪਾਲੂ ਕਰ ਰਹੀ ਹੋਵੇ। ਇਕ ਬੰਦਾ ਆਪਣੇ ਦੂਜੇ ਦੋਸਤ ਦੇ ਦਫਤਰ ਵਿਚ ਗਿਆ ਜੋ ਇਕ ਵੱਡੀ ਕੰਪਨੀ ਦਾ ਮਾਲਕ ਸੀ। ਜਦ ਉਹ ਉਸ ਦੇ ਕਮਰੇ 'ਚ ਪੁੱਜਾ ਤਾਂ ਮੇਜ਼ ਉੱਪਰ ਫਾਈਲਾਂ ਦੇ ਢੇਰ ਸਾਰੇ ਫੋਨ ਦੇ ਨਾਲ ਹੀ ਸ਼ੀਸ਼ੇ ਦਾ ਇਕ ਮਰਤਬਾਨ ਵੀ ਪਿਆ ਸੀ ਜਿਸ ਵਿਚ ਇਕ ਮੱਛੀ ਸੀ। ਉਸ ਨੇ ਹੈਰਾਨ ਹੋ ਕੇ ਪੁੱਛਿਆ, "ਜ਼ਰੂਰੀ ਫਾਈਲਾਂ ਦੇ ਨਾਲ ਇਸ ਮੱਛੀ ਦੀ ਮੌਜੂਦਗੀ ਦਾ ਕੀ ਮਤਲਬ ?"

ਦੋਸਤ ਨੇ ਇਕ ਠੰਡਾ ਹਉਕਾ ਲਿਆ ਤੇ ਕਹਿਣ ਲੱਗਾ, "ਮੈਂ ਚਾਹੁੰਦਾ ਹਾਂ ਕਿ ਹਰ ਵੇਲੇ ਇਕ ਜੀਵ ਮੇਰੇ ਸਾਹਮਣੇ ਮੂੰਹ ਅੱਡੀ ਖੜਾ ਹੋਵੇ ਪਰ ਉਹ ਤਨਖਾਹ ਵਿਚ ਵਾਧੇ ਦੀ ਮੰਗ ਨਾ ਕਰੇ।"

ਸਵਾਲ — ਜ਼ਿੰਦਗੀ ਵਿਚ ਔਰਤ ਦੀ ਸਭ ਤੋਂ ਵੱਡੀ ਤਮੰਨਾ ਕੀ ਹੁੰਦੀ ਹੈ ?

ਰਜਿੰਦਰ, ਲੌਂਗੋਵਾਲ

ਜਵਾਬ — ਕਿ ਉਹ ਇੰਨੀ ਦੌਲਤਮੰਦ ਹੋਵੇ ਕਿ ਦੁਨੀਆਂ ਭਰ ਦੀ ਸ਼ਾਪਿੰਗ ਕਰ ਸਕੇ। ਕਈ ਵਰ੍ਹਿਆਂ ਬਾਅਦ ਦੋ ਸਹੇਲੀਆਂ ਆਪਸ ਵਿਚ ਮਿਲੀਆਂ ਤਾਂ ਇਕ ਕਹਿਣ ਲੱਗੀ "ਸੁਣਿਐ ਕਿ ਤੂੰ ਇਕ ਲੱਖਪਤੀ ਮਰਦ ਨਾਲ ਵਿਆਹ ਕਰਵਾਇਆ।"

"ਹਾਂ ਵਿਆਹ ਤਾਂ ਕਰਵਾਇਆ ਪਰ ਲੱਖਪਤੀ ਉਸ ਨੂੰ ਮੈਂ ਹੀ ਬਣਾਇਆ ਹੈ।"

"ਪਹਿਲਾ ਕੀ ਸੀ ?"

"ਕਰੋੜਪਤੀ" ਸਹੇਲੀ ਨੇ ਜਵਾਬ ਦਿੱਤਾ।

ਸਵਾਲ — ਇਨਸਾਨ ਆਪਣੇ ਆਪ ਨੂੰ ਮੁਆਫ਼ ਨਾ ਕਰਨ ਲਈ ਕਦੋਂ ਲਾਚਾਰ ਹੋ ਜਾਂਦਾ ਹੈ ?

ਪਰਮਜੀਤ, ਸੰਗਰੂਰ

ਜਵਾਬ — ਜਦ ਤੀਰ ਕਮਾਨ 'ਚੋਂ ਨਿਕਲ ਚੁੱਕਾ ਹੁੰਦਾ ਹੈ ਤੇ ਸਿਰਫ਼ ਥੋੜ੍ਹੇ ਸਮੇਂ ਦੇ ਧੁੰਦਲੇ ਪਛਤਾਵੇ ਦੀ ਯਾਦ ਹੀ ਬਾਕੀ ਰਹਿ ਜਾਂਦੀ ਹੈ। ਇਕ ਅਣਜਾਣੀ ਸੇਲਜ਼ਮੈਨ ਪੇਂਡੂ ਇਲਾਕੇ ਦਾ ਦੌਰਾ ਕਰ ਰਿਹਾ ਸੀ। ਇਕ ਪਿੰਡ ਵਿਚ ਰਾਤ ਪੈ ਜਾਣ ਤੇ ਉਸ ਨੇ ਇਕ ਕਿਸਾਨ ਨੂੰ ਬੇਨਤੀ ਕਰਦਿਆਂ ਪੁੱਛਿਆ "ਕੀ ਤੁਸੀਂ ਮੈਨੂੰ ਆਪਣੇ ਘਰ 'ਚ ਇਕ ਰਾਤ ਲਈ ਪਨਾਹ ਦੇ ਸਕਦੇ ਹੋ ?"

ਕਿਸਾਨ ਕਹਿਣ ਲੱਗਾ, "ਤੂੰ ਮੇਰੇ ਘਰ ਰਹਿ ਤਾਂ ਸਕਦਾ ਹੈਂ। ਪਰ ਬਿਸਤਰਿਆਂ ਦੀ ਘਾਟ ਹੋਣ ਕਰਕੇ ਇਸ ਲਈ ਬੇਬੀ ਨੂੰ ਆਪਣੇ ਨਾਲ ਪਾਉਣਾ ਪਵੇਗਾ।"

ਬੇਬੀ ਦਾ ਨਾਂ ਸੁਣ ਕੇ ਸੇਲਜ਼ਮੈਨ ਦੇ ਦਿਮਾਗ ਵਿਚ ਇਕ ਸੁੰਦਰ ਜਿਹੀ ਬੱਚੀ ਦੀ ਤਸਵੀਰ ਉਭਰੀ। ਉਸ ਨੂੰ ਸ਼ਾਮ ਵੇਲੇ ਆਪਣੀ ਚੰਗੀ ਦਾ ਜਲਾ ਠੰਡਾ ਸਾਹ ਮਾਰਨਾ ਤੇ ਬਿਸਤਰਾ ਲਿਆ ਕਰ ਦੇਣ ਦਾ ਸਿਲਸਿਲਾ ਯਾਦ ਆਇਆ। ਉਹ ਛੇਤੀ ਨਾਲ ਸੰਭਲ ਕੇ ਕਹਿਣ ਲੱਗਾ, "ਤਾਂ ਫਿਰ ਕੋਈ ਗੱਲ ਨਹੀਂ ਮੈਂ ਤੁਹਾਡੇ ਵਾਲੇ ਅੰਦਰ ਹੀ ਪੈ ਜਾਵਾਂਗਾ।"

ਸਵੇਰ ਵੇਲੇ ਸੇਲਜ਼ਮੈਨ ਦੀ ਅੱਖ ਉਸ ਵੇਲੇ ਖੁੱਲ੍ਹੀ ਜਦ ਕਿਸੇ ਨੇ ਮੋਢਾ ਫੜ ਕੇ ਉਸ ਨੂੰ ਨੀਂਦ ਤੋਂ ਜਗਾਇਆ। ਨੀਂਦ ਤੋਂ ਜਗਾਉਣ ਵਾਲੀ ਨੂੰ ਦੇਖ ਕੇ ਸੇਲਜ਼ਮੈਨ ਦੀਆਂ ਅੱਖਾਂ ਚੁੰਧਿਆ ਗਈਆਂ ਕਿਉਂਕਿ ਉਸਦੇ ਸਾਹਮਣੇ ਬਹੁਤ ਹੀ ਹੁਸੀਨ ਮੁਟਿਆਰ ਖੜ੍ਹੀ ਸੀ। ਪੁੱਛਣ ਲੱਗਾ "ਤੂੰ ਕੌਣ ਏਂ ?"

"ਤੇਰੀ ਮੈਂ ਬੇਬੀ ਆਖਦੇ ਹਨ।" ਕੁੜੀ ਨੇ ਜਵਾਬ ਦਿੱਤਾ। ਫਿਰ ਉਹ ਪੁੱਛਣ ਲੱਗੀ, "ਤੁਸੀਂ ਕੌਣ ਹੋ ?"

"ਮੈਂ ਇਕ ਗਧਾ ਹਾਂ। ਜਿਸ ਦੀ ਕਿਸਮਤ ਵਿਚ ਧੁਰੋਂ ਖਾਣਾ ਹੀ ਲਿਖਿਆ ਹੈ।" ਸੇਲਜ਼ਮੈਨ ਨੇ ਮੱਥੇ ਉਪਰ ਹੱਥ ਮਾਰਦਿਆਂ ਆਖਿਆ।



- ਵਿਆਹ ਸ਼ਾਦੀ ਪਾਰਟੀਆਂ
- ਬਰਥ-ਡੇ ਪਾਰਟੀਆਂ
- ਅਖੰਡ ਪਾਠਾਂ
- ਜਾਂ ਕਿਸੇ ਵੀ ਸਮਾਗਮ ਲਈ

ਟੈਂਟਾਂ ਅਤੇ ਚਾਨਣੀਆਂ ਸਾਡੇ ਪਾਸੋਂ ਕਿਰਾਏ 'ਤੇ ਲਵੋ



- ਪੂਰੀ ਫਿਟਿੰਗ ਕਰਕੇ ਦੇਣੀ ਅਤੇ ਖੋਹਲ ਕੇ ਲੈ ਜਾਣਾ ਸਾਡਾ ਕੰਮ। ਕੁਰਸੀਆਂ ਅਤੇ ਮੇਜ਼ਾਂ ਦੀ ਸਹੂਲਤ ਵੀ ਦਿੰਦੇ ਹਾਂ।
- ਹਰ ਸਾਈਜ਼ ਅਤੇ ਹਰ ਰੰਗ ਵਿਚ ਟੈਂਟ ਮਿਲਦੇ ਹਨ।
- ਸਾਊਥਾਲ ਤੋਂ 100 ਮੀਲ ਤੱਕ ਦੇ ਘੇਰੇ ਵਿਚ ਸਪਲਾਈ ਕਰਦੇ ਹਾਂ।

OCCASIONS

195-199 The Broadway, Southall Middx.

Tel: 01-574-1149

ਸਾਊਥਾਲ ਵਿਚ ਸੂਟਕੇਸਾਂ ਦਾ ਸਭ ਤੋਂ ਵੱਡਾ ਸ਼ੋ-ਰੂਮ



ਅਸੀਂ ਦਰਜਨਾਂ ਕਿਸਮ ਦੇ ਸੂਟਕੇਸ ਰੱਖਦੇ ਹਾਂ। ਛੋਟੇ ਸਾਈਜ਼ ਤੋਂ ਲੈ ਕੇ ਵੱਡੇ ਸਾਈਜ਼ ਤੱਕ, ਹਰ ਰੰਗ, ਹਰ ਕੀਮਤ ਅਤੇ ਹਰ ਕਿਸਮ ਦੇ ਸੂਟਕੇਸ ਹਨ। ਬ੍ਰੀਫਕੇਸ ਵੀ ਕਈ ਕਿਸਮ ਦੇ ਹਨ। ਵਿਆਹਾਂ ਵਾਸਤੇ ਪੇਟੀਆਂ ਸਾਡੀ ਵਿਸ਼ੇਸ਼ਤਾ ਹੈ।

ਵਿਆਹਾਂ, ਪਾਰਟੀਆਂ ਆਦਿ ਲਈ ਕੰਬਲ ਸਸਤੇ ਭਾਅ ਦਿੰਦੇ ਹਾਂ। ਕਮੀਜ਼ਾਂ ਦੀ ਥੋਕ ਦੇ ਭਾਅ ਚੁੱਕੋ।

ਰਜ਼ਾਈਆਂ ਦਾ ਵੇਅਰ ਹਾਊਸ

ਸਾਡੀ ਦੁਕਾਨ ਰਜ਼ਾਈਆਂ ਦਾ ਵੇਅਰਹਾਊਸ ਹੀ ਸਮਝੋ। ਪਲੇਨ, ਸ਼ਨੀਲ, ਕਾਟਨ, ਸਾਟਨ ਗੱਲ ਕੀ ਹਰ ਕਿਸਮ ਦੀਆਂ ਰਜ਼ਾਈਆਂ ਸਾਥੋਂ ਮਿਲਦੀਆਂ ਹਨ। ਅਸੀਂ ਅੰਗਰੇਜ਼ੀ ਰਜ਼ਾਈਆਂ ਵੀ ਰੱਖਦੇ ਹਾਂ। ਏਨੀ ਵੱਡੀ ਵੰਨਗੀ ਤੁਹਾਨੂੰ ਹੋਰ ਕਿਤੋਂ ਨਹੀਂ ਮਿਲੇਗੀ। ਬੈਡਸਪਰੈਡ ਅਤੇ ਬਿਸਤਰਿਆਂ ਦੀਆਂ ਚਾਦਰਾਂ ਚਿੱਟੀਆਂ ਅਤੇ ਰੰਗਦਾਰ ਲੱਖਾਂ ਦੀ ਗਿਣਤੀ ਵਿਚ ਪਈਆਂ ਹਨ। ਸਰਹਾਣੇ ਅਤੇ ਉਛਾੜ ਵੀ ਸਾਥੋਂ ਮਿਲਦੇ ਹਨ। ਵਿਆਹਾਂ ਲਈ ਤਿੱਲੇਦਾਰ ਹਾਰ ਅਤਿਅੰਤ ਖੂਬਸੂਰਤ ਸਾਥੋਂ ਲਵੋ।

ਭਾਂਡਿਆਂ ਦਾ ਭੰਡਾਰ

ਸਾਡੀ ਦੁਕਾਨ ਰਸੋਈ ਦੇ ਵਰਤਣ ਵਾਲੇ ਭਾਂਡਿਆਂ ਦਾ ਭੰਡਾਰ ਹੈ। ਹਰ ਸਾਈਜ਼ ਦੇ ਪਤੀਲੇ, ਪਰਾਤਾਂ, ਡਿਸਪੋਜ਼ੇਬਲ ਕਰਾਕਰੀ ਅਤੇ ਗਲਾਸ ਆਦਿ ਮਿਲਦੇ ਹਨ।

ਸਜਾਵਟੀ ਸਾਮਾਨ

ਕਮਰਿਆਂ ਦੀ ਸਜਾਵਟ ਅਥਵਾ ਡੈਕੋਰੇਸ਼ਨ ਦਾ ਸਾਰਾ ਸਾਮਾਨ ਸਾਥੋਂ ਮਿਲਦਾ ਹੈ।

SPECIAL OFFER!



Lady's Handbags

£2.99

SOUTHALL DISCOUNT DRAPERS

195-199 The Broadway, Southall Middx.

Tel: 01-574-1149

ਇੰਗਲੈਂਡ 'ਚ ਹਰ ਸਾਲ 25000 ਦੇ ਕਰੀਬ ਔਰਤਾਂ ਨੂੰ ਛਾਤੀਆਂ ਦਾ ਕੈਂਸਰ ਹੁੰਦਾ ਹੈ

15000 ਹਰ ਸਾਲ ਬੀਮਾਰੀ ਨਾਲ ਮਰ ਜਾਂਦੀਆਂ ਹਨ

[illegible]

ਫਿਲਮ ਸੁੰਦਰੀ ਰੇਖਾ ਨੇ ਲੈਸਟਰ ਵਿਚ ਤਰਥੱਲੀ ਮਚਾ ਦਿੱਤੀ

[illegible]

ਲੈਸਟਰ ਵਿਚ ਰੇਖਾ ਦਾ [illegible]

[illegible]

ਸਿੱਖ ਐਜੂਕੇਸ਼ਨ ਕਾਨਫਰੰਸ

[illegible]

ਪੱਬ ਅੰਦਰ ਗਲਾਸੀਮਾਰ ਗੁਰਦਾਵਰ ਨੂੰ ਦੋ ਸਾਲ ਕੈਦ ਦੀ ਸਜ਼ਾ

[illegible]

ਲੰਡਨ ਦੇ ਸਕੂਲਾਂ ਵਿਚ ਘੱਟ ਗਿਣਤੀ ਦੇ ਬੱਚਿਆਂ ਦੀ ਗਿਣਤੀ 48 ਪ੍ਰਤੀਸ਼ਤ ਹੈ

ਲੰਡਨ — ਨਵੇਂ ਛਪੇ ਅੰਕੜਿਆਂ ਅਨੁਸਾਰ ਅੰਦਰੂਨੀ ਲੰਡਨ ਦੇ ਸਕੂਲਾਂ ਵਿਚ ਪੜ੍ਹਦੇ 230000 ਵਿਦਿਆਰਥੀਆਂ ਵਿਚੋਂ ਬਹੁਤੀ ਗਿਣਤੀ ਘੱਟ ਗਿਣਤੀਆਂ 'ਚੋਂ ਆਏ ਬੱਚਿਆਂ ਦੀ ਹੈ। ਅੰਦਰੂਨੀ ਲੰਡਨ ਦੇ 750 ਪ੍ਰਾਇਮਰੀ ਸਕੂਲਾਂ ਦੀ 150000 ਗਿਣਤੀ ਵਿਚੋਂ 48 ਪ੍ਰਤੀਸ਼ਤ ਘੱਟ ਗਿਣਤੀਆਂ ਵਿਚੋਂ ਹਨ।




ੴ ਵਾਹਿਗੁਰੂ ਜੀ ਕੀ ਫ਼ਤਹਿ॥

14 ਮਈ 1989 (ਐਤਵਾਰ)

ਸਵੇਰੇ 11.30 ਤੋਂ 5.30 ਸ਼ਾਮ ਤੱਕ

ਦੀ ਸਿੱਖ ਸੈਂਟਰ, ਚੈਪਲਟਾਊਨ ਰੋਡ ਲੀਡਜ਼ ਵਿਖੇ

ਸਿੱਖ ਪੰਥਕ-ਵਿਚਾਰ ਸੈਮੀਨਾਰ

ਬ੍ਰਤਾਨੀਆਂ ਭਰ ਦੇ ਸਮੂਹ ਬੁੱਧੀਜੀਵੀਓ, ਲੇਖਕੋ ਅਤੇ ਸਾਧ ਸੰਗਤ ਜੀ

ਆਪ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਉਪਰ ਦਿੱਤੇ ਸਮੇਂ ਅਤੇ ਸਥਾਨ ਅਨੁਸਾਰ ਲੀਡਜ਼ (ਯਾਰਕਸ਼ਾਇਰ) ਵਿਖੇ ਪੰਥਕ ਵਿਚਾਰ ਕਰਨ ਲਈ ਇਕ ਸੈਮੀਨਾਰ ਬੁਲਾਇਆ ਗਿਆ ਹੈ, ਜਿਸ ਵਿਚ ਪਹੁੰਚ ਕੇ ਬੁਲਾਰਿਆਂ ਦੇ ਵਿਚਾਰ ਸੁਣੋ ।

ਲੈਕਚਰ ਇਸ ਪ੍ਰਕਾਰ ਹਨ:

ਵਿਸ਼ਾ:

ਸਿਖ ਧਰਮ ਕਿਧਰ ਨੂੰ ?

1. ਸਿਖ ਧਰਮ 20ਵੀਂ ਸਦੀ ਵਿਚ ਅਤੇ 21ਵੀਂ ਸਦੀ ਵਿਚ।
— ਡਾ: ਅਰਜਨ ਕ੍ਰਿਪਾਲ ਸਿੰਘ
ਸਿਖ ਧਰਮ ਉਤੇ ਕੌਮਾਂਤਰੀ ਲੈਕਚਰਾਰ
2. ਸਿਖ ਧਰਮ ਵਿਚ ਨਵੀਨ ਵਿਆਖਿਆ ਦੀ ਲੋੜ
— ਡਾ: ਜਸਦੇਵ ਸਿੰਘ

ਵਿਸ਼ਾ:

ਸਿਖ ਸਾਹਿਤ

1. ਸਿਖ ਸਾਹਿਤ ਵਿਚ ਵਿਰੋਧਆਤਮਿਕ ਵਿਸ਼ੇ
— ਡਾ: ਜੀ. ਮਨਸੁਖਾਨੀ
2. TACKLING CONTROVERSIES A RELATIVE EXPERIENCE.
—ਪ੍ਰੋਫੈਸਰ ਰਾਮਿੰਦਰ ਸਿੰਘ

ਬਾਦ 'ਚ ਖੁੱਲ੍ਹਾ ਸਮਾਗਮ ਹੋਵੇਗਾ

ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਸੇਵਾਦਾਰ:

ਜਸਪਾਲ ਸਿੰਘ ਬ੍ਰੈਡਫੋਰਡ
ਫ਼ੂਨ 0274-671050

ਜਸਵਿੰਦਰ ਸਿੰਘ ਲੂਟਨ
ਫ਼ੂਨ: 0582-458984
0462-34355

ਸਹੀ ਵਿਚਾਰਧਾਰਾ ਨਾਲ ਹੀ ਸਿੱਖ ਨੌਜਵਾਨ ਅੱਗੇ ਆ ਸਕਣਗੇ

ਅਸਲ ਵਿਚ ਕਾਂਗਰਸ ਸਰਕਾਰ ਸਿੱਖਾਂ ਵਰਗੀ ਦੇਸ਼ ਭਗਤ ਜਾਤੀ ਨਾਲ ਪਿਛਲੇ ਬਤਾਲੀ ਸਾਲ ਤੋਂ ਵਿਤਕਰਾ ਕਰਦੀ ਰਹੀ ਹੈ। ਕਿਉਂ ਪੰਜਾਬੀ ਸੂਬਾ ਵੇਲੇ ਸਿਰ ਨਾ ਬਣਾਇਆ ਗਿਆ ? ਕਿਉਂ ਚੰਡੀਗੜ੍ਹ ਬਾਹਰ ਰੱਖਿਆ ਗਿਆ ? ਕਿਉਂ ਵਾਰ-ਵਾਰ ਹਰਿਆਣੇ ਨੂੰ ਪੰਜਾਬ ਦਾ ਸ਼ਰੀਕ ਬਣਾਉਣ ਦਾ ਉਚੇਚਾ ਯਤਨ ਕੀਤਾ ਗਿਆ ? ਸਿਰਫ ਇਸ ਕਰਕੇ, ਕਿਉਂਕਿ ਪੰਜਾਬ ਦੇ 'ਦਾਅਵੇਦਾਰ' ਸਿੱਖ ਬਣਦੇ ਸਨ ? ਸਿੱਖਾਂ ਨਾਲ ਹੀ ਨਹੀਂ, ਕਸ਼ਮੀਰ ਦੇ ਮੁਸਲਮਾਨਾਂ ਨਾਲ ਵਾਰ-ਵਾਰ ਵਿਤਕਰਾ ਤੇ ਅਵਿਸ਼ਵਾਸ਼ੀ ਪ੍ਰਗਟ ਕੀਤੀ ਜਾ ਰਹੀ ਹੈ। ਜੇ ਸ਼ੇਖ ਅਬਦੁੱਲਾ ਨੂੰ ਆਖਰ ਮੁੱਖ ਮੰਤਰੀ ਬਣਾਉਣਾ ਹੀ ਸੀ ਤਾਂ ਉਹਨਾਂ ਨੂੰ 17 ਸਾਲ ਨਜ਼ਰਬੰਦ ਕਿਉਂ ਰੱਖਿਆ ਗਿਆ ? ਡਾ. ਫਾਰੂਕ ਅਬਦੁੱਲਾ ਨੇ ਜਦੋਂ ਤੱਕ ਕਾਂਗਰਸ ਨਾਲ ਭਾਈਵਾਲੀ ਨਹੀਂ ਪਾ ਲਈ, ਉਸ ਨੂੰ ਰਾਜ ਨਹੀਂ ਕਰਨ ਦਿੱਤਾ ਗਿਆ।

ਪ੍ਰੋ. ਪਿਆਰਾ ਸਿੰਘ ਭੋਗਲ

ਪਿਛਲੇ ਹਫ਼ਤਿਆਂ ਤੋਂ ਇਹੋ ਜਿਹੇ ਨਵੇਂ ਬਿਆਨ ਛਪੇ ਹਨ, ਜਿਹਨਾਂ ਵਿਚ ਸੁਝਾਅ ਦਿੱਤਾ ਹੈ ਕਿ ਬੁੱਢੀ ਤੇ ਅਸਫਲ ਹੋ ਚੁੱਕੀ ਅਕਾਲੀ ਲੀਡਰਸ਼ਿਪ ਪਾਸੇ ਬੈਠ ਜਾਏ ਤੇ ਨੌਜਵਾਨਾਂ ਨੂੰ ਪੰਥ ਦੀ ਵਾਗਡੋਰ ਸੰਭਾਲਣ ਦਿੱਤੀ ਜਾਏ। ਨੌਜਵਾਨਾਂ ਨੇ ਪਿਛਲੇ ਦਸ ਸਾਲਾਂ ਵਿਚ ਬਹੁਤ ਕੁਰਬਾਨੀਆਂ ਦਿੱਤੀਆਂ ਹਨ ਤੇ ਅਕਹਿ ਤੇ ਅਸਹਿ ਕਸ਼ਟ ਝੱਲੇ ਹਨ। ਸੁਭਾਵਿਕ ਹੀ ਉਹਨਾਂ ਨੂੰ ਅਤੇ ਉਹਨਾਂ ਦੇ ਪ੍ਰਸ਼ੰਸਕਾਂ ਨੂੰ ਇਸ ਗੱਲ ਦਾ ਕਰੜਾ ਰੋਸ ਹੈ ਕਿ ਜਦ ਵੀ ਸਿੱਖ ਭਾਈਚਾਰੇ ਵਲੋਂ ਕਿਸੇ ਨੂੰ ਗੱਲ ਕਰਨ ਲਈ ਆਖਿਆ ਜਾਂਦਾ ਹੈ ਤਾਂ ਉਹ ਅਕਾਲੀ ਲੀਡਰ ਹੀ ਹੁੰਦੇ ਹਨ। 12 ਅਪ੍ਰੈਲ 1999 ਨੂੰ ਕੇਂਦਰੀ ਸਰਕਾਰ ਵਲੋਂ ਖ਼ਾਲਸਾ ਪੰਥ ਸਥਾਪਨਾ ਦੀ ਸ਼ਤਾਬਦੀ ਨਾਲ ਸਬੰਧਤ ਕਮੇਟੀ ਵਿਚ ਅਕਾਲੀਆਂ ਨੂੰ ਬੁਲਾਇਆ ਗਿਆ ਤੇ ਜੇ ਉਹ ਨਹੀਂ ਗਏ ਤਾਂ ਸਰਕਾਰਾਂ ਇਸ ਤੇ ਗਿਲਾ ਕੀਤਾ ਤੇ ਪੁੱਛਦੇ ਰਹੇ ਕਿ ਅਕਾਲੀ ਕਿਉਂ ਨਹੀਂ ਆਏ ? ਨੌਜਵਾਨ ਤਾਂ ਅਕਾਲੀ ਲੀਡਰਾਂ ਨੂੰ ਆਪਣੇ ਪਿਛਲੇ 'ਸਰਬੱਤ ਖ਼ਾਲਸੇ' ਵਿਚ ਹੀ ਰੱਦ ਕਰ ਚੁੱਕੇ ਹਨ। ਉਹਨਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਆਦਿ ਸਭ ਨੂੰ 'ਗੱਦਾਰ' ਆਖਿਆ ਸੀ। ਪਰ ਇਸ ਦੇ ਬਾਵਜੂਦ ਇਹਨਾਂ ਲੀਡਰਾਂ ਦਾ ਮਹੱਤਵ ਕਾਇਮ ਹੈ। ਨੌਜਵਾਨਾਂ ਨੇ ਪਹਿਲਾਂ ਆਪ ਹੀ ਪ੍ਰੋ. ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਦਾ ਜਥੇਦਾਰ ਬਣਵਾਇਆ। ਪਹਿਲੇ ਅਕਾਲੀ ਲੀਡਰਾਂ ਦੇ ਮੁਕਾਬਲੇ ਵਿਚ ਉਹਨਾਂ ਨੇ ਹੀ ਪਹਿਲਾਂ ਪਹਿਲ ਸਾਡੇ ਨੂੰ ਤਰਜੀਹ ਦਿੱਤੀ ਸੀ, ਪਰ ਹੁਣ ਆਪ ਸਾਹਿਬ ਦਾ ਨਾਮ ਵੀ ਕੋਈ ਅਕਾਲੀ ਧੜੇ ਹੀ ਲੈਂਦੇ ਹਨ, ਨੌਜਵਾਨ ਨਹੀਂ। ਪ੍ਰੋ. ਦਰਸ਼ਨ ਸਿੰਘ ਨੂੰ ਤਾਂ ਨੌਜਵਾਨ ਇਸ ਵਕਤ ਹੀ ਪ੍ਰਵਾਨ ਨਹੀਂ ਕਰਦੇ। ਨੌਜਵਾਨਾਂ ਦੀ ਮੁਸ਼ਕਲ ਇਹ ਹੈ ਕਿ ਉਹਨਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜਿਹੀ ਕ੍ਰਿਸ਼ਮਈ ਲੀਡਰਸ਼ਿਪ ਮੁੜ ਕੇ ਨਹੀਂ ਮਿਲੀ। ਪਰ ਇਸ ਤੋਂ ਵੱਡੀ ਘਾਟ ਦਰਅਸਲ ਸਿਧਾਂਤ ਤੇ ਵਿਚਾਰਧਾਰਾ ਦੀ ਹੈ।

ਨੌਜਵਾਨ ਕਹਿੰਦੇ ਹਨ ਕਿ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ। ਸਿੱਖ ਗੁਲਾਮ ਹਨ। ਸਿੱਖਾਂ ਨੂੰ ਅਜ਼ਾਦੀ ਚਾਹੀਦੀ ਹੈ। ਕਈ ਰਾਸ਼ਟਰਵਾਦੀ ਅਤੇ ਕਥਿਤ ਖੱਬੇ-ਪੱਖੀ ਇਸ ਗੱਲ ਦਾ ਮਖੌਲ ਉਡਾਉਂਦੇ ਹਨ। ਉਹ ਇਸ ਨੂੰ ਸਾਮਰਾਜੀਆਂ ਦੀ ਭਾਰਤ ਨੂੰ ਟੁਕੜੇ ਕਰਾਉਣ ਦੀ ਚਾਲ ਕਹਿੰਦੇ ਹਨ। ਪਰ ਖੱਬੇ ਪੱਖੀ ਤਾਂ ਇਹ ਭੁੱਲ ਜਾਂਦੇ ਹਨ ਕਿ 1947 ਤੋਂ ਫੌਰਨ ਪਿਛੋਂ ਹੀ ਕਮਿਊਨਿਸਟ ਪਾਰਟੀ ਨੇ ਤੇਲੰਗਾਨਾ ਸੰਘਰਸ਼ ਦੇ ਮੌਕੇ ਭਾਰਤ ਨੂੰ ਅਜ਼ਾਦ ਨਹੀਂ ਮੰਨਿਆ ਸੀ। ਅੰਗਰੇਜ਼ ਸਾਮਰਾਜੀਆਂ ਦੇ ਕਾਂਗਰਸੀਆਂ ਨੂੰ 'ਦਲਾਲ' ਹੀ ਮੰਨਿਆ ਸੀ। ਖੱਬੇਪੱਖੀ ਕਹਿੰਦੇ ਰਹੇ ਹਨ ਕਿ ਉਹ ਜਮਾਤਾਂ, ਜਿਹਨਾਂ ਨਾਲ ਅਮੀਰ ਹਰ ਅਮੀਰ ਹੋਏ, ਗਰੀਬ ਗਰੀਬ ਹੀ ਰਹੇ, ਦੇਸ਼ ਤੇ ਹੁਣ ਤੱਕ ਵੀ ਰਾਜ ਕਰਦੀਆਂ ਹਨ। ਸਾਰੇ ਸਾਥੀਆਂ ਦੀ ਇਹ ਕਹਾਣੀ ਸਾਬਤ ਹੋ ਗਈ ਹੈ। ਅੱਜ ਆਰਥਕ ਹਰ ਪੱਖ ਦਾ ਦਾਅਵਾ ਝੂਠਾ ਸਾਬਤ ਹੋ ਗਿਆ ਹੈ। ਆਮ ਆਦਮੀ ਲਈ ਅਜ਼ਾਦੀ ਨਹੀਂ ਆਈ।

ਇਹ ਅਜ਼ਾਦੀ ਦੇ ਹੱਕ ਮੋੜਨ ਦਾ ਸਮਾਂ ਹੈ।

ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਭਾਈ ਰਣਜੀਤ ਸਿੰਘ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਵੱਖਰੀ ਪਾਰਟੀ ਸਥਾਪਿਤ ਕਰਨ ਲਈ ਵਿਚਾਰ ਕਰਦੇ ਹੋਏ।

ਹਰ ਵਿਅਕਤੀ ਤੇ ਹਰ ਕੌਮੀ ਅਜ਼ਾਦੀ ਚਾਹੁੰਦੀ ਹੈ, ਆਪਣੇ ਹੱਕ ਪ੍ਰਾਪਤ ਕਰਨਾ ਚਾਹੁੰਦੀ ਹੈ। ਇਸ ਉੱਤੇ ਸਰਕਾਰੀ-ਪੱਖੀ ਲੋਕਾਂ ਨੂੰ ਗਿਲਾ ਸ਼ਿਕਾਇਤ ਨਹੀਂ ਚਾਹੀਦਾ। ਜੇ ਸਿੱਖ ਨੌਜਵਾਨ ਕਹਿੰਦੇ ਹਨ ਕਿ ਸਿੱਖਾਂ ਲਈ ਕਾਨੂੰਨ ਹੋਰ ਹੈ ਤੇ ਬਹੁਗਿਣਤੀ ਦੇ ਭਾਈਚਾਰੇ ਲਈ ਕਾਨੂੰਨ ਹੋਰ, ਇਸ ਦੀ ਸਚਾਈ ਦਾ ਸਬੂਤ ਰਾਜੀਵ ਗਾਂਧੀ ਦੀ ਸਰਕਾਰ ਆਪ ਦੇ ਰਹੀ ਹੈ। ਸਤਵੰਤ ਸਿੰਘ ਤੇ ਕੇਹਰ ਸਿੰਘ ਤਾਂ ਫਾਂਸੀ ਲਾ ਦਿੱਤੇ ਗਏ। ਚਾਰ ਹੋਰ ਵਿਅਕਤੀਆਂ ਵਿਰੁਧ 'ਵਡੇਰੀ ਸਾਜ਼ਿਸ਼' ਦਾ ਮੁਕੱਦਮਾ ਵੀ ਦਿੱਲੀ ਵਿਚ ਦਰਜ ਕੀਤਾ ਗਿਆ ਹੈ। ਪਰ ਜਿਹਨਾਂ ਲੋਕਾਂ ਨੇ ਦਿੱਲੀ ਵਿਚ ਤਿੰਨ ਹਜ਼ਾਰ ਸਿੱਖ 84 ਵਿਚ ਮਾਰੇ ਤੇ ਜਿਹਨਾਂ ਦੇ ਸਾਰੇ ਸਬੂਤ ਉਹਨਾਂ ਵਿਰੁਧ ਮਿਲਦੇ ਹਨ ਇਸ ਕਰਕੇ ਕੋਈ ਸਖ਼ਤ ਤੇ ਫੌਰੀ ਕਾਰਵਾਈ ਨਹੀਂ ਹੋਈ। ਕਿਉਂਕਿ ਉਹ ਕਾਂਗਰਸੀ ਸਨ, ਤੇ ਜਾਂ ਬਹੁਗਿਣਤੀ ਫਿਰਕੇ ਨਾਲ ਸਬੰਧ ਰੱਖਦੇ ਸਨ। ਅਸਲ ਵਿਚ ਕਾਂਗਰਸ ਸਰਕਾਰ ਸਿੱਖਾਂ ਵਰਗੀ ਦੇਸ਼ ਭਗਤ ਜਾਤ ਨਾਲ ਪਿਛਲੇ ਬਤਾਲੀ ਸਾਲ ਤੋਂ ਵਿਤਕਰਾ ਕਰਦੀ ਰਹੀ ਹੈ। ਕਿਉਂ ਪੰਜਾਬੀ ਸੂਬਾ ਵੇਲੇ ਸਿਰ ਨਾ ਬਣਾਇਆ ਗਿਆ ? ਕਿਉਂ ਚੰਡੀਗੜ੍ਹ ਬਾਹਰ ਰੱਖਿਆ ਗਿਆ ? ਕਿਉਂ ਵਾਰ ਵਾਰ ਹਰਿਆਣੇ ਨੂੰ ਪੰਜਾਬ ਦਾ ਸ਼ਰੀਕ ਬਣਾਉਣ ਦਾ ਉਚੇਚਾ ਯਤਨ ਕੀਤਾ ਗਿਆ ? ਸਿਰਫ ਇਸ ਕਰਕੇ ਕਿਉਂਕਿ ਪੰਜਾਬ ਦੇ 'ਦਾਅਵੇਦਾਰ' ਸਿੱਖ ਬਣਦੇ ਸਨ ? ਸਿੱਖਾਂ ਨਾਲ ਹੀ ਨਹੀਂ, ਕਸ਼ਮੀਰ ਦੇ ਮੁਸਲਮਾਨਾਂ ਨਾਲ ਵਾਰ ਵਾਰ ਵਿਤਕਰਾ ਤੇ ਅਵਿਸ਼ਵਾਸ਼ੀ ਪ੍ਰਗਟ ਕੀਤੀ ਜਾ ਰਹੀ ਹੈ। ਜੇ ਸ਼ੇਖ ਅਬਦੁੱਲਾ ਨੂੰ ਆਖਰ ਮੁੱਖ ਮੰਤਰੀ ਬਣਾਉਣਾ ਹੀ ਸੀ ਤਾਂ ਉਹਨਾਂ ਨੂੰ 17 ਸਾਲ ਨਜ਼ਰਬੰਦ ਕਿਉਂ ਰੱਖਿਆ ਗਿਆ ? ਡਾ. ਫਾਰੂਕ ਅਬਦੁੱਲਾ ਨੇ ਜਦੋਂ ਤੱਕ ਕਾਂਗਰਸ ਨਾਲ ਭਾਈਵਾਲੀ ਨਹੀਂ ਪਾ ਲਈ, ਉਸ ਨੂੰ ਰਾਜ ਨਹੀਂ ਕਰਨ ਦਿੱਤਾ ਗਿਆ। ਸੋ, ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਭਾਰਤ ਦੀ ਹਾਕਮ ਜਮਾਤ ਵਿਚ ਸ਼ਾਵਨਵਾਦੀ, ਸਾਮਰਾਜੀ, ਸੰਪਰਦਾਇਕ ਅਤੇ ਵਿਤਕਰੇਕਾਰੀ ਰੁਚੀਆਂ ਹਨ। ਸਿੱਖਾਂ ਅਤੇ ਮੁਸਲਮਾਨਾਂ ਦੇ ਗਿਲੇ-ਸ਼ਿਕਵੇ ਜਾਇਜ਼ ਹਨ। ਪਰ ਇਹਨਾਂ ਵਿਰੁਧ ਲੜਨ ਅਤੇ ਆਪਣੇ ਹੱਕ ਪ੍ਰਾਪਤ ਕਰਨ ਕਰਕੇ ਲਈ ਆਧੁਨਿਕ ਵਿਚਾਰਧਾਰਾ ਅਪਨਾਉਣ ਦੀ ਲੋੜ ਹੈ। ਜਿਵੇਂ ਇਹ ਯੁਗ ਅਜ਼ਾਦੀ ਅਤੇ ਹੱਕ ਮੰਗਣ ਦਾ ਯੁਗ ਹੈ, ਉਥੇ ਇਹ ਯੁਗ ਪਾਰਟੀਆਂ, ਦਲ, ਜਥੇਬੰਦੀਆਂ, ਸੰਗਠਨ ਬਣਾਉਣ, ਲੋਕ-ਰਾਏ ਲਾਮਬੰਦ ਕਰਨ, ਪ੍ਰਚਾਰ ਕਰਨ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਲੈ ਕੇ ਤੁਰਨ ਦਾ ਯੁਗ ਵੀ ਹੈ। ਇਹ ਸਭ ਕੁਝ ਕਰਨ ਲਈ ਲੋਕ-ਹਿਤੈਸ਼ੀ ਅਤੇ ਅਗਾਂਹ-ਵਧੂ ਵਿਚਾਰਧਾਰਾ ਅਪਨਾਉਣ ਦੀ ਲੋੜ ਹੈ। ਸਿੱਖ ਧਰਮ ਤਾਂ ਹੈ ਹੀ ਲੋਕ ਹਿਤੈਸ਼ੀ ਅਤੇ ਅਗਾਂਹ-ਵਧੂ। ਇਸ ਦੀ ਫਿਲਾਸਫੀ ਹੀ ਮਨੁੱਖ ਮਾਤਰ ਦੀ ਬਰਾਬਰੀ, ਸੁਤੰਤਰਤਾ ਅਤੇ ਭਲਾਈ ਦਾ ਸਿਧਾਂਤ ਪੇਸ਼ ਕਰਦੀ ਹੈ। ਗੁਰਬਾਣੀ ਮੁਤਾਬਿਕ ਸਿੱਖ ਨੇ ਹੀ ਨਹੀਂ ਮਨੁੱਖ ਜਿਸ ਨੂੰ ਹਰ ਮਨੁੱਖ ਵਿਚ 'ਰੱਬ' ਨਜ਼ਰ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਖਿਆ ਸੀ ਸਭ ਮਹਿ ਜੋਤਿ-ਜੋਤਿ ਹੈ ਸੋਇ। ਸਿੱਖ ਭਾਈਚਾਰੇ ਨੂੰ ਇਹ ਵਿਸ਼ਵਾਸ ਕਰਾਉਣ ਲਈ ਮਨੁੱਖ-ਮਾਤਰ ਦੇ ਭਲੇ ਦੀ ਵਿਚਾਰਧਾਰਾ ਅਤੇ ਰਾਜਨੀਤੀ ਅਪਨਾਉਣੀ ਜ਼ਰੂਰੀ ਹੈ। ਇਸ ਨਾਲ ਸਿੱਖ ਸੰਘਰਸ਼ ਆਪਣੇ ਆਪ ਹਰਮਨ ਪਿਆਰਾ ਬਣ ਜਾਏਗਾ। ਅਕਾਲੀ ਅਸਲ ਵਿਚ ਅਨੇਕਾਂ ਕਮਜ਼ੋਰੀਆਂ ਦੇ ਬਾਵਜੂਦ, ਇਸ ਕਰਕੇ ਲੋਕ-ਪ੍ਰੀਅਤਾ ਨਹੀਂ ਗੁਆ ਸਕੇ, ਕਿਉਂਕਿ ਉਹਨਾਂ ਨੇ 1920 ਦੀ ਅਕਾਲੀ ਲਹਿਰ ਤੋਂ ਲੈ ਕੇ ਪੰਜਾਬੀ ਸੂਬੇ ਦੇ ਅੰਦੋਲਨ ਤੱਕ ਪੰਜਾਬ ਤੇ ਬਾਹਰ ਭਾਰਤ ਭਰ ਵਿਚ ਉਸਾਰੂ ਸਿਆਸਤ ਦਾ ਰਵੱਈਆ ਧਾਰਨ ਕਰਕੇ ਸਰਕਾਰ ਵਿਰੋਧੀਆਂ ਦਾ ਧਿਆਨ

ਲੇਖਕ

ਆਪਣੇ ਵੱਲ ਖਿੱਚਿਆ। ਜੇ ਪ੍ਰਕਾਸ਼ ਨਰਾਇਣ ਤੱਕ ਅਕਾਲੀਆਂ ਦੇ ਹੱਕ ਵਿਚ ਗਰਜਦੇ ਰਹੇ। 1975-76 ਦੀ ਐਮਰਜੈਂਸੀ ਵਿਰੁਧ ਅਕਾਲੀਆਂ ਨੇ ਮੋਰਚਾ ਲਾ ਕੇ ਸਾਰੀ ਆਪੋਜ਼ੀਸ਼ਨ ਨੂੰ ਸ਼ੁਕਰ ਗੁਜ਼ਾਰ ਬਣਾ ਲਿਆ ਸੀ। ਇਸ ਦਾ ਭਾਵ ਇਹ ਨਹੀਂ ਕਿ ਇਹ ਕੀਤੀਆਂ ਪੰਜਾਬ ਦੀਆਂ ਜਾਂ ਸਿੱਖ ਭਾਈਚਾਰੇ ਦੀਆਂ ਸਭ ਮੰਗਾਂ ਮੰਨੀਆਂ ਗਈਆਂ। ਤਾਂ ਵੀ ਸੰਘਰਸ਼ ਜਿਹਾ ਰਿਹਾ ਤੇ ਅਕਾਲੀ ਜਾਂ ਸਿੱਖ ਭਾਈਚਾਰਾ ਹਰਮਨ ਪਿਆਰਾ ਰਿਹਾ। ਸਰਕਾਰ ਕਟਹਿਰੇ ਵਿਚ ਖੜ੍ਹੀ ਹੁੰਦੀ ਰਹੀ।

ਹੁਣ ਵੀ ਸਿੱਖ ਭਾਈਚਾਰਾ ਸਿਰਫ਼ ਆਪਣੇ ਬਾਰੇ ਨਾ ਸੋਚੇ (ਆਪਣੇ ਬਾਰੇ ਜ਼ਰੂਰ ਸੋਚੇ) ਘੱਟ ਤੋਂ ਘੱਟ ਰਾਜਸੀ ਦੀਆਂ ਹੋਰ ਘੱਟ ਗਿਣਤੀਆਂ ਭਾਸ਼ਾਈ ਸੂਬਿਆਂ, ਕਬੀਲਿਆਂ ਅਤੇ ਗਰੀਬ ਸ਼੍ਰੇਣੀਆਂ ਬਾਰੇ ਵੀ ਸੋਚੇ। ਆਪਣੇ ਹੱਕ ਲੈਣ ਲਈ ਵਡੇਰੀ ਲਾਮਬੰਦੀ ਕਰਨ ਦੀ ਲੋੜ ਹੈ। ਮੱਧ ਪ੍ਰਦੇਸ਼, ਉੜੀਸਾ, ਬਿਹਾਰ ਅਤੇ ਆਂਧਰਾ ਦੀਆਂ ਸਰਹੱਦਾਂ ਉੱਤੇ ਵਸਦੇ 'ਆਦਿ-ਵਾਸੀਆਂ' ਨਾਲੋਂ ਵਧੇਰੇ ਲੁੱਟੀ ਪੁੱਟੀ ਜਾਤੀ ਭਾਰਤ ਵਿਚ ਹੋਰ ਕੋਈ ਨਹੀਂ। ਇਹ ਹਿੰਦੂ ਹਨ। ਇਹਨਾਂ ਨੂੰ ਲੁੱਟਣ ਵਾਲੇ ਠੇਕੇਦਾਰ ਤੇ ਅਫਸਰ ਵੀ ਹਿੰਦੂ ਹਨ ਤੇ ਕਾਂਗਰਸੀ ਹਨ। ਜ਼ਿਲ੍ਹਾ ਬਸਤਰ ਦਾ ਜ਼ਿਲ੍ਹਾ ਜੋ ਮੱਧ ਪ੍ਰਦੇਸ਼ ਵਿਚ ਹੈ, ਕਬਾਇਲੀ ਲੁੱਟ ਦੀ ਉੱਘੀ ਮਿਸਾਲ ਹੈ। ਇਹਨਾਂ ਆਦਿ-ਵਾਸੀਆਂ ਨੂੰ ਅਲੱਗ ਸੂਬਾ ਚਾਹੀਦਾ ਹੈ ਤੇ ਆਪਣੀ ਆਰਥਿਕਤਾ ਤੇ ਸਭਿਆਚਾਰ ਬਚਾਉਣ ਦੀ ਅਜ਼ਾਦੀ ਮਿਲਣੀ ਚਾਹੀਦੀ ਹੈ। ਸਾਰਾ ਦੇਸ਼ ਤੇ ਸਾਰਾ ਪੂਰਬ ਹਿੰਦੀ ਭਾਸ਼ੀ ਸੂਬਿਆਂ ਦੇ ਰਾਜ ਤੋਂ ਪ੍ਰੇਸ਼ਾਨ ਹੈ। ਇਹਨਾਂ ਦੇ ਅੰਦਰ ਹਰ ਸੂਬੇ ਦੀਆਂ ਨੀਵੀਆਂ ਤੇ ਪਛੜੀਆਂ ਜਾਤੀਆਂ ਤੇ ਗਰੀਬ ਸ਼੍ਰੇਣੀਆਂ ਆਪਣੇ ਹੀ ਸੂਬੇ ਦੀਆਂ ਨੀਵੀਆਂ ਤੇ ਪਛੜੀਆਂ ਜਾਤੀਆਂ ਤੇ ਗਰੀਬ ਸ਼੍ਰੇਣੀਆਂ ਆਪਣੇ ਹੀ ਸੂਬੇ ਦੀਆਂ ਸ਼ਾਸਕ ਜਾਤੀਆਂ ਤੇ ਸ਼੍ਰੇਣੀ ਦਾ ਸ਼ਿਕਾਰ ਹਨ। ਕੀ ਸਿੱਖ ਭਾਈਚਾਰੇ ਦੇ ਅੰਦਰ ਗਰੀਬ ਅਮੀਰ ਦਾ ਫਰਕ ਅਤੇ ਉੱਚੀ ਤੇ ਨੀਵੀਂ ਜਾਤ ਦਾ ਫਰਕ ਗੁਰੂ ਸਾਹਿਬਾਨ ਦੀ ਸਿੱਖਿਆ ਦੇ ਖਿਲਾਫ਼ ਨਹੀਂ ? ਜੇ 'ਸਿੱਖ ਰਾਜ' ਵਿਚ ਸਿੱਖ ਲੋਕ ਅਮੀਰ ਹੋਣ ਤੇ ਬਹੁਤੇ ਗਰੀਬ, ਤਾਂ ਕੀ ਉਹ ਸੱਚਮੁਚ ਸਿੱਖ ਰਾਜ ਹੋਵੇਗਾ ?

ਜੇ ਸਿੱਖ ਸੰਘਰਸ਼ ਵਿਚ ਜੁਟੇ ਨੌਜਵਾਨਾਂ ਨੂੰ ਸਿੱਖ ਧਰਮ ਦੀ ਫਿਲਾਸਫੀ ਅਤੇ ਇਸ ਫਿਲਾਸਫੀ ਦੇ ਮੁਤਾਬਿਕ ਆਧੁਨਿਕ ਰਾਜਨੀਤੀ ਧਾਰਨ ਕਰਨੀ ਪਏਗੀ। ਫੇਰ ਲੋੜਵੰਦ ਸਿੱਖ ਨੌਜਵਾਨਾਂ ਦੇ ਹੱਥਾਂ ਵਿਚ ਆਪਣੇ ਆਪ ਆ ਜਾਏਗੀ। ਸਿੱਖਾਂ ਦੀ ਬੰਦ-ਖਲਾਸੀ ਲਈ ਯਤਨ ਕੀਤਾ ਜਾਏ, ਪਰ ਗੁਰੂ ਸਾਹਿਬ ਦੀ ਮਾਨਵਵਾਦੀ ਸਿੱਖਿਆ ਨੂੰ ਧਿਆਨ ਵਿਚ ਰੱਖ ਕੇ ਸਿੱਖ ਸੰਗਠਨ ਸਾਰੇ ਭਾਰਤ ਦੇ ਲੋਕਾਂ ਦੀਆਂ ਹੱਕਾਂ ਵਿਚ ਸ਼ਕਤੀ ਤੇ ਵਡੇਰੀ ਭਾਈਬੰਦੀ ਦੇ ਤਰਜਮਾਨ ਬਣਨ। ਲੋਕਤੰਤਰੀ ਤੇ ਲੋਕ-ਪੱਖੀ 'ਹਥਿਆਰ' ਚੁੱਕਣ ਜੀ ਤੇ ਦੇ ਰਾ 'ਫਿਰ ਜਿੱਤਣ'। ਅਸੀਂ ਵਾਰ ਵਾਰ ਲਿਖਦੇ ਰਹੇ ਹਾਂ ਕਿ ਸਿੱਖ ਸਿਰਫ਼ ਪੰਜਾਬ ਤੇ ਸਿੱਖ ਭਾਈਚਾਰੇ ਲਈ ਹੀ ਅਧਿਕਾਰ ਨਾ ਮੰਗਣ, ਸਭ ਸੂਬਿਆਂ ਤੇ ਕੌਮੀਅਤਾਂ ਲਈ ਵੱਧ ਅਧਿਕਾਰ ਮੰਗਣ। ਅਜ਼ਾਦੀ ਸਭ ਨੂੰ ਚਾਹੀਦੀ ਹੈ। ਸਭ ਨਾਲ ਵਿਤਕਰੇ ਬੰਦ ਹੋਣੇ ਚਾਹੀਦੇ ਹਨ। ਹਰ ਮਨੁੱਖ ਲਈ ਸਭ ਸੁੱਖ ਤੇ ਸ਼ਾਂਤੀ ਹੋਵੇ ਸਿੱਖ ਭਾਈਚਾਰਾ ਆਪਣਾ ਲਖਸ਼ ਬਣਾਵੇ।

ਇੰਦਰਾ ਕਤਲ ਕੇਸ - ਹੁਣ ਤਿਆਰੀ ਇਕ ਤੀਜੇ ਸਾਜ਼ਿਸ਼ ਕੇਸ ਦੀ


ਇਹ ਕਿਹਾ ਜਾ ਰਿਹਾ ਹੈ ਕਿ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਇਸ ਮੁਕੱਦਮੇ ਦਾ ਮੁੱਖ ਦੋਸ਼ੀ ਬਣਾ ਕੇ ਪੰਜਾਬ ਦੇ ਸਵਾਲ 'ਤੇ ਦੁਬਾਰਾ ਗਰਮੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਸਵਾਲ ਵੀ ਉਠਾਇਆ ਜਾ ਰਿਹਾ ਹੈ ਕਿ ਜੇਕਰ ਮਾਨ ਦਾ ਹੱਥ ਵਾਕਿਆ ਹੀ ਇਸ ਕੇਸ ਵਿਚ ਸੀ ਤਾਂ ਫਿਰ ਪਿਛਲੇ ਚਾਰ ਸਾਲਾਂ ਵਿਚ ਘੱਟ ਘੱਟ ਛੇ-ਸੱਤ ਵਾਰ ਕਿਸੇ ਨਾ ਕਿਸੇ ਵਿਚੋਲੇ ਦੀ ਮੱਦਦ ਨਾਲ ਉਹਨਾਂ ਨਾਲ ਲੈਣ-ਦੇਣ ਦੀ ਕੋਸ਼ਿਸ਼ ਕਿਉਂ ਕੀਤੀ ਗਈ ?

ਦੀਵਾਨ ਬਰਿੰਦਰ ਨਾਥ


'ਇੰਦਰਾ ਗਾਂਧੀ ਕਤਲ ਸਾਜ਼ਿਸ਼-2' ਦਾ ਜ਼ਿਕਰ ਅੱਜ ਕੱਲ੍ਹ ਬੜੇ ਜ਼ੋਰਾਂ ਨਾਲ ਰਾਜਧਾਨੀ ਦੇ ਸਭ ਉੱਚੇ ਅਤੇ ਨੀਵੇਂ ਦਰਜਿਆਂ, ਸਰਕਾਰੀ ਅਤੇ ਗੈਰ-ਸਰਕਾਰੀ ਹਲਕਿਆਂ ਵਿਚ ਹੋ ਰਿਹਾ ਹੈ। ਇਸ ਸਿਲਸਿਲੇ ਵਿਚ ਜਿਥੇ ਅਣਗਿਣਤ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਝੂਠੇ ਅਤੇ ਸੱਚੇ ਅਨੁਮਾਨਾਂ ਦੇ ਅਟਕਲ ਪੱਚੂ ਲਾਏ ਜਾ ਰਹੇ ਹਨ ਉਥੇ ਇਕ ਮਜ਼ਾਕ ਵੀ ਜ਼ੋਰਾਂ ਨਾਲ ਚੱਲ ਰਿਹਾ ਹੈ। ਪਾਰਲੀਮੈਂਟ ਦੇ ਸੈਂਟਰਲ ਹਾਲ ਦੇ ਇਕ ਪੁਰਾਣੇ ਪੱਤਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਿਛਲੇ ਦਿਨੀਂ ਕੁਝ ਸੰਸਦ ਮੈਂਬਰਾਂ ਨੂੰ ਇਹ ਦੱਸਿਆ ਕਿ 'ਸਾਜ਼ਿਸ਼ ਕੇਸ-2' ਦਾ ਮੁਕੱਦਮਾ ਦਾਇਰ ਹੋਣ ਦੇ ਨਾਲ ਹੀ ਨਾਲ 'ਸਾਜ਼ਿਸ਼ ਕੇਸ ਨੰਬਰ 3' ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਹਨ। 'ਸਾਜ਼ਿਸ਼ ਕੇਸ ਨੰਬਰ 2' ਦੇ ਬਾਰੇ ਵਿਚ ਖ਼ਿਆਲ ਹੈ ਕਿ ਉਹ ਘੱਟੋ ਘੱਟ 1994-95 ਤੱਕ ਚੱਲੇਗਾ. ਇਸ ਦੇ ਪਿੱਛੋਂ 'ਸਾਜ਼ਿਸ਼ ਕੇਸ ਨੰਬਰ 3' ਸ਼ੁਰੂ ਹੋ ਜਾਵੇਗਾ ਜਿਸ ਵਿਚ ਉਸ 'ਅੰਤਰਰਾਸ਼ਟਰੀ ਸਾਜ਼ਿਸ਼' ਦੀਆਂ ਕੜੀਆਂ ਬੇ-ਨਕਾਬ ਕੀਤੀਆਂ ਜਾਣਗੀਆਂ ਜਿਨ੍ਹਾਂ ਦਾ ਜ਼ਿਕਰ 'ਸਾਜ਼ਿਸ਼ ਕੇਸ ਨੰਬਰ 1' ਅਤੇ 'ਸਾਜ਼ਿਸ਼ ਕੇਸ ਨੰਬਰ-2' ਵਿਚ ਨਹੀਂ ਹੋ ਸਕਿਆ। ਇਸ ਕੰਮ ਲਈ ਉਚ ਪੱਧਰੀ ਪੁਲਸ ਅਫ਼ਸਰਾਂ ਦੀ ਇਕ ਟੀਮ ਦੀ ਨਿਯੁਕਤੀ ਵੀ ਕੀਤੀ ਜਾ ਰਹੀ ਹੈ ਅਤੇ ਕੁਝ ਉਚ ਅਧਿਕਾਰੀਆਂ ਨੂੰ ਬਾਹਰਲੇ ਦੇਸ਼ਾਂ ਵਿਚ ਵੀ ਭੇਜਿਆ ਜਾ ਰਿਹਾ ਹੈ ਤਾਂ ਕਿ ਉਹ 'ਸਾਜ਼ਿਸ਼ ਕੇਸ ਨੰਬਰ-3' ਦੇ ਕੰਮ ਸ਼ੁਰੂ ਕਰ ਸਕਣ।

ਮੇਰੇ ਮਿਹਰਬਾਨ ਅਤੇ ਬਜ਼ੁਰਗ ਪੱਤਰਕਾਰ ਦੋਸਤ ਦਾ ਕਹਿਣਾ ਹੈ ਕਿ ਜਦੋਂ ਉਹਨਾਂ ਨੇ ਇਹ ਬਿਨਾਂ ਸਿਰ-ਪੈਰ ਦੀ ਹਵਾਈ ਉਡਾਈ ਤਾਂ ਲੋਕਾਂ ਨੇ ਉਸ ਨੂੰ ਕਾਫ਼ੀ ਧਿਆਨ ਨਾਲ ਸੁਣਿਆ। ਦੋ ਤਿੰਨ ਸੀਨੀਅਰ ਸੰਸਦ ਮੈਂਬਰਾਂ ਨੇ ਤਾਂ ਗੱਲ ਵਿਚ ਹਾਂ ਮਿਲਾਉਂਦੇ ਹੋਏ ਕੁਝ ਅਜਿਹੇ ਲੋਕਾਂ ਦੇ ਨਾਂ ਵੀ ਦੱਸਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੂੰ 'ਸਾਜ਼ਿਸ਼ ਕੇਸ ਨੰਬਰ-3' ਦੀ ਫਾਹੀ ਦੇ ਲਈ ਚੁਣਿਆ ਜਾ ਰਿਹਾ ਹੈ। ਇਹ ਵੀ ਦੱਸਿਆ ਗਿਆ ਕਿ ਇੰਦਰਾ ਗਾਂਧੀ 'ਕਤਲ ਕੇਸ ਨੰਬਰ-1' ਵਿਚ ਤਾਂ ਅਪਰਾਧ ਦੀਆਂ ਕੜੀਆਂ ਸਿਰਫ਼ ਚਾਰ ਵਿਅਕਤੀਆਂ ਤੱਕ ਸੀਮਤ ਸਨ। ਨਵੇਂ ਕੇਸ ਵਿਚ ਇਸ ਦਾ ਦਾਇਰਾ ਵਧਾ ਕੇ ਪੂਰੇ ਭਾਰਤ ਤੱਕ ਕੀਤਾ ਜਾ ਰਿਹਾ ਹੈ, ਜਿਸ ਦੀਆਂ ਕੜੀਆਂ ਇਕ ਗੁਆਂਢੀ ਦੇਸ਼ ਭਾਵ ਪਾਕਿਸਤਾਨ ਨਾਲ ਵੀ ਜਾ ਮਿਲਦੀਆਂ ਹਨ। ਪਰ ਨਵੇਂ ਕੇਸ ਵਿਚ ਉਹਨਾਂ ਅੰਤਰਰਾਸ਼ਟਰੀ ਸ਼ਕਤੀਆਂ ਦਾ ਭਾਂਡਾ ਭੰਨਿਆ ਜਾਵੇਗਾ ਜੋ ਭਾਰਤ ਵਿਚ ਅਸਥਿਰਤਾ ਅਤੇ ਬਦਅਮਨੀ ਫੈਲਾਉਣ ਲਈ ਇੰਦਰਾ ਗਾਂਧੀ ਨੂੰ ਰਸਤੇ ਤੋਂ ਹਟਾਉਣਾ ਚਾਹੁੰਦੀਆਂ ਸਨ।

ਮਜ਼ਾਕ ਇਹ ਹੈ ਕਿ ਜੋ ਗੱਲ ਇਕ ਲਤੀਫ਼ੇ ਦੇ ਤੌਰ 'ਤੇ ਜ਼ੁਬਾਨਾਂ ਦੀ ਹੱਦ ਤੋਂ ਉਤਾਰੀ ਗਈ ਸੀ ਉਸ ਨੂੰ ਚੰਗੇ ਭਲੇ ਸਮਝਦਾਰ ਲੋਕਾਂ ਨੇ ਨਾ ਸਿਰਫ਼ ਸੱਚ ਸਮਝ ਕੇ ਕਬੂਲ ਕਰ ਲਿਆ ਹੈ, ਸਗੋਂ ਉਸ ਨੂੰ ਉਤਸ਼ਾਹ ਦੇਣ ਵਿਚ ਖ਼ੁਦ ਵੀ ਸ਼ਾਮਲ ਹੋ ਗਏ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਅੱਜ ਕੱਲ੍ਹ ਦੇਸ਼ ਦੇ ਵਿਰੁੱਧ ਸਾਜ਼ਿਸ਼ ਆਦਿ ਦੇ ਸੰਗੀਨ ਦੋਸ਼ਾਂ ਨੂੰ ਵੀ ਲੋਕ ਮਜ਼ਾਕ ਵਿਚ ਉਡਾ ਦਿੰਦੇ ਹਨ ਅਤੇ ਹਰ ਚੀਜ਼ ਨੂੰ ਰਾਜਨੀਤੀ ਦੇ ਤਰਾਜ਼ੂ ਵਿਚ ਤੋਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਕਿ ਇਹ ਪਤਾ ਲੱਗ ਜਾਵੇ ਕਿ ਇਸ ਨਾਲ ਕਿਸੇ ਪਾਰਟੀ ਨੂੰ ਫਾਇਦਾ ਹੋ ਰਿਹਾ ਜਾਂ ਨੁਕਸਾਨ। 'ਤੀਜੇ ਸਾਜ਼ਿਸ਼ ਕੇਸ' ਦੀ ਤਿਆਰੀ ਦੇ ਸਿਲਸਿਲੇ ਵਿਚ ਜੋ ਚੁਟਕਲਾ ਛੱਡਿਆ ਉਸ ਦੀ ਬੁਨਿਆਦ ਵਿਚ ਇਹ ਖ਼ਿਆਲ ਸੀ ਕਿ ਜਿਸ ਤਰ੍ਹਾਂ ਇਸ ਵਾਰ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਇਕ 'ਸਾਜ਼ਿਸ਼ ਕੇਸ' ਦਾ ਸ਼ੋਸ਼ਾ ਛੱਡ ਦਿੱਤਾ ਗਿਆ ਹੈ ਉਸੇ ਤਰ੍ਹਾਂ 1994-95 ਵਿਚ ਇਕ 'ਨਵਾਂ ਸਾਜ਼ਿਸ਼ ਕੇਸ' ਸਾਹਮਣੇ ਆ ਜਾਵੇਗਾ ਅਤੇ ਹੁਕਮਰਾਨ ਪਾਰਟੀ ਲਈ ਇਲੈਕਸ਼ਨ ਜਿੱਤਣ ਦਾ ਸਭ ਤੋਂ ਕਾਰਗਰ ਹਥਿਆਰ ਸਾਬਤ ਹੋਵੇਗਾ।



ਸਿਮਰਨਜੀਤ ਸਿੰਘ ਮਾਨ



ਭਾਈ ਅਤਿੰਦਰਪਾਲ ਸਿੰਘ

ਸਵਾਲ ਇਸ ਸਮੇਂ ਇਹ ਨਹੀਂ ਹੈ ਕਿ ਇਹ ਟਿੱਪਣੀਆਂ ਮੁਨਾਸਿਬ ਹਨ ਜਾਂ ਗੈਰ-ਮੁਨਾਸਿਬ। ਇਸ ਗੱਲ 'ਤੇ ਵੀ ਬਹਿਸ ਨਹੀਂ ਹੈ ਕਿ ਦੇਸ਼ ਨੂੰ ਅਸਲ ਵਿਚ ਵਿਗੜੀਆਂ ਸਾਜ਼ਿਸ਼ਾਂ ਦਾ ਸਾਹਮਣਾ ਹੈ ਅਤੇ ਕੀ ਭਾਰਤ ਦੇ ਅਮਨ ਅਮਾਨ ਨੂੰ ਭੰਗ ਹੋ ਰਿਹਾ ਹੈ ਜਿਸ ਨੂੰ ਸਿਰਫ਼ ਦੂਜੇ ਦੇਸ਼ ਦੀਆਂ ਸਾਜ਼ਿਸ਼ਾਂ ਕਹਿ ਕੇ ਨਜ਼ਰਅੰਦਾਜ਼ ਕਰ ਸਕਦੇ ਹਾਂ? ਇਹ ਸਾਰੇ ਸਵਾਲ ਆਪਣੀ ਥਾਂ 'ਤੇ ਮਹੱਤਵ ਰੱਖਦੇ ਹਨ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਸਾਜ਼ਿਸ਼ ਆਦਿ ਦੀ ਗੱਲ ਵਾਰ ਵਾਰ ਇੰਨੀ ਜ਼ਿਆਦਾ ਦੁਹਰਾਈ ਜਾ ਚੁੱਕੀ ਹੈ ਕਿ ਹੁਣ ਕਿਸੇ ਨੂੰ ਉਸ 'ਤੇ ਇਤਬਾਰ ਨਹੀਂ ਰਿਹਾ। ਡਰ ਇਹ ਹੈ ਕਿ ਕਿਤੇ ਸਾਡਾ ਹਾਲ ਵੀ ਉਸ ਅਯਾਲੀ ਵਰਗਾ ਨਾ ਹੋਵੇ ਜੋ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਹਰ ਰੋਜ਼ 'ਸ਼ੇਰ ਆਇਆ, ਸ਼ੇਰ ਆਇਆ' ਦਾ ਸ਼ੋਰ ਮਚਾਇਆ ਕਰਦਾ ਸੀ ਅਤੇ ਜਦੋਂ ਅਸਲੀ ਸ਼ੇਰ ਆਇਆ ਤਾਂ ਕਿਸੇ ਨੇ ਉਸ ਵੱਲ ਧਿਆਨ ਨਾ ਦਿੱਤਾ। ਇਹ ਸੰਦੇਹ ਇਸ ਕੇਸ ਦੀਆਂ ਉਹਨਾਂ ਸਰਗਰਮੀਆਂ ਨੂੰ ਦੇਖ ਕੇ ਹੋਰ ਜ਼ਿਆਦਾ ਗੰਭੀਰਤਾ ਨਾਲ ਪੈਦਾ ਹੁੰਦਾ ਹੈ ਜੋ ਆਮ ਜ਼ੁਬਾਨ ਵਿਚ 'ਇੰਦਰਾ ਗਾਂਧੀ ਕਤਲ ਸਾਜ਼ਿਸ਼ ਕੇਸ ਨੰਬਰ 2' ਦੇ ਨਾਂ ਨਾਲ ਜਾਣਿਆ ਜਾਣ ਲੱਗਾ ਹੈ। ਇਸ ਕੇਸ ਦੇ ਕਾਨੂੰਨੀ ਪਹਿਲੂਆਂ ਬਾਰੇ ਅਜੇ ਕੁਝ ਕਿਹਾ ਨਹੀਂ ਜਾ ਸਕਦਾ, ਕਿਉਂਕਿ ਹੁਣ ਤੱਕ ਸਬੂਤ ਅਤੇ ਗਵਾਹੀਆਂ ਸਾਹਮਣੇ ਨਹੀਂ ਆਈਆਂ। ਇਹ ਕਹਿਣਾ ਵੀ ਮੁਸ਼ਕਲ ਹੈ ਕਿ ਉਚ ਪੱਧਰ ਦੀਆਂ ਅਦਾਲਤਾਂ ਤੱਕ ਪਹੁੰਚਦੇ ਪਹੁੰਚਦੇ ਇਸ ਮੁਕੱਦਮੇ ਦੀ ਰੂਪ ਰੇਖਾ ਕੀ ਹੋਵੇਗੀ ਅਤੇ ਕਾਨੂੰਨ ਦੀਆਂ ਨਜ਼ਰਾਂ ਵਿਚ ਇਸ ਦਾ ਕੋਈ ਮਹੱਤਵ ਹੋਵੇਗਾ ਜਾਂ ਨਹੀਂ। ਇਹਨਾਂ ਗੱਲਾਂ ਦਾ ਫ਼ੈਸਲਾ ਅਸਲ ਵਿਚ ਕੋਈ ਅਦਾਲਤ ਹੀ ਕਰ ਸਕਦੀ ਹੈ। ਪਰ ਇਸ ਸਿਲਸਿਲੇ ਵਿਚ ਕੁਝ ਚੀਜ਼ਾਂ ਜੋ ਸਮਝਦਾਰ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀਆਂ ਹਨ ਬਿਲਕੁਲ ਸਾਫ਼ ਨਜ਼ਰ ਆਉਂਦੀਆਂ ਹਨ। ਇਹ ਸਵਾਲ ਸਿਰਫ਼ ਸਿੱਖ ਬੁੱਧੀਜੀਵੀਆਂ ਜਾਂ ਸ਼ਹਿਰੀ ਆਜ਼ਾਦੀਆਂ ਦੇ ਅਲੰਬਰਦਾਰਾਂ ਨੂੰ ਹੀ ਪ੍ਰੇਸ਼ਾਨ ਨਹੀਂ ਕਰ ਰਹੇ, ਸਗੋਂ ਇਹਨਾਂ ਦੀ ਚਰਚਾ ਕਾਫ਼ੀ ਉਚ ਪੱਧਰੀ ਪਰ ਸ਼ਾਸਕ ਪਾਰਟੀ ਦੇ ਹਲਕਿਆਂ ਵਿਚ ਵੀ ਹੋ ਰਹੀ ਹੈ। ਇਹਨਾਂ ਸਵਾਲਾਂ ਦੇ ਉਠਾਏ ਜਾਣ ਤੋਂ ਹੀ ਇਹ ਸਪਸ਼ਟ ਹੁੰਦਾ ਹੈ ਕਿ ਪੜ੍ਹੇ ਲਿਖੇ ਤਬਕੇ ਵਿਚ ਹੁਣ ਸਰਕਾਰੀ ਦਾਅਵਿਆਂ ਦੀ ਹੁਣ ਕੋਈ ਖ਼ਾਸ ਮਾਨਤਾ ਨਹੀਂ ਰਹੀ। ਉਦਾਹਰਣ ਦੇ ਤੌਰ 'ਤੇ ਸਭ ਤੋਂ ਵੱਡਾ ਸਵਾਲ ਜੋ ਉਠਾਇਆ ਜਾ ਰਿਹਾ ਹੈ, ਉਹ ਇਹ ਹੈ ਕਿ ਇਕ 'ਸਾਜ਼ਿਸ਼ ਕੇਸ' ਦੀ ਜਾਂਚ ਪੜਤਾਲ ਨੂੰ ਕਿਸ ਤਰ੍ਹਾਂ ਸਾਢੇ ਚਾਰ ਸਾਲ ਤੋਂ ਵੀ ਵੱਧ ਦਾ ਸਮਾਂ ਲੱਗਾ ਅਤੇ ਇਸ 'ਤੇ ਕਾਰਵਾਈ ਦਾ ਖ਼ਿਆਲ ਐਨ ਉਸ ਸਮੇਂ ਕਿਉਂ ਆਇਆ, ਜਦੋਂ ਕਿ ਚੋਣਾਂ ਸਿਰ 'ਤੇ ਆ ਗਈਆਂ ਹਨ ?

ਇਸੇ ਨਾਲ ਮਿਲਿਆ-ਜੁਲਿਆ ਸਵਾਲ ਇਕ ਹੋਰ ਹੈ ਕਿ ਕੀ 'ਨਵੀਂ ਸਾਜ਼ਿਸ਼' ਦਾ ਇਹ ਮਾਮਲਾ ਉਸ ਵਿਵਾਦ ਨਾਲ ਜੁੜਿਆ ਹੋਇਆ ਨਹੀਂ ਹੈ ਜੋ ਵਿਰੋਧੀ ਧਿਰ ਨੇ ਠੱਕਰ ਕਮਿਸ਼ਨ ਦੀ ਰਿਪੋਰਟ ਦੇ ਰੂਪ ਵਿਚ ਉਠਾਇਆ ਸੀ ? ਕੀ ਠੱਕਰ ਕਮਿਸ਼ਨ ਦੀ ਰਿਪੋਰਟ ਸੰਸਦ ਸਾਹਮਣੇ ਨਾ ਆਉਂਦੀ ਤਾਂ ਫਿਰ ਵੀ ਇਸ ਨੂੰ ਇੰਨੇ ਹੀ ਜ਼ੋਰ ਨਾਲ ਉਠਾਇਆ ਜਾਂਦਾ ? ਮੇਰਾ ਆਪਣਾ ਖ਼ਿਆਲ ਹੈ ਕਿ ਮਾਮਲਾ ਇਸ ਦੇ ਉਠਾਏ ਜਾਣ ਪਰ ਚਾਹੇ ਦੂਸਰੀ ਹਾਲਤ ਵਿਚ ਹੋਰ ਜ਼ਿਆਦਾ ਜ਼ੋਰ ਫੜਦਾ ਪਰ ਸਵਾਲ ਇਸ ਸਮੇਂ ਮੇਰੇ ਜਾਂ ਕਿਸੇ ਹੋਰ ਦੇ ਵਿਅਕਤੀਗਤ ਵਿਚਾਰਾਂ ਦਾ ਨਹੀਂ ਹੈ ਸਗੋਂ ਇਸ ਗੱਲ ਦਾ ਹੈ ਕਿ ਆਮ ਲੋਕਾਂ ਵਿਚ ਸਰਕਾਰ ਦੇ ਵੱਡੇ ਤੋਂ ਵੱਡੇ ਕਾਨੂੰਨੀ ਦਾਅਵੇ ਨੂੰ ਹੁਣ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ ਅਤੇ ਇਹ ਜ਼ਰੂਰ ਕਿਸੇ ਵੱਡੇ ਵਿਅਕਤੀ ਦਾ ਜਾਂ ਤਾਂ ਸਵਾਰਥ ਹੋਵੇਗਾ ਜਾਂ ਕੋਈ ਰਾਜਨੀਤਕ ਹੇਰ-ਫੇਰ ਦਾ ਮਾਮਲਾ ਹੋਵੇਗਾ। ਇਸੇ ਲਈ ਇਸ ਮਾਮਲੇ ਨੂੰ ਵੀ ਇਕ ਪਾਸੇ ਚੋਣਾਂ ਦੀ ਰਾਜਨੀਤੀ ਨਾਲ ਜੋੜਿਆ ਜਾ ਰਿਹਾ ਹੈ ਕਿਉਂਕਿ ਇਸ ਤਰ੍ਹਾਂ ਸ਼ਾਸਕ ਦਲ ਇਕ ਵਾਰ ਫਿਰ 'ਦੇਸ਼ ਦੀ ਅਖੰਡਤਾ ਅਤੇ ਸਥਿਰਤਾ ਨੂੰ ਖ਼ਤਰੇ' ਦੇ ਨਾਂ 'ਤੇ ਚੋਣਾਂ ਜਿੱਤਣ ਦੀ ਕੋਸ਼ਿਸ਼ ਕਰੇਗਾ। ਇਕ ਦੂਜਾ ਅਨੁਮਾਨ ਇਹ ਵੀ ਹੈ ਕਿ ਇਸ ਨੂੰ ਇਸ ਸਮੇਂ ਇਸ ਲਈ ਖੜ੍ਹਾ ਕੀਤਾ ਗਿਆ ਹੈ ਕਿ ਆਮ ਜਨਤਾ ਦਾ ਧਿਆਨ ਠੱਕਰ ਕਮਿਸ਼ਨ ਤੋਂ ਹਟ ਕੇ ਕਿਸੇ ਹੋਰ ਮਾਮਲੇ ਵੱਲ ਮੋੜਿਆ ਜਾਵੇ।

ਇਸ ਕਿਸਮ ਦੇ ਸ਼ੱਕ-ਸ਼ੁਬਹੇ ਪੈਦਾ ਹੋਣ ਦਾ ਇਕ ਵੱਡਾ ਕਾਰਨ ਇਹ ਹੈ ਕਿ ਅੱਜ ਤੱਕ ਸਰਕਾਰ ਵਲੋਂ ਇਹ ਕਦੇ ਨਹੀਂ ਕਿਹਾ ਗਿਆ ਕਿ ਇੰਦਰਾ ਗਾਂਧੀ ਕਤਲ ਕੇਸ ਵਿਚ ਸਤਵੰਤ ਸਿੰਘ, ਬੇਅੰਤ ਸਿੰਘ, ਕਿਹਰ ਸਿੰਘ ਅਤੇ ਬਰੀ ਹੋਏ ਬਲਬੀਰ ਸਿੰਘ ਤੋਂ ਇਲਾਵਾ ਕਿਸੇ ਹੋਰ ਦਾ ਵੀ ਹੱਥ ਸੀ। ਸੁਪਰੀਮ ਕੋਰਟ ਨੇ ਜਿਸ ਮੁਕੱਦਮੇ ਵਿਚ ਦੋ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਅਤੇ ਅਦਾਲਤੀ ਫ਼ੈਸਲਿਆਂ ਦੇ ਤਾਰ ਤਾਰ ਕਹਿਣ ਦੇ ਬਾਵਜੂਦ ਕਦੇ ਅਜਿਹੇ ਨਤੀਜਿਆਂ ਵੱਲ ਧਿਆਨ ਨਹੀਂ ਦਿੱਤਾ ਜਿਨ੍ਹਾਂ ਦਾ ਸੰਬੰਧ ਮੌਜੂਦਾ ਕੇਸ ਨਾਲ ਹੋ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਸਫ਼ਾਈ ਦੇ ਵਕੀਲ ਹਮੇਸ਼ਾ ਇਹ ਮਨਵਾਉਂਦੇ ਰਹੇ ਕਿ ਇਹ ਕਤਲ ਕਿਸੇ ਵੱਡੀ ਸਾਜ਼ਿਸ਼ ਦਾ ਨਤੀਜਾ ਹੈ ਪਰ ਇਸਤਗਾਸੇ ਨੇ ਇਸ ਨੂੰ ਸਿਰਫ਼ ਚਾਰ ਆਦਮੀਆਂ ਤੱਕ ਹੀ ਸੀਮਤ ਰੱਖਿਆ ਅਤੇ ਸੁਪਰੀਮ ਕੋਰਟ ਨੇ ਇਸ ਦਾਅਵੇ ਨੂੰ ਕਬੂਲ ਕਰ ਲਿਆ। ਹੁਣ ਜੇਕਰ ਇਹ ਪਤਾ ਲੱਗਦਾ ਹੈ ਕਿ ਇਸ ਕਤਲ ਕੇਸ ਵਿਚ ਕਿਸੇ ਹੋਰ ਵਿਅਕਤੀਆਂ ਦਾ ਵੀ ਹੱਥ ਸੀ ਤਾਂ ਉਸ ਮੁਕੱਦਮੇ ਦੀ ਕਾਨੂੰਨੀ ਹੈਸੀਅਤ ਕੀ ਰਹਿ ਜਾਵੇਗੀ, ਜਿਸ ਦੇ ਅਧੀਨ ਸੁਪਰੀਮ ਕੋਰਟ ਨੇ ਵਿਅਕਤੀਆਂ ਨੂੰ ਫਾਂਸੀ ਦੇ ਤਖ਼ਤੇ 'ਤੇ ਚੜ੍ਹਾ ਦਿੱਤਾ ਹੈ ? ਖ਼ਾਸ ਤੌਰ 'ਤੇ ਕਿਹਰ ਸਿੰਘ ਦਾ ਮਾਮਲਾ ਨਾ ਸਿਰਫ਼ ਇਕ ਵਾਰ ਫਿਰ ਉਠ ਸਕਦਾ ਹੈ ਸਗੋਂ ਸਰਕਾਰ ਅਤੇ ਉੱਚਤਮ ਅਦਾਲਤ ਤੋਂ ਜਲਦਬਾਜ਼ੀ ਵਿਚ ਕੰਮ ਕਰਨ ਦੇ ਦੋਸ਼ ਦੀ ਬੁਨਿਆਦ ਵੀ ਬਣ ਸਕਦੀ ਹੈ।


ਇਸੇ ਕੇਸ ਦਾ ਇਕ ਹੋਰ ਦਿਲਚਸਪ ਪਹਿਲੂ ਇਹ ਵੀ ਹੈ ਕਿ ਅਤਿੰਦਰਪਾਲ ਸਿੰਘ ਇਸ ਕੇਸ ਦੀ ਕਥਿਤ ਬੁਨਿਆਦੀ ਕੜੀ ਮੰਨਿਆ ਜਾਂਦਾ ਹੈ, ਉਸ ਦੇ ਇਕਬਾਲੀਆ ਬਿਆਨ ਨੂੰ ਛੇ ਮਹੀਨੇ ਪਹਿਲਾਂ ਦੂਰਦਰਸ਼ਨ 'ਤੇ ਵੀ ਨਸ਼ਰ ਕੀਤਾ ਗਿਆ ਸੀ। ਇਸ ਦੇ ਸਿਲਸਿਲੇ ਵਿਚ ਕੋਈ ਕਾਰਵਾਈ ਨਹੀਂ ਹੋਈ। ਇਸ ਦੇਰੀ ਦਾ ਕਾਰਨ ਕੀ ਸੀ ? ਕਿਹਾ ਜਾ ਸਕਦਾ ਹੈ ਕਿ ਕੇਸ ਦਾਖ਼ਲ ਕਰਨ ਵਿਚ ਦੇਰੀ ਇਸ ਲਈ ਕੀਤੀ ਗਈ ਹੈ ਕਿ ਇਸ ਸਿਲਸਿਲੇ ਵਿਚ ਤਫ਼ਤੀਸ਼ ਦੀਆਂ ਜੋੜੀਆਂ ਕੜੀਆਂ ਕਰਨੀਆਂ ਅਜੇ ਬਾਕੀ ਸਨ ਅਤੇ ਸਾਜ਼ਿਸ਼ ਦੇ ਵਿਦੇਸ਼ੀ ਪਹਿਲੂ ਅਜੇ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਏ ਸਨ। ਪਰ ਹਾਲ ਹੀ ਵਿਚ ਜੋ ਚਾਰਜਸ਼ੀਟ ਦਾਖ਼ਲ ਕੀਤੀ ਗਈ ਉਸ ਵਿਚ ਵੀ ਪਾਕਿਸਤਾਨ ਦੇ ਕੁਝ ਮਾਮੂਲੀ ਪੱਧਰ ਦੇ ਮੇਲ-ਮਿਲਾਪ ਤੋਂ ਬਿਨਾਂ ਹੋਰ ਕਿਸੇ ਵੱਡੀ ਸਾਜ਼ਿਸ਼ ਦਾ ਜ਼ਿਕਰ ਨਹੀਂ ਹੈ। ਅਮਰੀਕਾ ਅਤੇ ਪੱਛਮੀ ਦੇਸ਼ਾਂ ਦੀਆਂ ਖ਼ੁਫ਼ੀਆ ਏਜੰਸੀਆਂ ਦੇ ਬਾਰੇ ਵਿਚ ਖ਼ਾਸ ਤੌਰ 'ਤੇ ਕੁਝ ਨਹੀਂ ਕਿਹਾ ਗਿਆ। ਸ਼ਾਇਦ ਇਸੇ ਲਈ ਦਿੱਲੀ ਵਿਚ ਲੋਕ ਇਹ ਗੱਲ ਉਡਾ ਰਹੇ ਹਨ ਕਿ ਸਰਕਾਰ ਵਲੋਂ ਦਾਖ਼ਲ ਕੀਤੇ ਜਾਣ ਵਾਲੇ ਸਾਜ਼ਿਸ਼ ਕੇਸ ਟੈਲੀਵਿਜ਼ਨ ਸੀਰੀਅਲ ਵਾਂਗ, ਜਿਨ੍ਹਾਂ ਵਿਚ ਕਿਸੇ ਮਾਮਲੇ ਦਾ ਕੋਈ ਅੰਤ ਨਹੀਂ ਹੁੰਦਾ ਪਰ ਕਿਰਦਾਰਾਂ ਨੂੰ ਜੋ ਬਦਲ ਬਦਲ

(ਬਾਕੀ ਸਫ਼ਾ 21) →


MATCH MAKERS

To find your ideal partner, join the most successful and reputed SUMAN MARRIAGE BUREAU (First Asian) International fame through world press coverage, radio and television interviews. SMB has been the secret factor in arranging over 4000 marriages successfully throughout the world. We have over 2000 people, professional, non-professional, and businessmen, like you, registered with the bureau. We guarantee our service to be 100% CONFIDENTIAL, HONEST and GENUINE. Don't hesitate, ring or write now, for your future happiness.

SUMAN Marriage Bureau



83, SOUTH ROAD, SOUTHALL, MIDDX. UB1 1SQ
Tel: 01-574 4867 OR 01-571 5145 *(Office)*
Residence: 01-579 2732 *(Evenings)*
Member of the Association of British Introduction Agencies.



GLOBE AIR TRAVEL

A friendly efficient Travel Service

We Specialise in Low Cost Flights
"CALL US FOR A QUOTE"

ਯੂਰਪ ਅਤੇ ਸੰਸਾਰ ਦੇ ਹਰ ਦੇਸ਼ ਲਈ ਸਭ ਤੋਂ ਘੱਟ ਹਵਾਈ ਕਿਰਾਏ ਅਤੇ ਸ਼ਾਨਦਾਰ ਸਰਵਿਸ

- GROUP BOOKING DISCOUNTS
- VISAS & PASSPORT SERVICE
- TRAVELLERS CHEQUES
- FOREIGN BANK DRAFTS
- CURRENCIES

INDIA	from	£315.00
U.S.A	"	£260.00
CANADA	"	£295.00

We have the best rates in town !!!
You've tried the rest
NOW TRY THE BEST !


American Express, Thomas Cook +Visa

For Enquiries Ring: **021-523 7398**

ਬੀਲੇਫੇਲਡ (BIELEFELD) ਪੱਛਮੀ ਜਰਮਨੀ ਵਿਖੇ ਸੈਂਕੜੇ ਮੀਲਾਂ ਵਿਚ ਇੱਕ ਇਕ ਭਾਰਤੀ ਦੁਕਾਨ

ASIA BAZAR — INDIAN SHOP

- [illegible]
- [illegible]
- [illegible]



ਦੇਸ਼ ਵਿਦੇਸ਼ ਦੀਆਂ ਟਿਕਟਾਂ ਦਾ ਕੰਮ ਵੀ ਕਰਦੇ ਹਾਂ
Frankfurt to Delhi
— Delhi to Frankfurt [illegible]

ASIA BAZAR (INDIAN SHOP)
DUPPEL STRASSE-21
4800 BIELEFELD-1 WEST GERMANY
TEL: (0521) 179527/0521-175165

INTERNATIONAL MARRIAGE BUREAU

(SLOUGH)

SUCCESSFUL & WELL ESTABLISHED 1984




WHY more and more people join The INTERNATIONAL MARRIAGE BUREAU Because:

- I M B Membership is unique and simple YOUR REGISTRATION FEE IS VALID UNTIL MATCH IS FOUND.
- Our services are sincere, genuine and fully confidential.
- We care for your desired requirements and provide ample compatiable local and world wide contacts.
- Our members came from all walks of life
- We have arranged many successful marriages all over the world.

ਇੰਟਰਨੈਸ਼ਨਲ ਮੈਰਿਜ ਬਿਊਰੋ ਸਲੋਅ

ਦੀ ਮੈਂਬਰਸ਼ਿਪ ਬਹੁਤ ਸਧਾਰਨ ਹੈ, ਕਿਉਂਕਿ ਤੁਹਾਡੀ ਇਕ ਰਜਿਸਟਰੇਸ਼ਨ ਫੀਸ ਉਦੋਂ ਤੱਕ ਲਾਗੂ ਹੈ ਜਦੋਂ ਤੱਕ ਤੁਹਾਡਾ ਰਿਸ਼ਤਾ ਨਹੀਂ ਹੋ ਜਾਂਦਾ।

VISA CARD FACILITY IS ALSO AVAILABLE
Write or phone in complete confidence.



INTERNATIONAL MARRIAGE BUREAU (SLOUGH)

Contact:
MRS. USHA DHATT
"SUN KOSI"
1 Church Grove Wexham
Bucks SL3 6LF
TEL: 0753-74778/38573



ਪਿਆਰੇ ਤੇ ਆਦਰਸ਼ਕ ਜੀਵਨ ਸਾਥੀਆਂ ਨੂੰ ਮਿਲਣ ਵਾਲੀ ਇੰਗਲੈਂਡ ਦੀ ਸਭ ਤੋਂ ਵੱਡੀ

ਕਿਰਨ ਮੈਰਿਜ ਬਿਊਰੋ

ਸੈਂਕੜੇ ਨਹੀਂ ਹਜ਼ਾਰਾਂ ਮਾਪਿਆਂ ਤੇ ਉਹਨਾਂ ਦੇ ਬੱਚਿਆਂ ਨੂੰ ਅਸੀਂ ਸੁਖੀ ਜੀਵਨ ਦਵਾਣ ਵਿਚ ਸਫਲ ਹੋਏ ਹਾਂ।

Reg. in England
No. [illegible]



ਮੁਲੈਹੀਆਂ ਦਾ ਘੇਰਾ ਵਧ ਜਾਣ ਕਾਰਨ ਹੁਣ ਅਸੀਂ ਸੇਵਾ ਦਾ ਕੰਮ ਇਕ ਨਵੇਂ ਵਿਸ਼ਾਲ ਸ਼ਾਨਦਾਰ ਦਫਤਰ ਤੋਂ ਨਿਭਾ ਰਹੇ ਹਾਂ।

ਆਓ ਤੇ ਦਰਸ਼ਨ ਦਿਓ

ਕਿਸੇ ਵੀ ਜ਼ਾਤ, ਬਰਾਦਰੀ, ਮਜ਼ਹਬ, ਰੰਗ ਤੇ ਨਸਲ ਦੇ ਨੌਜਵਾਨਾਂ ਤੇ ਮੁਟਿਆਰਾਂ ਨੂੰ ਅਸੀਂ ਉਹਨਾਂ ਦੀ ਮਨ ਪਸੰਦ ਦਾ ਰਿਸ਼ਤਾ ਲੱਭ ਕੇ ਦੇਣ ਦਾ ਭਰੋਸਾ ਦੇਂਦੇ ਹਾਂ। ਆਪ ਵੀ ਆਪਣਾ ਨਾਂ ਸਾਡੇ ਕੋਲ ਅਜ ਹੀ ਰਜਿਸਟਰ ਕਰਵਾ ਦਿਓ। ਅਸੀਂ ਵਿਆਹ ਸਿਰੇ ਚੜ੍ਹਨ ਤਕ ਹਰ ਇਕ ਵਰ ਦਾ ਨਾਂ ਪਤਾ ਗੁਪਤ ਰਖਦੇ ਹਾਂ।

KIRAN MARRIAGE BUREAU

SUITE C, LIBERTY MARKET HALL
14 SOUTH ROAD, SOUTHALL, MIDDX
01-574-3902 (day time)
01-578-4098 (evenings)

ਪੰਚਾਇਤ ਵਲੋਂ ਪੁਲਸ ਸਪੁਰਦ ਕੀਤਾ ਲਾਲੀ 'ਫਰਾਰ' ਹੋ ਗਿਆ!

ਅੰਮ੍ਰਿਤਸਰ — ਤਹਿਸੀਲ ਅਜਨਾਲਾ ਦੇ ਪਿੰਡਾਂ 'ਚ ਇਸ ਗੱਲ ਦੀ ਚਰਚਾ ਜ਼ੋਰਾਂ ਤੇ ਹੈ ਕਿ ਪੁਲਸ ਨੇ ਇਕ ਸਿੱਖ ਨੌਜਵਾਨ ਗੁਰਲਾਲ ਸਿੰਘ ਲਾਲੀ ਨੂੰ ਹਿਰਾਸਤ ਦੌਰਾਨ ਕੁੱਟ ਮਾਰ ਕਰਕੇ ਹਲਾਕ ਕਰ ਦਿੱਤਾ।

ਵਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਬਾਨੀ ਪ੍ਰਧਾਨ ਸਰਬਜੀਤ ਸਿੰਘ ਵਿਰਕ ਦੀ ਅਗਵਾਈ 'ਚ ਮਿਲੇ ਇਕ ਜਨਤਕ ਵਫ਼ਦ ਨੇ ਜ਼ਿਲਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਰਬਜੀਤ ਸਿੰਘ ਕੋਲੋਂ ਮੰਗ ਕੀਤੀ ਕਿ ਅਜਨਾਲਾ ਤਹਿਸੀਲ ਦੇ ਪਿੰਡ ਲੱਖੂਵਾਲ ਦੇ ਇਕ ਨੌਜਵਾਨ ਗੁਰਲਾਲ ਸਿੰਘ ਉਰਫ ਲਾਲੀ ਦੀ ਪੁਲਸ ਥਾਣਾ ਲੋਪੋਕੇ 'ਚੋਂ ਕਥਿਤ ਫਰਾਰ ਹੋਣ ਦੀ ਪੁਲਸ ਕਹਾਣੀ ਦੀ ਉਚ ਪੱਧਰੀ ਜਾਂਚ ਕੀਤੀ ਜਾਵੇ।

ਵਫ਼ਦ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਲੋਪੋਕੇ ਪੁਲਸ ਨੂੰ ਸ਼ੱਕ ਸੀ ਕਿ ਲੱਖੂਵਾਲ ਦੇ ਗੁਰਲਾਲ ਸਿੰਘ ਉਰਫ ਲਾਲੀ ਦੇ ਪਿੰਡੋਂ ਬਾਹਰ ਰਹਿੰਦੇ ਉਤੇ ਕੁਝ ਅੱਤਵਾਦੀ ਆਉਂਦੇ ਜਾਂਦੇ ਖਾਂਦੇ ਅਤੇ ਪਨਾਹ ਲੈਂਦੇ ਹਨ। ਪਿੰਡ ਦੀ ਪੰਚਾਇਤ ਨੇ ਸਰਪੰਚ ਬੀਰ ਸਿੰਘ ਦੀ ਅਗਵਾਈ 'ਚ ਪਹਿਲੀ ਅਪ੍ਰੈਲ ਨੂੰ ਪੁਲਸ ਥਾਣਾ ਲੋਪੋਕੇ ਦੇ ਮੁਖੀ ਪਰਮ ਸਿੰਘ ਇੰਸਪੈਕਟਰ ਨੂੰ ਗੁਰਲਾਲ ਸਿੰਘ ਸੌਂਪ ਦਿੱਤਾ ਸੀ ਕਿਉਂਕਿ ਪੁਲਸ ਇੰਸਪੈਕਟਰ ਨੇ ਪੰਚਾਇਤ ਨੂੰ ਕਿਹਾ ਸੀ ਕਿ ਉਹ ਉਸ ਕੋਲੋਂ ਪੁੱਛਗਿੱਛ ਕਰਨ ਪਿਛੋਂ ਉਸ ਨੂੰ ਛੱਡ ਦੇਵੇਗੀ।

ਸ੍ਰੀ ਵਿਰਕ ਨੇ ਦੱਸਿਆ ਕਿ ਪਹਿਲੀ ਅਪ੍ਰੈਲ ਤੋਂ ਪਿਛੋਂ 18 ਅਪ੍ਰੈਲ ਤਕ ਕਈ ਵਾਰ ਪੰਚਾਇਤ ਪੁਲਸ ਥਾਣੇ ਕੋਲ ਜਾਂਦੀ ਰਹੀ ਅਤੇ ਲਾਲੀ ਬਾਰੇ ਪੁੱਛਗਿੱਛ ਕਰਦੀ ਰਹੀ। ਹਰ ਵਾਰ ਪੰਚਾਇਤ ਨੂੰ ਇਹੋ ਜਵਾਬ ਮਿਲਦਾ ਕਿ ਪੁਲਸ ਅਜੇ ਲਾਲੀ ਕੋਲੋਂ ਪੁੱਛਗਿੱਛ ਕਰ ਰਹੀ ਹੈ। ਅਖੀਰ 18 ਅਪ੍ਰੈਲ ਨੂੰ ਪਿੰਡ ਦੇ ਸਰਪੰਚ ਬੀਰ ਸਿੰਘ ਦੀ ਅਗਵਾਈ 'ਚ ਮਿਲੇ ਜਨਤਕ ਵਫ਼ਦ ਨੇ ਇੰਸਪੈਕਟਰ ਪਰਮ ਸਿੰਘ ਤੋਂ ਜ਼ੋਰ ਦੇ ਕੇ ਕਿਹਾ ਕਿ ਉਹ ਲਾਲੀ ਨੂੰ ਇਕ ਵਾਰੀ ਫੇਰ ਉਹਨਾਂ ਨਾਲ ਮਿਲਾ ਦੇਣ ਫੇਰ ਭਾਵੇਂ ਪੁੱਛਗਿੱਛ ਕਰਦੇ ਰਹਿਣ। ਲੋਕਾਂ ਦੇ ਦਬਾਅ ਹੇਠ ਆ ਕੇ ਪੁਲਸ ਇੰਸਪੈਕਟਰ ਨੇ ਦੱਸਿਆ ਕਿ ਉਹ ਤਾਂ ਪੁਲਸ ਹਿਰਾਸਤ ਚੋਂ ਫਰਾਰ ਹੋ ਗਿਆ ਹੈ ਅਤੇ ਡਿਊਟੀ ਸਮੇਂ ਕੁਤਾਹੀ ਵਰਤਣ ਵਾਲੇ ਪੁਲਸ ਕਰਮਚਾਰੀਆਂ ਨੂੰ ਲਾਈਨ ਹਾਜ਼ਰ ਕਰ ਦਿੱਤਾ ਹੈ।

ਵਫ਼ਦ ਨੇ ਡਿਪਟੀ ਕਮਿਸ਼ਨਰ ਅੱਗੇ ਦੁੱਖ ਪ੍ਰਗਟ ਕੀਤਾ ਕਿ ਪੁਲਸ ਨੇ ਲਾਲੀ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਹੈ ਅਤੇ ਪੁਲਸ ਦੁਆਰਾ 'ਫਰਾਰ' ਹੋਣ ਦੀ ਕਹਾਣੀ ਬਣਾ ਰਹੀ ਹੈ।

ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਲਾਲੀ ਇਕ ਸ਼ਰੀਫ ਆਦਮੀ ਅਤੇ ਸ਼ਰੀਫ ਖਾਨਦਾਨ ਦਾ ਲੜਕਾ ਹੈ। ਹੋ ਸਕਦਾ ਹੈ ਕਿ ਕਦੇ ਅੱਤਵਾਦੀ ਉਸ ਦੇ ਡੇਰੇ ਤੇ ਜਬਰਨ ਜਾਂ ਦਬਾਅ ਹੇਠ ਆ ਕੇ ਰੋਟੀ ਖਾ ਗਏ ਹੋਣ। ਲਾਲੀ ਦੇ ਪਿਤਾ ਹਰਜਿੰਦਰ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਪੰਚਾਇਤ ਦੀ ਜ਼ਮਾਨਤ ਤੇ ਇਸ ਲਈ ਆਪਣੇ ਲੜਕੇ ਨੂੰ ਥਾਣੇ ਵਿਚ ਪੇਸ਼ ਕਰਵਾਇਆ ਸੀ ਤਾਂ ਜੋ ਉਹ ਤੇ ਉਸ ਦਾ ਪਰਵਾਰ ਪੁਲਸ ਦੀਆਂ ਨਜਾਇਜ਼ ਪ੍ਰੇਸ਼ਾਨੀਆਂ ਤੋਂ ਬਚ ਸਕੇ। ਉਸ ਨੇ ਵੀ ਸ਼ੱਕ ਪ੍ਰਗਟ ਕੀਤਾ ਹੈ ਕਿ ਲਾਲੀ ਤੇ ਪੁਲਸ ਨੇ ਤਸ਼ੱਦਦ ਕਰਕੇ ਉਸ ਨੂੰ ਮਾਰ ਦਿੱਤਾ ਹੈ।

ਗੱਲਾਂ ਕਰਦਾ ਸਫ਼ਾਈ ਦਾ ਯੰਤਰ

ਲੰਡਨ — ਹੂਵਰ ਕੰਪਨੀ ਨੇ ਸਫ਼ਾਈ ਕਰਨ ਵਾਲਾ ਇਕ ਅਜਿਹਾ ਯੰਤਰ ਈਜਾਦ ਕੀਤਾ ਹੈ ਜਿਹੜਾ ਆਪਣੇ ਆਪ ਤੁਹਾਨੂੰ ਹਰ ਚੀਜ਼ ਬਾਰੇ ਦੱਸਦਾ ਰਹਿੰਦਾ ਹੈ ਜਿਵੇਂ ਥੈਲਾ ਭਰ ਗਿਆ ਹੈ, ਨਾਲੀ 'ਚ ਕੋਈ ਚੀਜ਼ ਫਸ ਗਈ ਹੈ, ਪਹਿਲਾ ਇਸਨੂੰ ਦੂਰ ਕਰੋ, ਥੈਲਾ ਤੁਸੀਂ ਚੰਗੀ ਤਰ੍ਹਾਂ ਫਿਟ ਨਹੀਂ ਕੀਤਾ ਅਤੇ ਬਹੁਤ ਵਾਰ ਗੁੱਸੇ ਭਰੀ ਤੇ ਕੜਕਵੀਂ ਆਵਾਜ਼ ਵਿਚ ਇਹ ਵੀ ਆਖ ਸਕਦਾ ਹੈ ਕਿ ਮੋਟਰ ਖਰਾਬ ਹੋ ਗਈ ਹੈ, ਮਕੈਨਿਕ ਨੂੰ ਫ਼ੋਨ ਕਰਾਓ। ਇਸ ਯੰਤਰ ਦੀ ਕੀਮਤ 170 ਪੌਂਡ ਹੈ।

ਸਕੂਲਾਂ ਵਿਚ ਗੁੰਡਾ-ਗਰਦੀ

ਔਸ ਲੋ — ਸਕੂਲਾਂ ਵਿਚ ਹੈੱਡਮਾਸਟਰ ਮੁੰਡਿਆਂ ਨੇ ਇਕ ਅਜਿਹੇ 'ਗੰਦਿਆਂ ਗਿਰੋਹ' ਬਣਾਏ ਹੋਏ ਹਨ ਜਿਹਨਾਂ ਦਾ ਕੰਮ ਕਮਜ਼ੋਰ ਬੱਚਿਆਂ ਨੂੰ ਧਿਰਕਸਾਰੀ ਧਮਕੀਆਂ ਤੇ ਦਬਾਉਣਾ ਅਤੇ ਉਹ ਉਹਨਾਂ ਬੱਚਿਆਂ ਕੋਲੋਂ ਇਸ ਕੰਮ ਬਦਲੇ ਉਹਨਾਂ ਦਾ ਜੇਬ ਖਰਚ ਵਟੋਰ ਲੈਂਦੇ ਹਨ। ਇਹਨਾਂ ਲੁਟੇਰਿਆਂ ਦੀ ਉਮਰ 13-15 ਸਾਲ ਦੇ ਵਿਚਕਾਰ ਹੈ ਅਤੇ ਕੁੱਟ ਮਾਰ ਦੀਆਂ ਕਈ ਵਾਰਦਾਤਾਂ ਹੋ ਚੁੱਕੀਆਂ ਹਨ। ਇਹ ਵਿਚਾਰ ਅਧਿਆਪਕਾਂ ਦੀ ਯੂਨੀਅਨ ਦੇ ਬੁਲਾਰੇ ਨੇ ਆਖੇ ਹਨ। ਇਕ ਸਰਵੇ ਅਨੁਸਾਰ ਘੱਟ ਘੱਟ 3000 ਕੇਸ ਹਰ ਸਕੂਲ ਅਜਿਹੇ ਹੋ ਰਹੇ ਹਨ ਅਤੇ ਪਿਛਲੇ ਸਾਲ 4000 ਅਧਿਆਪਕਾਂ ਤੇ ਸਰੀਰਕ ਤੌਰ ਤੇ ਹਮਲਾ ਵੀ ਕੀਤਾ ਗਿਆ ਸੀ।



ਦਾਜ ਦੇ ਲੋਭੀ ਪਤੀ ਨੇ ਵਿਸਕੀ ਛਿੜਕ ਕੇ ਪਤਨੀ ਸਾੜ ਦਿੱਤੀ



ਸ਼ਾਲਿਨੀ ਮਲਹੋਤਰਾ

ਨਵੀਂ ਦਿੱਲੀ — ਦਾਜ ਦੀ ਮੰਗ ਪੂਰੀ ਨਾ ਹੋਣ ਤੇ ਇਕ ਸ਼ਰਾਬੀ ਪਤੀ ਨੇ ਆਪਣੀ ਮਾਸੂਮ ਤੇ ਮੁਟਿਆਰ ਪਤਨੀ ਉਪਰ ਵਿਸਕੀ ਦਾ ਛਿੜਕਾਅ ਕਰਕੇ ਉਸਨੂੰ ਅੱਗ ਲਾ ਦਿੱਤੀ। ਬੁਰੀ ਤਰ੍ਹਾਂ ਸੜੀ ਹੋਈ 21 ਸਾਲਾ ਸ਼ਾਲਨੀ ਮਲਹੋਤਰਾ ਆਪਣੀ ਜ਼ਿੰਦਗੀ ਦੇ ਆਖਰੀ ਸਾਹ ਲੈ ਰਹੀ ਹੈ।

ਖ਼ਬਰ ਅਨੁਸਾਰ ਸ਼ਾਲਨੀ ਦਾ ਵਿਆਹ ਦਸੰਬਰ 1987 ਵਿਚ ਪ੍ਰਦੀਪ ਨਾਲ ਹੋਇਆ ਸੀ ਉਦੋਂ ਤੋਂ ਲੈ ਕੇ ਉਸ ਨੂੰ ਹੋਰ ਦਾਜ ਲਿਆਉਣ ਲਈ ਤੰਗ ਕੀਤਾ ਜਾਂਦਾ ਰਿਹਾ। ਸੜੀ ਹੋਈ ਸ਼ਾਲਨੀ ਨੇ ਮੌਤ ਦੇ ਬਿਸਤਰੇ ਤੇ ਬਿਆਨ ਦਿੰਦਿਆਂ ਐਸ.ਡੀ.ਐਮ. ਨੂੰ ਦੱਸਿਆ ਕਿ ਉਸ ਦਾ ਪਤੀ ਦਾਜ ਦੀ ਮੰਗ ਨੂੰ ਲੈ ਕੇ ਉਸ ਉਪਰ ਤਸ਼ੱਦਦ ਕਰਦਾ ਰਹਿੰਦਾ ਸੀ। ਪਿਛਲੇ ਐਤਵਾਰ ਵੀ ਉਸ ਨੇ ਦਾਜ ਬਾਰੇ ਝਗੜਾ ਸ਼ੁਰੂ ਕਰ ਦਿੱਤਾ। ਉਸ ਵੇਲੇ ਉਸ ਨੇ ਸ਼ਰਾਬ ਪੀਤੀ ਹੋਈ ਸੀ। ਝਗੜੇ ਸਮੇਂ ਉਸ ਨੇ ਗੁੱਸੇ ਵਿਚ ਆ ਕੇ ਵਿਸਕੀ ਦੀ ਪੂਰੀ ਬੋਤਲ ਸ਼ਾਲਨੀ ਉਪਰ ਡੋਲ੍ਹ ਦਿੱਤੀ ਤੇ ਪਿਛੋਂ ਤੀਲੀ ਨਾਲ ਉਸ ਦੇ ਸ਼ਰਾਬ ਭਿੱਜੇ ਕੱਪੜਿਆਂ ਨੂੰ ਅੱਗ ਲਾ ਦਿੱਤੀ।

ਅੱਗ ਦੀਆਂ ਲਾਟਾਂ 'ਚ ਘਿਰੀ ਹੋਈ ਸ਼ਾਲਨੀ ਕਮਰੇ 'ਚੋਂ ਨਿਕਲ ਕੇ ਵਿਹੜੇ 'ਚ ਭੱਜੀ ਗਈ। ਉਸ ਦਾ ਰੌਲਾ ਸੁਣ ਕੇ ਗੁਆਂਢੀਆਂ ਨੇ ਪਹੁੰਚ ਕੇ ਉਸ ਨੂੰ ਮਰਨ ਤੋਂ ਬਚਾਇਆ। ਪਰ ਫਿਰ ਵੀ ਉਸ ਦਾ 60 ਫੀਸਦੀ ਸਰੀਰ ਝੁਲਸ ਗਿਆ। ਉਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਪ੍ਰਦੀਪ ਘਰੋਂ ਫਰਾਰ ਹੈ।

ਕੰਜਰੀਆਂ ਦਾ ਅੰਤ

ਤਹਿਰਾਨ — ਇਥੇ ਇਕ ਖੇਡ ਦੇ ਮੈਦਾਨ ਵਿਚ ਹਜ਼ਾਰਾਂ ਦਰਸ਼ਕਾਂ ਦੇ ਸਾਹਮਣੇ 15 ਕੰਜਰੀਆਂ ਤੇ ਉਹਨਾਂ ਦੇ ਦੱਲਿਆਂ ਨੂੰ ਪੱਥਰ ਮਾਰ ਮਾਰ ਕੇ ਮਾਰ ਦਿੱਤਾ। ਇਕ ਪੁਲਸ ਛਾਪੇ ਦੌਰਾਨ ਅਜਿਹੇ 75 ਵਿਅਕਤੀ ਫੜੇ ਗਏ ਸਨ ਪਰ ਬਾਕੀਆਂ ਨੂੰ ਛਿੱਤਰ ਮਾਰ ਕੇ ਛੱਡ ਦਿੱਤਾ ਜਾਂ ਜੇਲ੍ਹ 'ਚ ਬੰਦ ਕਰ ਦਿੱਤਾ।


ਇੰਦਰਾ ਕਤਲ ਕੇਸ

[ਸਫ਼ਾ 19 ਤੋਂ ਅੱਗੇ]

ਹੈ ਨਵੇਂ ਨਵੇਂ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਕਿ ਲੋਕ ਨੂੰ ਬੇਵਕੂਫ ਬਣਾ ਕੇ ਕੰਮ ਕਢਾਇਆ ਜਾ ਸਕੇ।

ਮੈਂ ਇਕ ਵਾਰ ਫਿਰ ਦੁਹਰਾ ਦੇਵਾਂ ਕਿ ਮੈਂ ਜਾਤੀ ਤੌਰ 'ਤੇ ਇਹ ਬਿਲਕੁਲ ਨਹੀਂ ਮੰਨਦਾ ਕਿ ਅਜਿਹੇ ਗੰਭੀਰ ਮਾਮਲਿਆਂ ਨੂੰ ਸਾਰੇ ਪੱਖਪਾਤਾਂ ਤੋਂ ਉਪਰ ਉਠ ਕੇ ਸਾਵੀਂ ਨਜ਼ਰ ਨਾਲ ਦੇਖਣਾ ਚਾਹੀਦਾ ਹੈ। ਪਰ ਸਰਕਾਰੀ ਦਾਅਵਿਆਂ ਦੇ ਮਾਮਲੇ ਵਿਚ ਵਧ ਤੋਂ ਵਧ ਬਦਨਾਮ ਵਾਲਾ ਮਾਮਲਾ ਹੁੰਦਾ ਹੈ ਕਿ ਜੇਕਰ ਇਕ ਵਾਰ ਗੱਲ ਦੀ ਸਾਖ ਖ਼ਤਮ ਹੋ ਗਈ ਤਾਂ ਫਿਰ ਕਦੀ ਗੱਲ ਨਹੀਂ ਬਣਦੀ। ਇਸ ਲਈ ਠੀਕ ਇਸ ਮਾਮਲੇ ਨੂੰ ਵੀ ਹੁਣ ਧਿਆਨ ਨਾਲ ਵੇਖ ਰਹੇ ਹਨ।

ਇਹ ਕਿਹਾ ਜਾ ਰਿਹਾ ਹੈ ਕਿ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਇਸ ਮੁਕੱਦਮੇ ਦਾ ਮੁਖ ਦੋਸ਼ੀ ਬਣਾ ਕੇ ਪੰਜਾਬ ਦੇ ਸਵਾਲ ਤੋਂ ਦੁਬਾਰਾ ਗੜਬੜੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਸਵਾਲ ਵੀ ਉਠਾਇਆ ਜਾ ਰਿਹਾ ਹੈ ਕਿ ਜੇਕਰ ਮਾਨ ਦਾ ਹੱਥ ਵਾਕਿਆ ਹੀ ਇਸ ਕੇਸ ਵਿਚ ਸੀ ਤਾਂ ਫਿਰ ਪਿਛਲੇ ਚਾਰ ਸਾਲਾਂ ਵਿਚ ਘੱਟੋ ਘੱਟ



● ਦੀਵਾਨ ਬਰਿੰਦਰ ਨਾਥ

ਵੀ ਕੋਈ ਵਾਰ ਕਿਸੇ ਨਾ ਕਿਸੇ ਵਿਚੋਲੇ ਦੀ ਮਦਦ ਨਾਲ ਉਹਨਾਂ ਨਾਲ ਗੰਢ ਤੋਪ ਦੀ ਕੋਸ਼ਿਸ਼ ਕਿਉਂ ਕੀਤੀ ਗਈ?

ਇਸ ਚਾਰਜਸ਼ੀਟ ਦਾ ਇਕ ਅਜੀਬ ਕਿਸਮ ਦਾ ਸਬੰਧ ਪਿਛਲੇ ਕੁਝ ਮਹੀਨੇ ਦੀਆਂ ਘਟਨਾਵਾਂ ਤੋਂ ਇਕ ਹੋਰ ਮਾਮਲੇ ਵਿਚ ਵੀ ਦਿਖਾਈ ਦਿੰਦਾ ਹੈ। ਇੰਦਰਾ ਦੀ ਹੱਤਿਆ ਸਮੇਂ ਕਮਜ਼ੋਰ ਦਾ ਮਾਮਲਾ ਕੋਈ ਖਾਸ ਮਹੱਤਵ ਨਹੀਂ ਰੱਖਦਾ ਸੀ। ਪਰ ਹੁਣ ਇਕ ਦੋ ਮਹੀਨਿਆਂ ਵਿਚ ਇਸ ਬਾਰੇ ਕਾਫ਼ੀ ਤੇਜ਼ੀ ਆ ਗਈ ਹੈ ਅਤੇ ਇਹ ਗੱਲ ਪੂਰੇ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਪਾਕਿਸਤਾਨ ਦੇ ਸੈਨਿਕ ਟੋਲੇ ਵਲੋਂ ਉਸ ਗੜਬੜ ਦੇ ਸਿਲਸਿਲੇ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਗੜਬੜ ਦੇ ਪਿੱਛੇ ਕਿਉਂਕਿ ਅਜਿਹੀਆਂ ਸ਼ਕਤੀਆਂ ਦਾ ਹੱਥ ਹੈ ਜੋ ਪਾਕਿਸਤਾਨ ਵਿਚ ਵੰਡ ਦਲੋਂ ਆਪਣਾ ਅਸਰ ਕਾਇਮ ਰੱਖਣਾ ਚਾਹੁੰਦੇ ਹਨ ਇਸ ਲਈ ਇਹ ਸਾਫ਼ ਹੈ ਕਿ ਇਹ ਮਾਮਲਾ ਕਾਫ਼ੀ ਦੇਰ ਤੱਕ ਚਲਦਾ ਰਹੇਗਾ। ਸਾਜ਼ਸ਼ ਕੇਸ 'ਚ ਕਸ਼ਮੀਰ ਵਿਚ ਗੜਬੜ ਦੀ ਸਾਜ਼ਸ਼ ਦਾ ਵੀ ਜ਼ਿਕਰ ਹੈ। ਪਰ ਇਸ ਸਿਲਸਿਲੇ ਵਿਚ ਵੀ ਇਹ ਇਹਤਿਆਤ ਰੱਖੀ ਗਈ ਹੈ ਕਿ ਪਾਕਿਸਤਾਨ ਵਿਚ ਜ਼ਿਆ ਟੋਲੇ ਦੇ ਕੁਝ ਘਟੀਆ ਕਿਸਮ ਦੇ ਅਫ਼ਸਰਾਂ ਤੋਂ ਬਿਨਾਂ ਕਿਸੇ ਮਹੱਤਵਪੂਰਨ ਏਜੰਸੀ ਜਾਂ ਦੇਸ਼ ਦਾ ਨਾਂ ਇਸ ਵਿਚ ਨਾ ਆਵੇ। ਕਾਨੂੰਨੀ ਤੌਰ 'ਤੇ ਇਹਨਾਂ 'ਇਹਤਿਆਤਾਂ' ਨਾਲ ਕਈ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ। ਇਹਨਾਂ ਵਿਚੋਂ ਇਕ ਇਹ ਹੈ ਕਿ ਸਰਕਾਰ ਨੂੰ ਵਾਰ ਵਾਰ ਕੋਈ ਠੋਸ ਗਵਾਹੀ ਜਾਂ ਅਜਿਹਾ ਸਬੂਤ ਦੇਣ ਤੋਂ ਗੁਰੇਜ਼ ਕਰਨਾ ਪਵੇਗਾ ਜਿਸ ਦਾ ਸਬੰਧ ਵਿਦੇਸ਼ੀ ਤਾਕਤਾਂ ਨਾਲ ਹੋਵੇ। ਇਹ ਕੰਮ ਜਦੋਂ ਵੀ ਹੋਇਆ, ਸਫ਼ਾਈ ਧਿਰ ਵਲੋਂ ਕਈ ਵੱਡੀਆਂ ਵੱਡੀਆਂ ਹਸਤੀਆਂ ਨੂੰ ਆਪਣੀ ਗਵਾਹ ਵਿਚ ਲੈਣ ਦੀ ਕੋਸ਼ਿਸ਼ ਹੋਵੇਗੀ। ਕਈ ਮਜਬੂਰੀਆਂ ਦੇ ਕਾਰਨ ਅਦਾਲਤ ਅਜਿਹੇ ਵੱਡੇ ਲੋਕਾਂ ਦੀਆਂ ਗਵਾਹੀਆਂ ਦੀ ਇਜਾਜ਼ਤ ਸ਼ਾਇਦ ਨਾ ਦੇਵੇ। ਇਸ ਤਰ੍ਹਾਂ ਮੁਕੱਦਮੇ ਦੀ ਹੀ ਨਹੀਂ ਸਗੋਂ ਪ੍ਰਸ਼ਾਸਨ ਅਤੇ ਅਦਾਲਤ ਦੀ ਸਾਖ ਨੂੰ ਧੱਕਾ ਲੱਗੇਗਾ। ਹੋ ਸਕਦਾ ਹੈ ਕਿ ਕੁਝ ਚਿਰ ਪਿਛੋਂ ਇਸ ਮੁਕੱਦਮੇ ਨੂੰ ਗੁਪਤ ਰੂਪ ਵਿਚ ਚਲਾਉਣ ਦਾ ਫ਼ੈਸਲਾ ਕਰਨਾ ਪਵੇ। ਜੇਕਰ ਅਜਿਹਾ ਹੋਇਆ ਤਾਂ ਜਨਤਾ ਦੀਆਂ ਨਜ਼ਰਾਂ ਵਿਚ ਇਸ ਕੇਸ ਦੀ ਰਹੀ ਸਾਖ ਵੀ ਖ਼ਤਮ ਹੋ ਜਾਵੇਗੀ।

ਪਰ ਦੁਖ ਦੀ ਗੱਲ ਤਾਂ ਇਹ ਹੈ ਕਿ ਦਿੱਲੀ ਦੇ ਰਾਜਨੀਤਕ ਹਲਕੇ ਇਹਨਾਂ ਸਾਰੀਆਂ ਸ਼ੰਕਾਵਾਂ ਨੂੰ ਸਿਰਫ਼ ਇਹ ਕਹਿ ਕੇ ਰੱਦ ਕਰ ਰਹੇ ਹਨ ਕਿ ਇਹਨਾਂ ਸਭ ਕਾਨੂੰਨੀ ਪੇਚੀਦਗੀਆਂ ਦਾ ਸਵਾਲ ਅਜੇ ਕਈ ਮਹੀਨੇ ਬਾਅਦ ਉਠੇਗਾ ਅਤੇ ਤਦ ਤੱਕ ਨਵੀਂ ਸਰਕਾਰ ਬਣ ਚੁੱਕੀ ਹੋਵੇਗੀ, ਮਤਲਬ ਇਹ ਹੈ ਕਿ ਜਦੋਂ ਤੱਕ ਚੋਣਾਂ ਨਹੀਂ ਹੁੰਦੀਆਂ ਵਰਤਮਾਨ ਕੇਸ ਬਾਬਤ ਹੋਈਆਂ ਕਾਰਵਾਈਆਂ ਵਿਚ ਉਲਝਿਆ ਰਹਿਣਾ ਤਾਂ ਕਿ ਕਿਸੇ ਕਾਨੂੰਨੀ ਪੇਚੀਦਗੀ ਦਾ ਸਾਹਮਣਾ ਕੀਤੇ ਬਿਨਾ ਚੋਣ ਮੁਹਿੰਮ ਦੇ ਹਥਿਆਰ ਦੇ ਤੌਰ 'ਤੇ ਇਹ ਕੰਮ ਵਿਚ ਲਿਆਂਦਾ ਜਾ ਸਕੇ। ਡਰ ਇਹ ਹੈ ਕਿ ਇਹ ਹਥਿਆਰ ਕਿਤੇ ਦੋ ਧਾਰੀ ਤਲਵਾਰ ਨਾ ਸਾਬਤ ਹੋਵੇ।

—0—

ਦਿਲਚਸਪੀਆਂ

ਅਜੀਬ ਮਿਤਰਤਾ

ਫਿਲਪੀਨਜ਼ — ਇਥੇ ਇਕ ਤਿੰਨ ਸਾਲ ਦੇ ਮੁੰਡੇ ਕਰੀਮ ਤੇ ਇਕ 18 ਫੁਟ ਲੰਬੇ ਅਤੇ 10 ਸਟੋਨ ਭਾਰੇ ਅਜਗਰ ਦੀ ਮਿਤਰਤਾ ਦਾ ਬਹੁਤ ਚਰਚਾ ਹੈ। ਇਹਨਾਂ ਦੀ ਮਿਤਰਤਾ ਦਾ ਅੰਤ ਵੀ ਬੜੇ ਅਜੀਬ ਢੰਗ ਨਾਲ ਹੋਇਆ। ਕਰੀਮ ਹਾਲੇ ਉਦੋਂ ਜੰਮਿਆ ਨਹੀਂ ਸੀ। ਉਹਦਾ ਬਾਪ ਜੰਗਲ ਵਿਚੋਂ ਆਪਣੇ ਘਰ ਦੇ ਬਗੀਚੇ ਨੂੰ ਮੋੜ ਰਿਹਾ ਸੀ। ਅਚਾਨਕ ਉਹਦੀ ਨਜ਼ਰ ਇਕ ਚਮਕਦੇ ਵਰਗੀ ਅੱਖਾਂ ਤੇ ਜਾ ਪਈ। ਬਾਦ ਵਿਚ ਪਤਾ ਲੱਗਾ ਕਿ ਉਹ ਅਜਗਰ ਨਾਲ ਉਹਨਾਂ ਵੱਲ ਤੱਕਦਾ ਸੀ। ਫਰ ਅਚਾਨਕ ਉਹਦੇ ਦਿਲ ਵਿਚ ਕੀ ਆਈ ਕਿ ਉਹਨੇ ਉਹਨਾਂ ਨੂੰ ਉਥੇ ਜਾਲ ਵਿਚੋਂ ਨਾਲ ਫੜ ਲਿਆ।

ਦੋ ਹਫ਼ਤਿਆਂ ਬਾਦ ਹੀ ਅੰਡਿਆਂ 'ਚ ਤਿੰਨ ਅਜਗਰ ਪੈਦਾ ਹੋਏ। ਜਨਮ ਸਮੇਂ ਵੀ ਉਹਨਾਂ ਦਾ ਕੱਦ 2 ਫੁਟ ਸੀ। ਉਹਨਾਂ ਵਿਚੋਂ ਇਕ ਮਰ ਗਿਆ, ਇਕ ਕਿਸੇ ਚੁਰਾ ਲਿਆ ਤੇ ਤੀਜਾ ਜਿਹੜਾ ਨਰ ਸੀ ਉਹਨਾਂ ਰੱਖ ਲਿਆ ਅਤੇ ਇਸ ਤਰ੍ਹਾਂ ਉਹ ਪਰਿਵਾਰ ਦਾ ਹਿੱਸਾ ਬਣ ਗਿਆ।

ਕਰੀਮ ਦਾ ਪਿਤਾ ਪਹਿਲਾਂ ਉਹਨੂੰ ਕੱਚਾ ਮਾਸ ਤੇ ਛੋਟੇ ਜਾਨਵਰਾਂ ਤੇ ਪਾਲਦਾ ਰਿਹਾ। ਫਰ ਜਿਉਂ ਜਿਉਂ ਉਹ ਵਧਦਾ ਗਿਆ, ਉਹਦੀ ਖੁਰਾਕ ਵੀ ਵਧਦੀ ਗਈ। ਅੱਜ ਕੱਲ ਕਰੀਮ ਉਹਨੂੰ ਹਰ ਰੋਜ਼ ਤਿੰਨ ਜ਼ਿੰਦਾ ਮੁਰਗੀਆਂ ਖੁਆਉਂਦਾ ਹੈ, ਜਿਹਨਾਂ ਨੂੰ ਅਜਗਰ ਬੜੇ ਹੀ ਚਾਅ ਨਾਲ ਨਿਗਲ ਲੈਂਦਾ ਹੈ।

ਅਜਗਰ ਜ਼ਹਿਰੀਲੇ ਨਹੀਂ ਹੁੰਦੇ ਪਰ ਉਹ ਆਪਣੇ ਸ਼ਿਕਾਰ ਨੂੰ ਲਪੇਟਾ ਮਾਰ ਕੇ ਇਸ ਤਰ੍ਹਾਂ ਘੁੱਟ ਦਿੰਦੇ ਹਨ ਕਿ ਉਹ ਸਾਹ ਨਹੀਂ ਲੈ ਸਕਦਾ ਤੇ ਮਰ ਜਾਂਦਾ ਹੈ। ਇਕ ਅਜਗਰ ਆਮ ਤੌਰ ਤੇ ਇਕ ਜੰਗਲੀ ਸੂਰ ਨੂੰ ਇਕ ਘੰਟੇ ਦੇ ਅੰਦਰ ਅੰਦਰ ਨਿਗਲ ਜਾਂਦਾ ਹੈ ਅਤੇ ਜਿਹੜਾ ਹਿੱਸਾ ਹਜ਼ਮ ਨਹੀਂ ਹੁੰਦਾ ਉਹਨੂੰ ਬਾਦ ਵਿਚ ਉਗਲਕੇ ਬਾਹਰ ਕੱਢ ਦਿੰਦਾ ਹੈ। ਜੇਕਰ ਅਜਗਰ ਚੰਗੀ ਤਰ੍ਹਾਂ ਢਿੱਡ ਭਰ ਕੇ ਖਾ ਲਵੇ ਤਾਂ ਉਹ ਫੇਰ ਆਰਾਮ ਨਾਲ ਪਿਆ ਤੇ ਸੁੱਤਾ ਪਿਆ ਮਹੀਨਾ ਭਰ ਹਜ਼ਮ ਕਰਦਾ ਰਹਿੰਦਾ ਹੈ।

ਇਹ ਅਜਗਰ ਕਰੀਮ ਨੂੰ ਮਾਰਦਾ ਕਿਉਂ ਨਹੀਂ? ਪਰ ਸੱਚੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਅਜਗਰ ਨੇ ਅੱਜ ਤੱਕ ਕਿਸੇ ਮਨੁੱਖ ਨੂੰ ਨਹੀਂ ਖਾਧਾ। ਉਸ ਦਿਹਾੜਾ ਬੜਾ ਸ਼ਹਿਰ ਹੈ, ਕਿਉਂਕਿ ਇਹ ਕਿਸੇ ਨੂੰ ਮਾਰਨ ਲੱਗਾ ਝਿਜਕਦਾ ਨਹੀਂ। ਇਹਦਾ ਦਿਮਾਗ ਬਹੁਤ ਛੋਟਾ ਹੁੰਦਾ ਹੈ ਤੇ ਉਹਦੇ ਵਿਚ ਪਿਆਰ ਦੀ ਭਾਵਨਾ ਨਹੀਂ ਹੁੰਦੀ। ਪਰ ਇਸ ਅਜਗਰ ਨੂੰ ਕੁਦਰਤੀ ਰੰਗ ਤੇ ਕਰੀਮ ਨਾਲ ਬਹੁਤ ਮੋਹ ਹੈ ਅਤੇ ਉਹਦੇ ਨਾਲ ਖੇਡਦਾ ਰਹਿੰਦਾ ਹੈ। ਪਿਰਾਮੀ ਵਿਚ ਦੋ ਵਾਰ ਜਦ ਉਹ ਇਕੱਠੇ ਨਹਾਉਂਦੇ ਹਨ ਤਾਂ ਬਹੁਤ ਖੁਸ਼ ਹੁੰਦਾ ਹੈ। ਕਰੀਮ ਦਾ ਉਹਦਾ ਸਿਰ ਤੇ ਪਿਠ ਉਪਰ ਹੱਥ ਫੇਰਨਾ ਉਹਨੂੰ ਬਹੁਤ ਪਸੰਦ ਹੈ। ਰਾਤ ਨੂੰ ਸੌਣ ਲੱਗੇ ਇਹ ਅਜਗਰ ਉਹਨੂੰ ਆਪਣੇ ਸਰੀਰ ਨਾਲ ਲਪੇਟ ਲੈਂਦਾ ਹੈ, ਤਾਂ ਜੋ ਉਹਨੂੰ ਠੰਢ ਨਾ ਲੱਗੇ। ਮਾਹਿਰਾਂ ਦਾ ਕਹਿਣਾ ਹੈ ਕਿ ਅਜਗਰ ਆਪਣੀ ਇੱਛਾ ਅਨੁਸਾਰ ਆਪਣੇ ਸਰੀਰ ਦਾ ਤਾਪਮਾਨ ਵਧਾ ਜਾਂ ਘਟਾ ਲੈਂਦਾ ਹੈ। ਆਮ ਤੌਰ ਤੇ ਅਜਗਰ ਇਕੱਲ-ਖੋਰੇ ਹੁੰਦੇ ਹਨ। ਪਰ ਇਹ ਕਰੀਮ ਦੇ ਅੰਗ-ਸੰਗ ਰਹਿੰਦਾ ਹੈ। ਇਹਨਾਂ 'ਚ ਸੁੰਘਣ ਸ਼ਕਤੀ ਬਹੁਤ ਤੇਜ਼ ਹੁੰਦੀ ਹੈ। ਹੁਣ ਇਸ ਅਜਗਰ ਦੀ ਉਮਰ 15 ਸਾਲ ਹੈ ਅਤੇ ਲੋਕ ਦੂਰ ਦੂਰ ਤੋਂ ਇਹਨਾਂ ਦੀ ਮਿਤਰਤਾ ਦੇਖਣ ਆਉਂਦੇ ਹਨ।

ਸੱਪਾਂ ਬਾਰੇ ਜਾਣਕਾਰੀ

1. ਭਾਵੇਂ ਸੱਪ ਦੀ ਸੁੰਘਣ ਦੀ ਸ਼ਕਤੀ ਬਹੁਤ ਪ੍ਰਬਲ ਹੁੰਦੀ ਹੈ, ਪਰ ਦਿਮਾਗ ਬਹੁਤ ਛੋਟਾ ਹੁੰਦਾ ਹੈ। ਇਕ ਸੱਪ ਦਾ ਦਿਮਾਗ ਉਹਦੇ ਸਰੀਰ ਦਾ 1/1500ਵਾਂ ਹਿੱਸਾ ਹੁੰਦਾ ਹੈ, ਜਦਕਿ ਇਕ ਬਿੱਲੀ ਦਾ ਦਿਮਾਗ 1/100ਵਾਂ ਹਿੱਸਾ ਜ਼ਰੂਰ ਹੁੰਦਾ ਹੈ। ਸੱਪ ਲਗਾਤਾਰ ਆਪਣੀ ਜੀਭ ਬਾਹਰ ਕੱਢਦਾ ਰਹਿੰਦਾ ਹੈ, ਜਿਹਦੇ ਨਾਲ ਉਹ ਹਵਾ ਨੂੰ ਸੁੰਘ ਕੇ ਚੀਜ਼ਾਂ ਬਾਰੇ ਗਿਆਨ ਪ੍ਰਾਪਤ ਕਰਦਾ ਹੈ। ਸੱਪ ਦੇ ਕੰਨ ਨਹੀਂ ਹੁੰਦੇ ਪਰ ਕਈ ਸੱਪ ਕੁਝ ਖਾਸ ਕੰਬਣ ਵਿਚ ਬਹੁਤ ਚਤੁਰ ਹੁੰਦੇ ਹਨ।

2. ਛੋਟੇ ਤੋਂ ਛੋਟੇ ਸੱਪ ਦਾ ਕੱਦ ਬੂਟਨ ਵਾਲੀ ਸੂਈ ਜਿੰਨਾ ਲੰਮਾ ਹੁੰਦਾ ਹੈ ਅਤੇ ਵੱਡੇ ਤੋਂ ਵੱਡਾ 33 ਫੁਟ ਅਤੇ 20 ਸਟੋਨ ਤੋਂ ਵੀ ਜ਼ਿਆਦਾ ਭਾਰਾ ਹੁੰਦਾ ਹੈ। ਤਿੰਨ ਸਾਲ ਦੀ ਉਮਰ ਵਿਚ ਹੀ ਇਹ ਇੰਨਾ ਪੱਕਾ ਬਾਲਗ ਹੋ ਜਾਂਦਾ ਹੈ ਅਤੇ ਇਹਦੀ ਉਮਰ ਆਮ ਤੌਰ ਤੇ 15 ਜਾਂ 20 ਸਾਲ ਹੁੰਦੀ ਹੈ। ਪਾਲਤੂ ਸੱਪ ਦੀ ਉਮਰ ਇਹਦੇ ਨਾਲੋਂ ਵੀ ਕਾਫ਼ੀ ਵਧ ਜਾਂਦੀ ਹੈ। ਸੱਪ ਦੀ ਆਮ ਰਫ਼ਤਾਰ ਆਦਮੀ ਦੇ ਤੁਰਨ ਜਿੰਨੀ ਹੁੰਦੀ ਹੈ ਅਰਥਾਤ ਇਕ ਘੰਟੇ ਦੀ ਤਿੰਨ ਮੀਲ।

3. ਸੱਪ ਸ਼ਾਕਾਹਾਰੀ ਨਹੀਂ ਹੁੰਦੇ, ਸਗੋਂ ਮਾਸ ਖਾਂਦੇ ਹਨ। ਬਹੁਤ ਸਾਰੇ ਆਪਣੇ ਸ਼ਿਕਾਰ ਨੂੰ ਜ਼ਿਉਂਦਿਆਂ ਨਿਗਲਕੇ ਖੁਸ਼ ਹੁੰਦੇ ਹਨ। ਕਈ ਉਹਨਾਂ ਨੂੰ ਪਹਿਲਾਂ ਡੰਗ ਮਾਰ ਕੇ ਨਿਢਾਲ ਕਰ ਲੈਂਦੇ ਹਨ ਜਾਂ ਘੁੱਟ ਕੇ ਅਧਮੋਇਆ ਕਰ ਲੈਂਦੇ ਹਨ। ਜਦ ਵੀ ਸ਼ਿਕਾਰ ਸਾਹ ਲੈਣ ਦੀ ਕੋਸ਼ਿਸ਼ ਕਰਦਾ ਹੈ, ਇਹ ਉਹਨੂੰ ਹੋਰ ਘੁੱਟ ਲੈਂਦੇ ਹਨ। ਇਸ ਤਰ੍ਹਾਂ ਐਧਾ ਮਾਰ ਕੇ ਸ਼ਿਕਾਰ ਨੂੰ ਨਿਗਲ ਲੈਂਦੇ ਹਨ। ਹਮੇਸ਼ਾ ਸਿਰ ਵਲੋਂ ਨਿਗਲਣਾ ਸ਼ੁਰੂ ਕਰਦੇ ਹਨ ਤਾਂ ਜੋ ਉਹਨਾਂ ਦੀਆਂ ਲੱਤਾਂ ਕੁਦਰਤੀ ਢੰਗ ਤੇ ਜੁੜੀਆਂ ਰਹਿਣ। ਸੱਪ ਆਪਣੇ ਨਾਲੋਂ ਬਹੁਤ ਵੱਡੇ ਪਸ਼ੂਆਂ ਨੂੰ ਨਿਗਲ ਜਾਂਦਾ ਹੈ। ਇਕ ਦਰਮਿਆਨੇ ਕੱਦ ਦਾ ਸੂਰ ਉਹਨਾਂ ਦਾ ਸਾਧਾਰਣ ਖਾਣਾ ਹੈ, ਕਿਉਂਕਿ ਉਹਨਾਂ ਦੇ ਜਬਾੜੇ ਬੜੀ ਆਸਾਨੀ ਨਾਲ ਕਾਫ਼ੀ ਖੁੱਲ੍ਹ ਜਾਂਦੇ ਹਨ। ਇਕ ਵਾਰ ਰੱਜ ਕੇ ਖਾ ਲੈਣ ਤਾਂ ਕਿੰਨਾ ਚਿਰ ਖਾਣ ਨਾਲ ਵੀ ਸੱਪ ਦਾ ਮਹੀਨੇ ਭਰ ਨਿਕਲ ਜਾਂਦਾ ਹੈ, ਇਕ ਵਾਰ ਇਕ ਸੱਪ ਨੇ 4 ਸਾਲ ਕਿਹਾ ਕੁਝ ਨਹੀਂ ਖਾਧਾ, ਪਰ ਉਹਦਾ ਕੁਝ ਨਹੀਂ ਵਿਗੜਿਆ।



ਕਰੀਮ ਅਤੇ ਉਹਦਾ ਪਾਲਤੂ ਸੱਪ ਸੰਨੀ, ਦਿਨ ਵਿਚ ਦੋ ਵਾਰ ਇਕੱਠੇ ਪਲਾਸਟਿਕ ਦੀ ਚਿਲਮਚੀ ਵਿਚ ਇਸ਼ਨਾਨ ਕਰਦੇ ਹਨ। ਇਸ਼ਨਾਨ ਕਰਦਿਆਂ ਕਰੀਮ ਆਪਣੇ ਸੱਪ ਦਾ ਸਿਰ, ਬੁਰਸ਼ ਨਾਲ ਮਲ ਮਲ ਕੇ ਧੋਂਦਾ ਹੈ। ਪਾਈਥੌਨਜ਼ (ਅਜਗਰ) ਸੱਪਾਂ ਦੀ ਸੁੰਘਣ ਸ਼ਕਤੀ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਉਹ ਛੂਹੇ ਜਾਣ ਨੂੰ ਬੜੀ ਤੀਬਰਤਾ ਨਾਲ ਮਹਿਸੂਸ ਕਰਦੇ ਹਨ। ਕਰੀਮ ਦਾ ਇਹ ਸੱਪ ਸੰਨੀ 100 ਮੀਟਰਾਂ ਵਿਚੋਂ ਕਰੀਮ ਦੇ ਸਰੀਰ ਦੀ ਖੁਸ਼ਬੋ ਸੁੰਘ ਲੈਂਦਾ ਹੈ। ਇਹ ਸੱਪ ਆਸੇ ਪਾਸੇ ਪਈ ਸੂਹ ਲੈ ਲੈਂਦਾ ਹੈ। ਕਰੀਮ ਲਈ ਸੱਪ ਦੀ ਪੂਛ ਇਕ ਵਧੀਆ ਖਿਡੌਣਾ ਹੈ।

4. ਮਿਡਲ ਈਸਟ ਦੇ ਸਿਲਸਿਲੇ ਵਿਚ ਸੱਪ ਬਹੁਤ ਨਿਕੰਮੇ ਹਨ। ਜ਼ਮੀਨ ਵਿਚੋਂ ਰਹਿਣਾ ਪਸੰਦ ਕਰਦੇ ਹਨ। ਬਹੁਤੀ ਵਾਰ ਤਾਂ ਉਹ ਸ਼ਿਕਾਰ ਕਰਨ ਨੂੰ ਵੀ ਬਾਹਰ ਨਹੀਂ ਹੁੰਦੇ। ਜੇ ਵਿਧਾਤਾ ਨੇ ਸੱਪਣੀਆਂ ਨੂੰ ਇਸ ਢੰਗ ਨਾਲ ਬਣਾਇਆ ਹੈ ਕਿ ਉਹ ਸੱਪ ਦਾ ਵੀਰਜ ਪੰਜ ਛੇ ਸਾਲ ਤੱਕ ਵੀ ਸਾਂਭ ਕੇ ਰੱਖ ਸਕਦੀਆਂ ਹਨ, ਤਾਂ ਜੋ ਵੰਸ਼ ਵਧੇਰੇ ਵਧਦਾ ਰਹੇ। ਇੰਨਾ ਚਿਰ ਸੱਪ ਵਿਚ ਬਚੇਦਾਂ ਕਰਨਾ ਵੀ ਬਹੁਤ ਔਖਾ ਹੈ। ਸੱਪਣੀਆਂ ਆਮ ਤੌਰ ਤੇ ਮੋਟੀਆਂ ਤੇ ਭਾਰੀਆਂ ਹੁੰਦੀਆਂ ਹਨ ਤੇ ਸੱਪ ਦੀ ਪੂਛ ਬਹੁਤ ਲੰਮੀ ਹੁੰਦੀ ਹੈ।

5. ਸੰਭੋਗ ਕਰਨ ਸਮੇਂ ਉਹ ਸੱਪਣੀ ਉਪਰ ਲੰਮਾ ਪੈ ਜਾਂਦਾ ਹੈ। ਉਹਦੀ ਕਮਰ ਨੂੰ ਆਪਣੀ ਜੀਭ ਲਾਉਂਦਾ ਅਤੇ ਉਹਦੇ ਸਿਰ ਨੂੰ ਆਪਣੀ ਠੋਡੀ ਨਾਲ ਰਗੜਦਾ ਰਹਿੰਦਾ ਹੈ। ਹਰੇਕ ਸੱਪ ਦੇ ਦੋ ਇੰਦਰੀਆਂ ਹੁੰਦੀਆਂ ਹਨ। ਜਿਹੜੀਆਂ ਉਹਦੀ ਪੂਛ ਦੇ ਦੋਵੇਂ ਸਿਰਿਆਂ ਤੇ ਲੁਕੀਆਂ ਹੋਈਆਂ ਹੁੰਦੀਆਂ ਹਨ, ਜਿਹੜੀਆਂ ਐਨ ਮੌਕੇ ਸਮੇਂ ਹੀ ਦਿਖਾਈ ਦਿੰਦੀਆਂ ਹਨ। ਸੰਭੋਗ ਸਮੇਂ ਉਹਨਾਂ ਵਿਚੋਂ ਇਕ ਰਬੜ ਦੇ ਦਸਤਾਨੇ ਦੀ ਉਂਗਲੀ ਵਿਚ ਭਰੀ ਹਵਾ ਵਾਂਗ ਫੁੱਲ ਜਾਂਦੀ ਹੈ। ਇਸ ਤਰ੍ਹਾਂ ਉਹ ਦੋਹਾਂ ਵਿਚੋਂ ਜਿਹੜੀ ਇੰਦਰੀ ਚਾਹੁਣ ਵਰਤ ਸਕਦੇ ਹਨ। ਉਹ ਲਗਭਗ ਦੋ ਘੰਟੇ ਸੰਭੋਗ ਕਰਦੇ ਰਹਿੰਦੇ ਹਨ ਅਤੇ ਸੰਭੋਗ ਸਮੇਂ ਹਮੇਸ਼ਾ ਸ਼ਰਮਾਉਂਦੇ ਤੇ ਲੁਕਦੇ ਰਹਿੰਦੇ ਹਨ।

6. ਮਾਂ ਜਾਂ ਬਾਪ ਦੇ ਨਾਤੇ ਵੀ ਸੱਪ ਬਹੁਤ ਨਿਕੰਮੇ ਹੁੰਦੇ ਹਨ। ਆਮ ਤੌਰ ਤੇ ਜਦ ਇਹ ਅੰਡੇ ਦਿੰਦੇ ਹਨ, ਤਾਂ ਉਹਨਾਂ ਨੂੰ ਖ਼ਤਰੇ 'ਚ ਛੱਡ ਕੇ ਭੁੱਲ ਜਾਂਦੇ ਹਨ। ਪਰ ਕਈ ਸੱਪ ਉਹਨਾਂ ਦੀ ਰਾਖੀ ਵੀ ਕਰਦੇ ਹਨ। ਖ਼ਾਸ ਤੌਰ ਤੇ ਅਜਗਰਾਣੀ ਉਹਨਾਂ ਦੁਆਲੇ ਕੁੰਡਲੀ ਮਾਰ ਕੇ ਬੈਠ ਜਾਂਦੀ ਹੈ, ਜਦ ਤੱਕ ਕਿ ਉਹਨਾਂ ਚੋਂ ਬੱਚੇ ਨਹੀਂ ਨਿਕਲਦੇ। ਜਿਹਦਾ ਸਮਾਂ ਠੰਢ ਜਾਂ ਗਰਮ ਮੁਲਕ ਤੇ ਨਿਰਭਰ ਕਰਦਾ ਹੈ। ਗਰਮ ਮੁਲਕ ਵਿਚ ਦੋ ਮਹੀਨਿਆਂ ਵਿਚ ਬੱਚੇ ਨਿਕਲ ਪੈਂਦੇ ਹਨ ਅਤੇ ਠੰਢੇ ਮੁਲਕ ਵਿਚ ਇਕ ਸਾਲ ਵੀ ਲੱਗ ਜਾਂਦਾ ਹੈ। ਸੱਪ ਆਪਣੇ ਸਰੀਰ ਦਾ ਤਾਪਮਾਨ ਵੀ ਵਾਤਾਵਰਨ ਅਨੁਸਾਰ ਬਦਲ ਲੈਂਦਾ ਹੈ।

7. ਲਗਭਗ 100 ਮਿਲੀਅਨ ਸਾਲ ਪਹਿਲਾਂ ਸੱਪ ਛਿਪਕਲੀਆਂ ਤੋਂ ਪ੍ਰਫੁੱਲਤ ਹੁੰਦਾ ਹੋਇਆ ਇਸ ਹਾਲਤ ਵਿਚ ਪਹੁੰਚਿਆ ਹੈ। ਕਈ ਹੋਰ ਜਿਵੇਂ ਅਜਗਰ ਦੀਆਂ ਲੱਤਾਂ ਦੀ ਪਿਛਲੇ ਪਾਸੇ ਛੋਟੀਆਂ ਛੋਟੀਆਂ ਲੱਤਾਂ ਹੁੰਦੀਆਂ ਹਨ। ਸੰਸਾਰ ਵਿਚ ਲਗਭਗ 3000 ਕਿਸਮ ਦੇ ਸੱਪ ਹਨ। ਇਹਨਾਂ ਵਿਚ ਤਕਰੀਬਨ 250 ਬਹੁਤ ਜ਼ਹਿਰੀਲੇ ਹਨ, ਜਿਹਨਾਂ ਦੇ ਕਾਰਨ ਹਰ ਸਾਲ ਲਗਭਗ 30,000 ਮੌਤਾਂ ਜ਼ਰੂਰ ਹੋ ਜਾਂਦੀਆਂ ਹਨ। ਆਸਟਰੇਲੀਆ ਇਕ ਅਜਿਹਾ ਮੁਲਕ ਹੈ ਜਿਥੇ ਸਭ ਤੋਂ ਵੱਧ ਜ਼ਹਿਰੀਲੇ ਸੱਪ ਹੁੰਦੇ ਹਨ।








ਸੱਪਾਂ ਸਰਾਲ ਦੇ ਜਬਾੜੇ ਇਤਨੇ ਲਚਕਦਾਰ ਅਤੇ ਖਿੱਚਣਯੋਗ ਜਿਹੇ ਹੁੰਦੇ ਹਨ ਕਿ ਉਹ ਪੂਰੇ ਸੂਰ ਨੂੰ ਅੰਦਰ ਲੰਘਾ ਸਕਣ ਜਿਤਨੇ ਖੁੱਲ੍ਹ ਜਾਂਦੇ ਹਨ। ਇਸ ਸਰਾਲ ਦਾ 18 ਫੁਟ ਲੰਮਾ ਅਤੇ ਮਜ਼ਬੂਤ ਪੱਠਿਆਂ ਵਾਲਾ ਸਰੀਰ, ਕਰੀਮ ਨੂੰ ਆਪਣੀ ਲਪੇਟ ਵਿਚ ਘੁੱਟ ਕੇ ਉਹਦੇ ਸਾਰੇ ਸਾਹ ਸੂਤ ਸਕਦਾ ਹੈ ਪਰ ਕੁਦਰਤ ਉਹ ਵੀ ਜ਼ਰੀਏ ਕਰੀਮ ਨੂੰ ਇਸ਼ਾਰਾ ਰੱਖਦਾ ਹੈ।



INVESTORS PLANNING ASSOCIATES LTD

NUMBER ONE INDEPENDENT PROFESSIONAL ADVICE ON FINANCIAL MATTERS.







- COMMERCIAL & RESIDENTIAL MORTGAGES
- PENSIONS
- UNIT TRUSTS

R.S. DHALIWAL

- SCHOOL FEES
- SAVING/INV.
- LIFE ASS.
- GENERAL INS.

ਬੱਚਿਆਂ ਦੇ ਭਵਿਖ ਲਈ ਰਣਜੀਤ ਸਿੰਘ ਧਾਲੀਵਾਲ ਨਾਲ ਵਿਚਾਰ ਵਟਾਂਦਰਾ ਕਰੋ।

● ਬੱਚਿਆਂ ਦੀ ਪੜ੍ਹਾਈ, ਵਿਆਹ ਸ਼ਾਦੀ ਅਤੇ ਕਾਰੋਬਾਰ ਲਈ ਪੈਸੇ ਅੱਜ ਹੀ ਰਾਖਵੇਂ ਹੋ ਸਕਦੇ ਹਨ।

To secure your child's future discuss with R.S. DHALIWAL

* Education * Future Career * Business * Mortgages

CONTACT ON 01-311-1965

Office
7/8 Conduit Street,
London W1R 9TG
Tel: 01-499-0525

HOME: 28 Orchard Ave.
Upper Belvered
Kent DA17 5PB
Mobile No. 0860-536091

EAST-WEST HERBS

"ਰੋਗ ਦਾਰੂ ਦੋਵੇਂ ਬੁਝੈ ਤਾਂ ਵੈਦੁ ਸੁਜਾਣੁ"

ਗੰਜਾਪਨ

ਜੇਕਰ ਤੁਹਾਡੇ ਵਾਲ ਬਹੁਤ ਤੇਜ਼ੀ ਨਾਲ ਕਮਜ਼ੋਰ ਹੋ ਕੇ ਝੜਦੇ ਹਨ, ਗੰਜ ਪੈ ਗਿਆ ਹੈ, ਫਿਕਰ ਨਾ ਕਰੋ — ਸਾਡੇ ਜੜ੍ਹੀ ਬੂਟੀਆਂ ਨਾਲ ਤਿਆਰ ਕੀਤਾ ਤੇਲ, ਸ਼ੈਂਪੂ, ਲੋਸ਼ਨ ਵਰਤੋ ਜਿਸ ਨਾਲ ਨਵੇਂ ਵਾਲ ਉੱਗਣੇ ਸ਼ੁਰੂ ਹੋ ਜਾਂਦੇ ਹਨ ਤੇ ਲੰਬੇ ਘਣੇ ਚਮਕੀਲੇ ਬਣ ਜਾਂਦੇ ਹਨ।

ਕਰੋੜਾਂ ਸਾਲਾਂ ਤੋਂ ਝੜੇ ਵਾਲ ਵੀ ਉਗ ਆਉਂਦੇ ਹਨ। ਸਿਰ ਤੇ ਕੋਈ ਕਿਸੇ ਕਿਸਮ ਦੀ ਵੀ ਫਿਕਰ ਦਵਾ ... ਹੈ। ਅੱਜ ਹੀ ਸੰਪਰਕ ਕਾਇਮ ਕਰੋ।

ਵਾਲ ਝੜਨੇ ਦਾ ਚਮਤਕਾਰੀ ਇਲਾਜ

ਚਿੰਤਾ ਰੋਗ
ਮਾਨਸਿਕ ਉਲਝਣਾਂ ਦਾ ਹਲ

ਚਿੰਤਾ ਨਰਵਸ ਟੈਨਸ਼ਨ, ਡਿਪਰੈਸ਼ਨ, ਐਂਗਜ਼ਾਇਟੀ ਹਰ ਮਰਜ਼ ਦੀ ਜੜ੍ਹ ਹਨ — ਪੇਚੀਦੇ, ਡਰ, ਥਕਾਵਟ, ਸਿਰ ਦਰਦ, ਪੇਟ ਖਰਾਬ ਰਹਿਣਾ, ਦਮਾ, ਚੰਬਲ, ਮਰਦਾਂ, ਬੱਚਿਆਂ, ਔਰਤਾਂ ਦੀਆਂ ਸਭ ਬੀਮਾਰੀਆਂ ਦੇ ਮੁਕੰਮਲ ਇਲਾਜ ਸਾਡੇ ਕੋਲ ਹਨ।

ਟੈਕਨੋਲੋਜੀਕਲ ਤਰੱਕੀ, ... ਲਈ ... ਦੀ ਦਵਾ ਤਿਆਰ ਕੀਤੀ ਹੈ ਜਿਸ ... ਬਿਨਾਂ ਕਿਸੇ ਸਾਈਡ ਇਫੈਕਟ ਦੇ ਤੰਦਰੁਸਤੀ ਹਾਸਲ ਹੋ ਜਾਂਦੀ ਹੈ।

"ਸੋ ਵੈਦ ਜਿ ਜਾਣੈ ਰੋਗੀ"

ਬੇ ਅਲਾਦ ਮਰਦਾਂ ਲਈ ਨਵੀਂ ਉਮੀਦ


ਸਪ੍ਰਮ ਦੀ ਘਾਟ, ਟੁੱਟ ਭੱਜ, ਘਟ ਰਫ਼ਤਾਰ ਠੀਕ ਕਰਨ ਵਾਸਤੇ ਦੇਸੀ ਦਵਾਈ ਬੜੀ ਕਾਰਆਮਦ ਹੈ। ਤਿੰਨ ਮਹੀਨੇ ਵਰਤਣ ਨਾਲ ... ਮਿਲੀਅਨ ਸਪ੍ਰਮਜ਼ ਬਣੇ। ਕਿਸੇ ਕਿਸਮ ਦੀ ਮਰਦਾਨਾ ਕਮਜ਼ੋਰੀ ... ਦਾ ਵੀ ਵਧੀਆ ਇਲਾਜ ਹੈ। ਔਰਤਾਂ ਦੇ ... ਦੇ ਸਫਲ ਇਲਾਜ ਲਈ ਵਿਸਥਾਰ ਭਰੀ ਚਿੱਠੀ ਨਾਲ ਹਾਲ ਲਿਖ ਕੇ ਭੇਜ ਦਿਓ।

ਮਾਹਵਾਰੀ
ਔਰਤ ਦੀ ਦੁਸ਼ਵਾਰੀ

... ਮਾਹਵਾਰੀ ਤਕਲੀਫ਼ਾਂ ... ਦਰਦਾਂ, ਦਿਮਾਗ਼, ਮੂੰਹ ਤੇ ਛਾਈਆਂ, ... ਮੂੰਹ ਤੇ ਦਾਗ, ... ਦਾ ਮੁਕੰਮਲ ਇਲਾਜ ਸਾਡੇ ਕੋਲ ਹੈ।

ਕੈਲਾਸ਼ਪੁਰੀ ਨਾਲ ਫੋਨ ਤੇ ਗੱਲ ਕਰੋ — ... ਆਈ ਬਲਾ ਟਾਲ।" ... ਦਾ ਹੱਲ ਹਾਸਲ ਕਰੋ — ਤੁਹਾਡੇ ਧਿਆਨ ਵਿਚ ਵਾਧਾ ਕਰਨ ਲਈ ਚਾਰ ਕਿਤਾਬਾਂ ਦਾ ਸੈੱਟ (20 ਪੌਂਡ) ਜਾਂ ਇਕ ਔਰਤ '...' ਨਾਵਲ (ਪੰਜ ਪੌਂਡ) ਮੰਗਵਾ ਕੇ ਅੱਜ ਹੀ ਪੜ੍ਹੋ।


Dr. Gopal S. Puri Ph.D. Mrs. KAILASH PURI B.A.
36 Merrilocks Road, Blundellsands, Liverpool, 236UN.
Tel: (051)924-5848



ਮਿਡਲੈਂਡ ਵਿਚ ਵਧੀਆ, ਹੰਢਣਸਾਰ ਅਤੇ ਸਰੀਰ ਲਈ ਮੁਲਾਇਮ ਕੱਛੀਆਂ ਅਤੇ ਬ੍ਰੇਜ਼ੀਅਰ ਬਣਾਉਣ ਦੀ ਸਿਲਾਈ ਫੈਕਟਰੀ ਨੂੰ

ਤਜਰਬੇਕਾਰ ਸਿਲਾਈ ਮਸ਼ੀਨਿਸਟਾਂ ਦੀ ਭਾਰੀ ਲੋੜ ਹੈ

* ਵਧੀਆ ਰੇਟ ਤਨਖਾਹ
* ਘਰ ਵਰਗੀ ਮਾਹੌਲ ਵਿਚ ਕੰਮ ਕਰਦੇ ਵੀ ਨਹੀਂ ਮੁੱਕਦਾ



We need skilled machinists.

Contact: Mr. or Mrs. Panesar

P.R. FOUNDATION GARMENT

MANUFACTURERS OF BRIEFS & BRASSIERES
54 VILLA ROAD, HANDSWORTH, BIRMINGHAM
B19 1BL
TEL: 021-551-1538

Crownsway Insurance Brokers Ltd.

Proudley Announce The Following Policies

- * Shop keepers Comprehensive
- * Commercial Combined Business Policy
- * Clothing Manufacturers/Warehouses
- * Gurdwara & Temples "Special Policy"
- * Home Economy (New Policy)

- * Very Competitive Rates
- * Good Commission
- * Quick Policy
- * Any Inner City Area welcome

Agencies available in certain Areas

Apply D.V. Duggal



Crownsway Insurance Brokers Ltd.

(Members of the British Insurance Broker's Association)

183 Hollyhead Road, Handsworth, Birmingham

Tel: 021-554 3566 Or 021-554 9788

FAX 021-523-2992

"ਲੇਖਾ ਰੱਬੁ ਮੰਗੇਸੀਆ"

(ਸ਼ਹੀਦ ਭਾਈ ਕਿਹਰ ਸਿੰਘ ਦੇ ਨਾਂ)

• ਵਲੋਂ ਗਿਆਨੀ ਹਰਬੰਸ ਸਿੰਘ ਤੇਗ
ਵਿੰਬਲਡਨ (ਯੂ.ਕੇ.)

ਲੇਖੇ ਦਾ ਸਬੰਧ ਗਣਿਤ ਨਾਲ ਹੈ। ਇਸ ਗਣਿਤ ਤੋਂ ਬਿਨਾਂ ਸੰਸਾਰ ਦੀ ਕੋਈ ਵੀ ਚੀਜ਼ ਚੱਲ ਨਹੀਂ ਸਕੀ। ਗਣਿਤ ਦੇ ਮਾਹਰ ਮਨੁੱਖਾਂ ਨੇ ਦਿਮਾਗੀ ਸ਼ਕਤੀ ਦੇ ਆਸਰੇ ਆਕਾਸ਼ ਨੂੰ ਕਈ ਕੁਝ ਵੀ ਦਿੱਤੇ ਹਨ ਅਤੇ ਦੇ ਵੀ ਰਹੇ ਹਨ। ਲੇਖਾ ਗਣਿਤ ਤੋਂ ਹੀ ਕੇ ਅਨੇਕ ਪ੍ਰੋਗ੍ਰਾਮ ਵਿਚ ਕੰਪਿਊਟਰ ਦੇ ਹੈਰਾਨ-ਕੁੰਨ ਕਾਰਨਾਮੇ ਇਸ ਗਣਿਤ ਜਾਂ 'ਲੇਖੇ' ਦੇ ਖੇਤਰ ਤੋਂ ਚੰਗ ਪ੍ਰਗਟ ਕਰਕੇ ਹੀ ਦੇਖਣ ਵਿਚ ਆ ਰਹੇ ਹਨ।

ਦੁਨੀਆਂ ਦੀ ਕੋਈ ਸਰਕਾਰ ਜਾਂ ਕਿਸੇ ਵੀ ਪ੍ਰਬੰਧ ਵਿਚੋਂ ਸੰਗਠਨ ਲੇਖੇ ਦੀ ਤਰਤੀਬ ਨੂੰ ਕੱਢ ਦਿੱਤਾ ਜਾਵੇ ਤਾਂ ਸਾਰਾ ਕੁਝ ਹੀ ਥੋੜ੍ਹੇ ਸਮੇਂ ਵਿਚ ਤਬਾਹੀ ਦੇ ਮੂੰਹ ਵਿਚ ਪੈ ਸਕਦਾ ਹੈ। ਇਹ ਲੇਖੇ ਵਾਲਾ ਸਾਰਾ ਢਾਂਚਾ ਵੀ ਮਨੁੱਖ ਨੇ ਕੁਦਰਤ ਤਾਂ ਪਾਸੋਂ ਹੀ ਸਿੱਖਿਆ ਹੈ। ਕੁਦਰਤ ਪ੍ਰਬੰਧ ਨੇ ਵੀ ਆਪਣੇ ਅਲੌਕਿਕ ਨਿਯੰਤ੍ਰਣ ਤਰੀਕੇ ਨਾਲ ਚੱਲਦੇ ਰਹਿਣ "ਸਮਾਜ ਪ੍ਰਬੰਧ" ਨੂੰ ਲੇਖੇ ਵਿਚ ਬੰਨ੍ਹਿਆ ਹੋਇਆ ਹੈ। ਕੁਦਰਤ ਦੀਆਂ ਸ਼ਕਤੀਆਂ ਵਿਚੋਂ ਜਿਹੜੇ ਮਨੁੱਖ ਦਾ ਜੀਵਨ ਜਾਣਦੇ ਹਨ ਉਹਨਾਂ ਨੂੰ ਇਸ ਕੁਦਰਤੀ ਲੇਖੇ ਵਾਲੇ ਪ੍ਰਬੰਧ ਨੂੰ ਦੇਖਣ ਵਾਲੀ ਅੱਖ ਵੀ ਮਿਲ ਜਾਂਦੀ ਹੈ।

ਕੋਈ ਵੀ ਚੀਜ਼ ਲੇਖੇ ਜਾਂ ਤਰਤੀਬ ਤੋਂ ਬਾਹਰ ਨਹੀਂ, ਇਸ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੀ ਅਨੁਭਵੀ ਬੋਲੀ ਵਿਚ,

"ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ"

ਆਖ ਦਿੱਤਾ ਹੈ। ਜਿਥੇ ਕਿਸੇ ਚੀਜ਼ ਦਾ ਹੁਕਮ ਨਹੀਂ ਟਾਲਿਆ ਜਾ ਸਕਦਾ ਉਥੇ ਹੀ 'ਲੇਖ' ਵਿਚ ਕੋਈ ਮਨੁੱਖ ਮਨ-ਮਰਜ਼ੀ ਕਰਕੇ ਉਸ ਦੇ ਸਹੀ ਨਤੀਜੇ ਨੂੰ ਬਦਲ ਨਹੀਂ ਸਕਦਾ। ਦੁਨੀਆਂ ਦੀ ਅਨੇਕ ਪ੍ਰਕਾਰ ਦੀ ਵਿਦਿਆ ਵਿਚ ਕੇਵਲ 'ਗਣਿਤ' ਹੀ ਹੈ ਜਿਸ ਦਾ ਸਹੀ ਸਹੀ ਇਕੋ ਉੱਤਰ ਜਾਂ ਨਤੀਜਾ ਨਿਕਲਦਾ ਹੈ। ਇਸ ਵਡਿਆਈ ਸਦਕਾ ਹੀ ਮਨੁੱਖ ਨੇ 'ਲੇਖੇ' ਤੋਂ ਬਹੁਤ ਕੰਮ ਲਿਆ ਹੈ ਅਤੇ ਲੈ ਵੀ ਰਿਹਾ ਹੈ। ਲੇਖੇ ਵਾਲਾ ਮਜ਼ਮੂਨ ਸੋਚ ਦੀ ਬਹੁਤ ਹੈ ਪ੍ਰੰਤੂ ਜੇ ਇਸ ਵਿਚ ਮਨਮਰਜ਼ੀ ਕੀਤੀ ਜਾਵੇ ਜਿਵੇਂ ਇਹ ਲੇਖਾ ਦੀ ਇਹ ਕਿ ਮਸਲਾ ਕਿਸੇ ਤੋਂ ਤਰ੍ਹਾਂ ਵੀ ਹੱਲ ਹੋ ਨਹੀਂ ਸਕਦਾ। ਠੀਕ ਇਹੋ ਹੀ ਹੈ ਕਿ ਮਨਮਰਜ਼ੀ ਛੱਡ ਲੇਖੇ ਦੇ ਅਸੂਲਾਂ (ਕਾਨੂੰਨ) ਅਨੁਸਾਰ ਹੀ ਕੀਤਾ ਜਾਵੇ।

ਇਸ ਲੇਖੇ ਬਿਨਾਂ ਕਿਸੇ ਮਨੁੱਖ ਦਾ ਵੀ ਸਰਦਾ ਨਹੀਂ। ਚਾਹੇ ਕੋਈ ਆਸਤਕ ਹੈ, ਨਾਸਤਕ ਹੈ, ਧਰਮੀ ਹੈ ਜਾਂ ਅਧਰਮੀ। ਦੁਨਿਆਵੀ ਹੋਵੇ ਜਾਂ ਪਰਮਾਰਥੀ। ਇਹੋ ਹੀ ਕਾਰਨ ਹੈ, ਕਿ ਲੇਖੇ ਦਾ ਮਜ਼ਮੂਨ ਕਿਸੇ ਨਾ ਕਿਸੇ ਰੂਪ ਹਰੇਕ ਨੂੰ ਹੀ ਪੜ੍ਹਨਾ ਜਾਂ ਸਿੱਖਣਾ ਪੈਂਦਾ ਹੈ।

ਜਦੋਂ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਬਾਲ ਉਮਰੇ ਹੀ ਵਿਦਿਆ ਲਈ ਪਾਂਧੇ ਪਾਸ ਭੇਜਿਆ ਤਾਂ ਉਹਨਾਂ ਨੂੰ ਹਿਸਾਬ ਪੜ੍ਹਨ ਨੂੰ ਵੀ ਦਿੱਤਾ ਗਿਆ। ਗੁਰੂ ਜੀ ਦੇ ਪੁੱਛਣ ਤੇ ਪਾਂਧੇ ਨੇ ਦੱਸਿਆ ਕਿ ਕਾਰੋਬਾਰ ਕਰਨ ਲਈ ਦੁਨੀਆਂ ਵਿਚ ਜੀਵਨ ਲਈ ਹਿਸਾਬ ਕਿਤਾਬ ਜਾਂ ਵਪਾਰ ਕਰਨ ਲਈ ਇਹ "ਲੇਖੇ" ਵਾਲਾ ਮਜ਼ਮੂਨ ਵੀ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਜੀ ਨੇ ਪਾਂਧੇ ਨੂੰ ਸਹੀ ਲੇਖੇ ਵਾਲਾ ਮਜ਼ਮੂਨ ਵੀ ਦੱਸ ਸਮਝਾਇਆ ਸੀ ਕਿ ਜੇ ਇਸ ਦੁਨਿਆਵੀ ਲੇਖੇ ਵਾਲੇ ਮਜ਼ਮੂਨ ਦੇ ਪੜ੍ਹਨ ਦੀ ਲੋੜ ਹੈ ਤਾਂ ਕੁਦਰਤ ਵਲੋਂ ਜੋ ਅਟੱਲ ਲੇਖੇ ਵਾਲਾ ਸਿਲਸਿਲਾ ਹੈ ਉਸ ਨੂੰ ਵੀ ਵਿਚਾਰਨ ਦੀ ਲੋੜ ਹੈ। ਨਹੀਂ ਤਾਂ "ਲੇਖਾ" ਦੇਣਾ ਭਾਰੀ ਹੋਵੇਗਾ। ਆਸਾ ਰਾਗ ਵਿਚ "ਪਟੀ ਲਿਖੀ ਮਹਲਾ ੧" ਵਿਚ ਸੰਦੇਸ਼ੀ ਤੁਕ ਦਿੱਤੀ ਹੈ —

"ਮਨ ਕਾਹੇ ਭੂਲੇ ਮੂੜ ਮਨਾ ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥
॥੧॥ ਰਹਾਉ ॥ ਪੰਨਾ ੪੩੩

ਇਸ ਤੁਕ ਦੀ ਹੋਰ ਵਿਆਖਿਆ ਸ੍ਰੀ ਗੁਰੂ ਅਮਰ ਦਾਸ ਜੀ ਨੇ "ਪਟੀ" ਸਿਰਲੇਖ ਵਿਚ ਹੀ ਲਿਖੀ ਬਾਣੀ ਵਿਚ ਕੀਤੀ ਹੈ। ਇਹ ਤੁਕ ਵੀ ਸੰਦੇਸ਼ ਰੂਪ ਵਾਲੀ "ਰਹਾਉ" ਦੀ ਹੈ —

"ਮਨ ਐਸਾ ਲੇਖਾ ਤੂੰ ਕੀ ਪੜਿਆ।
ਲੇਖਾ ਦੇਣਾ ਤੇਰੈ ਸਿਰਿ ਰਹਿਆ ॥"
੧॥ ਰਹਾਉ ॥ ਪੰਨਾ ੪੩੪

ਇਸ ਦੁਨੀਆ ਦੇ ਲੇਖੇ ਨੂੰ ਸਮਝਣ ਦੇ ਨਾਲ ਨਾਲ ਕੁਦਰਤੀ ਲੇਖੇ ਨੂੰ ਵੀ ਸਮਝਣਾ ਜ਼ਰੂਰੀ ਹੈ, ਜਿਹੜਾ ਮਨੁੱਖ ਦੁਨਿਆਵੀ ਲੇਖੇ ਵਿਚ ਹੀ ਈਮਾਨਦਾਰ ਨਹੀਂ ਉਹ ਕੁਦਰਤੀ ਲੇਖੇ ਬਾਰੇ ਕਿਵੇਂ ਸਮਝ ਸਕਦਾ ਹੈ? ਇਸੇ ਕਰਕੇ ਮਨੁੱਖੀ-ਸਮਾਜ ਵਲੋਂ ਸਮੇਂ ਸਮੇਂ ਸਿਰ ਕੁਝ ਬੰਧਨ ਅਤੇ ਮਰਿਆਦਾ ਆਦਿ ਪ੍ਰਣਾਲੀਆਂ ਸਾਜੀਆਂ ਗਈਆਂ ਹਨ, ਜਾਂ ਰਾਜ ਸਰਕਾਰਾਂ ਦੇ ਆਪਣੇ ਆਪਣੇ ਨਿਯਮ ਹੋਣ ਅਤੇ ਇਸੇ ਹੀ ਕਾਨੂੰਨ ਹੁੰਦੇ ਹਨ ਤਾਂ ਜੋ ਸਭ ਕੁਝ ਲੇਖੇ ਵਿਚ ਰੱਖ ਕੇ ਸਹੀ ਸਹੀ ਚਲਾਇਆ ਜਾਵੇ।

ਭਾਵੇਂ ਮਨੁੱਖੀ ਸਮਾਜ ਵਲੋਂ ਬਣਾਏ ਇਹ ਨਿਯਮ ਜਾਂ ਸਦਾਚਾਰਕ ਕਦਰਾਂ ਕੀਮਤਾਂ ਵੀ ਸਾਰੇ ਸੰਸਾਰ ਵਿਚ ਵੱਖ ਵੱਖ ਕੌਮਾਂ ਦੀਆਂ ਹਨ, ਜਿਹਨਾਂ 'ਚੋਂ ਕਈ ਕਦਰਾਂ ਕੀਮਤਾਂ, ਹੋ ਸਕਦਾ ਹੈ, ਕੁਦਰਤੀ ਸਦਾਚਾਰਕ ਨਿਯਮਾਂ ਦੇ ਵਿਪਰੀਤ ਵੀ ਹੋਣ, ਪ੍ਰੰਤੂ ਫਿਰ ਵੀ ਮਨੁੱਖੀ ਸਮਾਜ ਜਾਂ ਰਾਜ ਪ੍ਰਬੰਧ ਵਲੋਂ ਬਣਾਏ ਨਿਯਮਾਂ ਦੀ ਪਾਲਣਾ ਮਨੁੱਖ ਨੂੰ ਸ਼ਾਂਤ ਅਤੇ ਸਹਿਜ ਜੀਵਨ ਦੇਣ ਵਿਚ ਸਹਾਇਕ ਸਾਬਤ ਹੁੰਦੀ ਹੈ।

ਕਿਸੇ ਵੀ ਰਾਜ-ਪ੍ਰਬੰਧ ਜਾਂ ਸਮਾਜ ਵਿਚ ਜਾਂ ਦੇਸ਼ ਕੌਮ ਵਿਚ ਉਦੋਂ ਖਰਾਬੀ ਸ਼ੁਰੂ ਹੁੰਦੀ ਹੈ ਜਦੋਂ ਉਸ ਲਈ ਬਣਾਏ ਨਿਯਮ ਜਾਂ ਕਾਨੂੰਨ ਸਾਰੇ ਮਨੁੱਖਾਂ ਉੱਤੇ ਇਕੋ ਜਿਹੀ ਨੀਅਤ ਨਾਲ ਲਾਗੂ ਨਾ ਕੀਤੇ ਜਾਣ, ਜਾਂ ਸਾਰੇ ਲੋਕ ਉਹਨਾਂ ਨਿਯਮਾਂ ਜਾਂ ਬੰਧਨ ਨੂੰ ਆਪਣੇ ਉੱਤੇ ਸਹੀ ਤਰ੍ਹਾਂ ਲਾਗੂ ਨਾ ਕਰਨ। ਹਰੇਕ ਮਨੁੱਖੀ ਭਾਈਚਾਰੇ ਨੇ ਜਾਂ ਰਾਜ ਪ੍ਰਬੰਧ ਨੇ, ਦੇਸ਼ ਕੌਮ ਨੇ ਕਿਸੇ ਵੀ ਸਮਾਜ ਜਾਂ ਵਿਰੋਧੀ ਵਿਚਾਰਾਂ ਨੂੰ ਨਜਿੱਠਣ ਲਈ ਕਈ ਪ੍ਰਕਾਰ ਦੀਆਂ ਨਿਆਂ ਪ੍ਰਣਾਲੀਆਂ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ। ਇਸ ਨਿਆਂ ਪ੍ਰਣਾਲੀ ਦੇ ਕਈ ਰੂਪ ਅਤੇ ਢੰਗ ਹੋ ਸਕਦੇ ਹਨ। ਪ੍ਰੰਤੂ ਮਨੋਰਥ ਇਹੋ ਹੀ ਹੈ ਕਿ ਨਿਆਂ ਕਰਕੇ ਸਭ ਨੂੰ "ਲੇਖੇ" ਵਿਚ ਰੱਖਣਾ। ਬੇ-ਤਰਤੀਬੀ ਦਾ ਅਤੇ ਲੇਖੇ ਦਾ ਆਪਸੀ ਮੇਲ ਵੀ ਨਹੀਂ ਹੈ। ਜਿਸ ਮਨੁੱਖ ਦਾ ਵਿਹਾਰ ਅਤੇ ਆਚਾਰ ਲੇਖੇ ਅਨੁਸਾਰ ਨਹੀਂ ਹੈ ਜਾਂ "ਲੇਖਾ" ਸਹੀ ਨਹੀਂ ਹੈ। ਉਸ ਨੂੰ ਵਪਾਰ ਵਿਹਾਰ ਵਿਚ ਅਤੇ ਸਮਾਜ ਵਿਚ ਕੋਈ ਆਦਰ ਨਹੀਂ ਦਿੱਤਾ ਜਾਂਦਾ, ਬਲਕਿ ਉਸ ਨੂੰ ਗਲਤ ਸਮਝ ਕੇ ਉਸ ਨਾਲੋਂ ਸਭ ਤਰ੍ਹਾਂ ਦੇ ਵਿਹਾਰ ਆਦਿ ਬੰਦ ਕਰਨਾ ਉਚਿਤ ਸਮਝਿਆ ਜਾਂਦਾ ਹੈ। ਜਿਸ ਕਿਸੇ ਦਾ ਲੇਖਾ ਸਹੀ ਹੈ ਉਸ ਉੱਤੇ ਸਭ ਨੂੰ ਮਾਣ ਅਤੇ ਭਰੋਸਾ ਹੁੰਦਾ ਹੈ। ਇਹ ਹੈ ਲੇਖਾ ਗਲਤ ਅਤੇ ਸਹੀ ਦਾ ਫਲ। ਲੇਖਾ ਗਲਤ ਦੇਣ ਜਾਂ ਕਰਨ ਵਾਲੇ ਨੂੰ ਭਾਈਚਾਰਾ ਜਾਂ ਰਾਜ ਪ੍ਰਬੰਧ ਸਮੇਂ ਸਮੇਂ ਸਿਰ ਸਜ਼ਾਵਾਂ ਵੀ ਦਿੰਦਾ ਹੈ।

ਜੋ "ਲੇਖਾ" ਦਾ ਅਸਲ-ਭਾਵ ਹੋਇਆ ਮਰਿਆਦਾ ਜਾਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ। ਜਿਹਨਾਂ ਨੂੰ ਕਾਇਮ ਰੱਖਣ ਲਈ ਨਿਯਮ ਅਤੇ ਉਪ-ਨਿਯਮ ਬਣਾ ਕੇ ਜਾਂ ਰਾਜ ਸਰਕਾਰਾਂ ਵਲੋਂ ਕਾਨੂੰਨ ਬਣਾ ਕੇ ਉਸ



ਲੇਖਕ

ਨਾਲ ਤੋਲ ਮਿਣ ਕੇ, ਅਦਾਲਤਾਂ ਰਾਹੀਂ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਸੁਣਾਈਆਂ ਜਾਂਦੀਆਂ।

ਪ੍ਰੰਤੂ ਜੇ ਕਾਨੂੰਨ ਜਾਂ ਨਿਯਮ ਬਣਾਉਣ ਵਾਲੇ ਜਾਂ ਇਸ ਨੂੰ ਲਾਗੂ ਕਰਨ ਵਾਲੀ ਸ਼ਕਤੀ ਜਾਂ ਪਰਬਲ ਹਾਕਮ ਧਿਰਾਂ ਹੀ ਕਾਨੂੰਨ ਅਤੇ ਨਿਯਮਾਂ ਦੀ ਉਲੰਘਣਾ ਕਰਨ ਲੱਗ ਪੈਣ, ਫਿਰ "ਲੇਖਾ" ਕਰੇਗਾ ਕੌਣ? ਜਾਂ ਉਹ ਮਨੁੱਖੀ ਸਮਾਜ ਜਾਂ ਦੇਸ਼ ਕੌਮ ਦੇ ਲੋਕਾਂ ਦੀ ਕੀ ਹਾਲਤ ਹੋਵੇਗੀ? ਇਹ ਅਜਿਹੇ ਸਮੇਂ ਹੀ ਦੱਸ ਸਕਦੀ ਹੈ ਕਿ ਕਿਸ ਦੀ ਕੀ ਹਾਲਤ ਹੋ ਸਕਦੀ ਹੈ? ਜੇ ਲੇਖਾ ਲੈਣ ਦੀ ਬਜਾਏ ਲੇਖਾ ਵਿਗਾੜ ਦਿੱਤਾ ਹੋਵੇ। ਅਜਿਹੇ ਕਈ ਹਾਲਤ ਸੰਸਾਰ ਦੇ ਕਈ ਦੇਸ਼ਾਂ ਵਿਚ ਕਈ ਵਾਰ ਹੋਈ ਰਹੀ ਹੈ, ਜਿਸ ਦਾ ਨਤੀਜਾ ਭੁਗਤ ਗਏ, ਰਾਜ ਪਲਟੇ ਅਤੇ ਦੇਸ਼ ਕੌਮ ਦੀ ਤਬਾਹੀ ਹੁੰਦੀ ਰਹੀ ਹੈ।

"ਰਾਜੇ ਪਾਪ ਕਮਾਵਦੇ
ਉਲਟੀ ਵਾੜ ਖੇਤ ਕਉ ਖਾਈ"

ਇਹ ਹਾਲਤ ਭਾਰਤ ਦੀ ਮੌਜੂਦਾ ਸਮੇਂ ਵਿਚ ਵੀ ਹੈ ਜਿਸ ਨੂੰ ਸਾਰੇ ਕੁਦਰਤ ਜੋ ਨੇ ਉਪਰੋਕਤ ਕੋਸ਼ਸ਼ਾਂ 'ਚ ਕਿਹਾ ਹੈ। ਉਦੋਂ ਆਪਣੀ ਮਨੁੱਖੀ ਇਨਸਾਫ ਦੀ ਖਤਮ ਹੋ ਜਾਂਦਾ ਹੈ। ਜਦੋਂ ਕਾਨੂੰਨ ਅਤੇ ਕਚਹਿਰੀਆਂ ਵੀ "ਲੇਖਾ" ਕਰਨ ਤੋਂ ਅਸਮਰਥ ਹੋ ਜਾਣ ਜਾਂ ਗਲਤ "ਲੇਖਾ" ਕਰਕੇ ਇਨਸਾਫ ਦਾ ਗਲਾ ਘੁੱਟਿਆ ਜਾਵੇ, ਉਦੋਂ ਕੋਈ ਚੰਗੇ ਤਰੀਕੇ ਤੋਂ ਸਮਝ ਦੇ ਅਸਾਰ ਬਣ ਜਾਂਦੇ ਹਨ। ਜਿਵੇਂ ਆਮ ਹਾਲਤ ਵਿਚ ਹਰੇਕ ਕੁਦਰਤੀ ਹਵਾ ਦਾ ਵੇਗ ਰੁਕ ਜਾਵੇ, ਹਵਾ ਰੁਕਣ ਦੀ ਸੰਧ ਤਾਂ ਸਿਆਣੇ ਇਸ ਨੂੰ ਹੀ ਕੋਈ ਤੂਫਾਨ ਆਉਣ ਦਾ ਅਨੁਮਾਨ ਲਾ ਲੈਂਦੇ ਹਨ।

ਪ੍ਰੰਤੂ ਇਹ ਅਖਿਰਲਾ "ਲੇਖਾ" ਸਮਝਣ ਵਾਲੇ ਨੂੰ ਹੀ ਹੁੰਦਾ ਹੈ। 'ਲੇਖਾ' ਵਿਗਾੜਨ ਵਾਲੇ ਨੂੰ ਨਹੀਂ। ਉਹ ਸਮਝਦਾ ਹੈ, ਮੈਂ ਰਾਜਾ ਹਾਂ, ਮੈਂ ਹੁਕਮ ਵਾਲਾ ਹਾਂ, ਮੈਂ ਤਾਕਤ ਸ਼ਕਤੀ ਵਾਲਾ ਹਾਂ, ਮੇਰੇ ਪਾਸੋਂ ਕਿਸੇ ਨੇ ਲੇਖਾ ਨਹੀਂ ਮੰਗਣਾ। ਜੇ ਪਰਜਾ ਅਤੇ ਦੇਸ਼ ਤਬਾਹ ਵੀ ਹੋ ਜਾਣ ਤਾਂ ਵੀ ਕੋਈ ਚਿੰਤਾ ਨਹੀਂ। ਅਜਿਹੇ ਰਾਜ ਮਦ ਜਾਂ ਕੁਰਸੀ ਦੇ ਜ਼ੋਰ ਵਾਲੇ ਭੁੱਲ ਜਾਂਦੇ ਹਨ ਕਿ "ਲੇਖਦਾਰ" (ਪ੍ਰਭੂ) ਨੂੰ।

ਜਿਵੇਂ ਕਿ ਭਾਰਤ ਵਿਚ ਹੀ ੧੯੮੪ ਤੋਂ ਹੀ ਕੇ ਹੁਣ ਤਕ, (੪-੫ ਸਾਲਾਂ) ਤੋਂ ਹੋ ਰਿਹਾ ਹੈ। ਨਹੀਂ ਤਾਂ ਕਾਨੂੰਨ ਨੇ, ਅਦਾਲਤ ਨੇ, ਲੇਖਾ ਕਰਕੇ ਸਭ ਨੂੰ ਸਜ਼ਾ ਦੇ ਦੇਣੀ ਸੀ। ਜਦ ਕਿ ਦਿੱਤੀ ਨਹੀਂ ਗਈ।

ਸਗੋਂ ਦੁਨੀਆਂ ਭਰ ਦੇ ਸਾਹਮਣੇ ਭਾਰਤੀ ਨਿਆਂ ਪਾਲਕਾ ਤੇ ਅਤੇ ਕਾਨੂੰਨ ਦਾ ਮਖੌਲ ਉਡਾਉਣ ਤੋਂ ਵੀ ਸੰਕੋਚ ਨਾ ਕਰਕੇ ਭਾਈ ਕਿਹਰ ਸਿੰਘ ਨੂੰ ਕਰਕੇ ਬੇਕਸੂਰ ਨੂੰ ਫਾਂਸੀ ਲਟਕਾ ਦਿੱਤਾ ਗਿਆ ਹੈ। ਨਿਆਂ ਪਾਲਕਾ ਨਾਲ ਸੰਬੰਧਤ ਵੱਡੇ ਵੱਡੇ ਸਿਆਣਿਆਂ ਨੇ ਵੀ ਕਿਹਾ ਕਿ ਸ. ਕਿਹਰ ਸਿੰਘ ਨੂੰ ਫਾਂਸੀ ਹੋ ਨਹੀਂ ਦਿੱਤੀ ਜਾ ਸਕਦੀ ਅਜਿਹੇ ਕਾਨੂੰਨ ਦੇ ਰਾਖਿਆਂ ਨੇ ਕਾਨੂੰਨ ਅਤੇ ਇਨਸਾਫ ਨੂੰ ਵੀ ਫਾਂਸੀ ਦੇ ਦਿੱਤੀ ਹੈ।

"ਲੇਖਾ" ਵਿਗਾੜਨ ਦਾ ਹੀ ਸਿੱਟਾ ਨਿਕਲਦਾ ਹੈ ਜਿਸ ਕਰਕੇ ੮੪ ਵਿਚ ਦਿੱਲੀ ਕਾਂਡ ਦੇ ਸਮੇਂ ਸਮੇਂ ਦੇ ਅਤਿਆਚਾਰ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਅਤੇ ਪੰਜਾਬ ਤੋਂ ਬਾਹਰ ਹੋਰ ਸਾਰੇ ਸੂਬਿਆਂ ਵਿਚ ਸਿੱਖ ਉੱਤੇ ਹੋਏ। ਦਰਦਨਾਕ ਅਤੇ ਭਿਆਨਕ ਕਤਲੇਆਮ ਕਰਨ ਵਾਲੇ ਅੱਜ ਚਾਰ ਪੰਜ ਸਾਲਾਂ ਬਾਦ ਵੀ ਲੇਖਾ ਦੇਣ ਤੋਂ ਬਾਹਰ ਬੈਠੇ ਹੋਏ ਹਨ।

ਤਖਤ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਦੇ ਹੁਣ ਹੁਣੇ ਜਥੇਦਾਰ ਗਿਆਨੀ ਹਰਚਰਨ ਸਿੰਘ ਮਹਾਲੋਂ ਨੇ ਉਦੋਂ ਇਕ ਸਮਾਗਮ ਵਿਚ ਕਿਹਾ ਸੀ ਕਿ ਮੇਰੇ ਪਾਸ ਪੁਲੀਸ ਰਿਪੋਰਟ ਜਿਸ ਰਾਹੀਂ ਪਹੁੰਚੀ ਹੈ ਕਿ ਪੰਜਾਬ ਤੋਂ ਬਿਨਾਂ ਹੀ ਕੇਵਲ ਦਿੱਲੀ ਅਤੇ ਹੋਰ ਸੂਬਿਆਂ ਵਿਚ ਨਵੰਬਰ ੮੪ ਦੇ ਅਤਿਆਚਾਰਾਂ ਵਿਚ ਇਕ ਲੱਖ ਸਾਢੇ ਬਾਰਾਂ ਹਜ਼ਾਰ ਸਿੱਖ ਮਾਰੇ ਗਏ ਜਾਂ ਜ਼ਿੰਦੇ ਸਾੜੇ ਗਏ। ਜਲਾਦਾਂ ਦੀ ਗਿਣਤੀ ਵਿਚ ਸਿੱਖ ਲੜਕੀਆਂ ਨੂੰ ਚੁੱਕ ਲੈ ਗਏ ਜਿਹਨਾਂ ਦੀ ਖੋਜ ਵੀ ਹੋਰ ਨਹੀਂ ਮਿਲੀਆਂ।

ਪੰਜਾਬ ਤੋਂ ਬਾਹਰਲੇ ਸੂਬਿਆਂ ਅਤੇ ਦਿੱਲੀ ਵਿਚ ਇਕ ਸੌ ਤੋਂ ਜ਼ਿਆਦਾ ਗੁਰਦੁਆਰੇ ਅਗਨ ਭੇਟ ਕੀਤੇ ਗਏ।

ਇਸ ਕਤਲੇਆਮ ਦੀ ਪੜਤਾਲ ਕਰਨ ਵਾਲੇ ਪ੍ਰਸਿੱਧ ਸੰਸਥਾਵਾਂ ਨੇ ਕਾਤਲਾਂ ਦੀ ਲਿਸਟ ਵੀ ਛਾਪੀ, ਰਾਜ ਪ੍ਰਬੰਧ ਪਾਸ ਅਪੀਲਾਂ ਵੀ ਕੀਤੀਆਂ ਕਿ 'ਲੇਖਾ' ਕੀਤਾ ਜਾਵੇ। ਪ੍ਰੰਤੂ ਲੇਖਾ ਲੈਣ ਵਾਲੇ ਅਤੇ ਲੇਖਾ ਦੇਣ ਵਾਲੇ ਇਕੋ ਥੈਲੀ ਦੇ ਚੱਟੇ ਵੱਟੇ ਹੋਣ ਕਰਕੇ, ਇਹ ਲੇਖਾ ਅੱਜ ਤਾਈਂ ਨਹੀਂ ਕੀਤਾ ਗਿਆ। ਭਾਵੇਂ ਰਾਜ ਦੇ ਨਸ਼ੇ ਵਿਚ ਭੁਲੇਖਾ ਪਾ ਰਹੇ ਹਨ ਕਿ ਇਹ ਲੇਖਾ ਕਦੀ ਦੇਣਾ ਨਹੀਂ, ਜਾਂ ਸਾਡੇ ਪਾਸੋਂ ਕੋਈ ਲੈਣ ਜੋਗਾ ਨਹੀਂ। ਅਜਿਹਾ ਭੁਲੇਖਾ ਸਦੀਆਂ ਤੋਂ ਵੀ ਕਈਆਂ ਨੇ ਖਾਧਾ, ਪਰ ਸਚਾਈ ਸੰਸਾਰ (ਪ੍ਰਮਾਤਮਾ) ਤਾਂ ਪਾਈ ਪਾਈ ਦਾ ਲੇਖਾ ਕਰਦਾ ਹੈ। ਉਥੇ ਕੋਈ ਸਿਫਾਰਸ਼ ਨਹੀਂ, ਕੋਈ ਰਿਆਇਤ ਜਾਂ ਵੱਢੀ ਨਹੀਂ, ਕੋਈ ਵਕਾਲਤ ਨਹੀਂ। ਸਗੋਂ ਉਥੇ ਤਾਂ

"ਸਚੇ ਤੇ ਸਚ ਨਿਬੜੈ
ਚੁਣਿ ਵਖਿ ਕਢੇ ਜਜਮਾਲਿਆ"
(ਗੁਰੂ ਨਾਨਕ)

ਉਸ ਲੇਖੇਦਾਰ ਦੇ ਘਰੋਂ ਨਾਇਕ ਤਾਂ ਨਵੀਂ ਸੁਣ ਅਦਲ ਹੈ, ਉਸ ਨੇ ਤਾਂ ਹਰ ਰਾਜੇ ਨੂੰ ਸੱਚੀ ਵਿਚਾਰ ਕਰਕੇ ਹੁਕਮ ਦੇਣ ਦੀ ਸਮਝ ਦਿੱਤੀ ਹੋਈ ਹੈ। ਉਥੇ ਤਾਂ ਲੇਖਾ ਦੇਣਾ ਹੀ ਪੈਣਾ ਹੈ

'ਨਾਨਕ ਅਗੈ ਮਨਾ ਸੁਣਿਐ ਸਿਰ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਗੁਰ ਨਿਉਂਏ ਨਾਨਕਾ ਓੜਕਿ ਸਚੁ ਰਹੀ ॥
ਵਾਰ ਰਾਮਕਲੀ (ਮ: ੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਖਤ ਜਫਰਨਾਮਾ (ਫਤਹਿਨਾਮਾ) ਫਾਰਸੀ ਵਿਚ ਔਰੰਗਜ਼ੇਬ ਬਾਦਸ਼ਾਹ ਨੂੰ ਲਿਖਿਆ ਸੀ, ਜਿਸ ਵਿਚ ਔਰੰਗਜ਼ੇਬ ਨੂੰ ਚਿਤਾਵਨੀ ਦਿੱਤੀ ਕਿ ਹੇ ਔਰੰਗਜ਼ੇਬ ਤੂ ਮੁਲਕ ਦਾ ਬਾਦਸ਼ਾਹ ਹੋਣ ਦਾ ਅਤੇ ਫੌਜ ਦਾ ਮਾਣ ਕਰਦਾ ਹੈਂ, ਮੈਂ ਅਕਾਲ ਪੁਰਖ ਦੀ ਓਟ ਆਸਰੇ ਤੇ ਹਾਂ, ਮੇਰੇ ਉੱਤੇ ਅਕਾਲ ਪੁਰਖ ਦਾ ਹੱਥ ਹੈ, ਤੇਰੇ ਵਰਗੇ ਵੀ ਮੇਰਾ ਕੁਝ ਨਹੀਂ ਵਿਗਾੜ ਸਕਦੇ। ਭਾਵੇਂ ਮੇਰੇ ਚਾਰੇ ਬੱਚੇ ਵੀ ਮਾਰੇ ਗਏ ਹਨ ਅਤੇ ਪਿਆਰੇ ਸਿੰਘ ਵੀ ਸ਼ਹੀਦ ਹੋ ਗਏ ਹਨ। ਪਰ ਇਹ ਵੀ

(ਬਾਕੀ ਸਫਾ 29) ——→

MILAN MARRIAGE BUREAU

Best Partner for and of any Nationality, Religion.


Caste: Age and Marital Status.

Clients in: England, Guyana, Pakistan, India, Canada, Maritius, Saudi Arabia, Scotland, West Germany, Nigeria, South Africa, Tenzania, Seychells, Ireland, Wales, Malaysia, America etc. Specialist in Sikh Marriages.

For further details send S.A.E.

Tel: 01-310-8348 (Day) answering Machine Messages.
Personal Contact: 7pm to 10pm

Managing Partner
Parmjit Kaur
14 Throwley Close
Abbey Wood
London SE2 9LB



ਅਰਬੀ ਕਹਾਣੀ

[illegible]

● ਇਹਸਾਨ ਅਬਦੁਲ ਕੁੱਦੂਸ

ਇਹ ਔਰਤ ਆਪਣੇ ਪਤੀ ਨਾਲ ਵਿਸ਼ਵਾਸਘਾਤ ਕਰਿਆ ਕਰਦੀ ਸੀ ਪਰ ਕੁਝ ਸਮਾਂ ਪਿਛੋਂ ਉਸ ਦਾ ਜ਼ਮੀਰ ਇਸ ਬੇਵਫ਼ਾਈ ਤੇ ਉਸ ਨੂੰ ਲਾਹਨਤਾਂ ਪਾਉਣ ਲੱਗਿਆ। ਹੌਲੀ ਹੌਲੀ ਉਹ ਆਪਣਾ ਮਾਨਸਿਕ ਚੈਨ ਗੁਆ ਬੈਠੀ।

ਉਹ ਆਪਣੇ ਆਪ ਨੂੰ ਨੀਚ ਸਮਝਣ ਲੱਗੀ। ਉਸ ਦਾ ਇਹ ਅਹਿਸਾਸ ਇਸ ਹੱਦ ਤੱਕ ਵਧਿਆ ਕਿ ਉਹ ਆਪਣੇ ਬਾਲ-ਬੱਚਿਆਂ ਨੂੰ ਵੀ ਪਿਆਰ ਕਰਨੋਂ ਡਰਦੀ ਕਿ ਕਿਤੇ ਉਹ ਵੀ ਉਸ ਦੇ ਇਸ ਵਿਸ਼ਵਾਸਘਾਤ ਨਾਲ ਅਪਵਿੱਤਰ ਨਾ ਹੋ ਜਾਣ। ਉਸ ਦੇ ਮਨ ਵਿਚ ਹੀਣ-ਭਾਵਨਾ ਏਨੀ ਵਧੀ ਕਿ ਉਹ ਆਪਣੇ ਪਤੀ ਨਾਲ ਅੱਖਾਂ [illegible] ਬੇਈਮਾਨੀ ਤੇ ਬੇਵਫ਼ਾਈ ਦੇ ਚਿੰਨ੍ਹ ਪਛਾਣ ਲਵੇ। ਉਹ ਆਪਣੇ ਆਪ ਨੂੰ ਇਸ ਹੱਦ ਤੱਕ ਨੀਚਾ ਸਮਝਣ ਲੱਗੀ ਕਿ ਨਾ ਉਹ ਸੌਂ ਸਕਦੀ ਸੀ ਨਾ ਚਿੱਤ ਭਰ ਕੇ ਖਾ ਸਕਦੀ ਸੀ ਤੇ ਨਾ ਹੀ ਹੱਸ ਸਕਦੀ ਸੀ। ਹੁਣ ਉਸ ਨੂੰ ਇੰਜ ਲੱਗਦਾ ਸੀ ਜਿਵੇਂ ਉਹ ਆਰਾਮ ਕਰਨ, ਖਾਣ ਪੀਣ ਤੇ ਖ਼ੁਸ਼ ਹੋਣ ਦੀ ਹੱਕਦਾਰ ਹੀ ਨਹੀਂ।

ਉਹ ਆਪਣੇ ਅੰਤਹਕਰਣ ਦੀ ਆਵਾਜ਼ ਅਤੇ ਹੀਣ-ਭਾਵ ਨੂੰ ਬਹੁਤਾ ਚਿਰ ਬਰਦਾਸ਼ਤ ਨਾ ਕਰ ਸਕੀ। ਉਸ ਨੇ ਫ਼ੈਸਲਾ ਕਰ ਲਿਆ ਕਿ ਉਹ ਆਪਣੀ ਇਸ ਹਰਕਤ ਤੋਂ ਬਾਜ਼ ਆ ਜਾਵੇਗੀ ਭਾਵੇਂ ਉਸਨੂੰ ਕਿੰਨੀ ਹੀ ਤਕਲੀਫ਼ ਕਿਉਂ ਨਾ ਸਹਿਣੀ ਪਏ। ਫਿਰ ਨਹੀਂ ਸਗੋਂ ਉਹਨੇ ਇਹ ਵੀ ਫ਼ੈਸਲਾ ਕਰ ਲਿਆ ਕਿ ਉਹ ਆਪਣੀ ਬੇਵਫ਼ਾਈ ਦੀ ਗੱਲ ਆਪਣੇ ਪਤੀ ਨੂੰ ਦੱਸ ਦੇਵੇਗੀ। ਸ਼ਾਇਦ ਉਹ ਉਸ ਨੂੰ ਮੁਆਫ਼ ਕਰ ਦੇਵੇ ਅਤੇ ਇੰਜ ਉਸ ਨੂੰ ਉਸ ਮਾਨਸਿਕ ਸੰਤਾਪ ਤੋਂ ਮੁਕਤ ਕਰ ਦੇਵੇ ਜਿਹੜਾ ਉਸ ਦੇ ਜ਼ਮੀਰ ਦੀ ਮਲਾਮਤ ਕਾਰਣ ਉਸ ਨੂੰ ਲਗਾਤਾਰ ਸਹਿਣਾ ਪੈ ਰਿਹਾ ਹੈ।

ਕਈ ਮਹੀਨੇ ਲੰਘ ਗਏ ਅਤੇ ਉਹ ਪਾਕ ਸਾਫ਼ ਬਣੀ ਰਹੀ। ਉਸ ਨੇ ਕੋਈ ਦੁਰਾਚਾਰੀ ਕੰਮ ਨਾ ਕੀਤਾ। ਉਹ ਰੋਜ਼ ਇਰਾਦਾ ਕਰਦੀ ਕਿ ਆਪਣੇ ਪਤੀ ਦੇ ਸਾਹਮਣੇ ਆਪਣੇ ਜੁਰਮ ਦਾ ਇਕਬਾਲ ਕਰ ਲਵੇ ਪਰ ਉਸ ਦੀ ਹਿੰਮਤ ਨਾ ਪੈਂਦੀ। ਉਹ ਪਤੀ ਪਾਸੋਂ ਡਰਦੀ ਸੀ। ਕਦੇ ਇਹ ਡਰ ਸੀ ਕਿ ਉਹ ਉਸ ਨੂੰ ਜਾਨੋਂ ਮਾਰ ਦੇਵੇਗਾ, ਕਦੇ ਇਹ ਡਰ ਸੀ ਕਿ ਉਹ ਉਸ ਨੂੰ ਤਲਾਕ ਦੇ ਦੇਵੇਗਾ, ਉਸ ਨੂੰ ਛੱਡ ਦੇਵੇਗਾ ਤੇ ਬੱਚਿਆਂ ਨੂੰ ਵੀ ਉਸ ਤੋਂ ਦੂਰ ਕਰ ਲਵੇਗਾ।

ਆਖ਼ਰਕਾਰ ਉਸ ਵਿਚ ਕੁਝ ਹਿੰਮਤ ਪੈਦਾ ਹੋਈ ਕਿ ਉਹ ਆਪਣੇ ਮਨ ਵਿਚਲੇ ਡਰ ਤੇ ਕਾਬੂ ਪਾ ਕੇ ਆਪਣੀ ਗ਼ਲਤੀ ਕਬੂਲ ਕਰ ਲਵੇ ਤੇ ਇਕ ਦਿਨ ਉਸ ਨੇ ਪੂਰਾ ਵਿਸਥਾਰ ਦੱਸਦੇ ਹੋਏ ਆਪਣੇ ਗੁਨਾਹ ਦਾ ਇਕਬਾਲ ਕਰ ਲਿਆ।

ਦਿੱਲੀ — ਕੇਂਦਰ ਸਰਕਾਰ ਨੇ ਰਾਜਸਥਾਨ ਦੇ ਪੰਜਾਬ ਨਾਲ ਲੱਗਦੇ ਸਰਹੱਦੀ ਜ਼ਿਲੇ ਗੰਗਾਨਗਰ ਵਿਚ ਦਹਿਸ਼ਤਗਰਦਾਂ ਦਾ ਟਾਕਰਾ ਕਰਨ ਲਈ ਇਕ ਵਿਸ਼ੇਸ਼ ਸਕੀਮ ਬਣਾਈ ਹੈ ਜਿਸ ਉੱਤੇ 20 ਕਰੋੜ ਰੁਪੈ ਖ਼ਰਚ ਕੀਤੇ ਜਾਣ ਦਾ ਅਨੁਮਾਨ ਹੈ। ਇਸ ਗੱਲ ਦਾ ਪ੍ਰਗਟਾਵਾ ਪਾਰਲੀਮੈਂਟ ਵਿਚ ਸਵਾਲਾਂ ਦੇ ਜਵਾਬ ਦਿੰਦਿਆਂ ਸਮੇਂ ਘਰੇਲੂ ਮਾਮਲਿਆਂ ਬਾਰੇ ਰਾਜ ਮੰਤਰੀ ਸ੍ਰੀ ਪੀ. ਚਿਦੰਬਰਮ ਵਲੋਂ ਕੀਤਾ ਗਿਆ।

ਗ੍ਰਹਿ ਮੰਤਰੀ ਬੂਟਾ ਸਿੰਘ ਨੇ ਪਾਰਲੀਮੈਂਟ ਵਿਚ ਦੱਸਿਆ ਕਿ ਪੰਜਾਬ ਵਿਚ ਪੁਲਸ ਅਤੇ ਸੁਰੱਖਿਆ ਦਲਾਂ ਨੇ ਦਹਿਸ਼ਤਗਰਦਾਂ ਵਿਰੁਧ ਕਾਫ਼ੀ ਕਾਮਯਾਬੀ ਪ੍ਰਾਪਤ ਕੀਤੀ ਹੈ। ਉਹਨਾਂ ਦੱਸਿਆ ਕਿ ਦਹਿਸ਼ਤਗਰਦੀ ਵਿਰੁਧ ਜੰਗ ਹੋਰ ਵੀ ਕਾਰਗਰ ਅਸਰਦਾਰ ਤਰੀਕੇ ਨਾਲ ਜਾਰੀ ਰੱਖਣ ਲਈ ਕੇਂਦਰ ਸਰਕਾਰ ਵਲੋਂ ਪੰਜਾਬ ਪੁਲਸ ਨੂੰ 23000 ਆਧੁਨਿਕ ਮੌਡਰਨ ਹਥਿਆਰ ਦਿੱਤੇ ਜਾ ਰਹੇ ਹਨ।

ਪੁਲੀਸ ਨੂੰ ਮੌਡਰਨ ਬਣਾਉਣ ਲਈ ਹੋਰ ਵੀ ਧਨ ਦਿੱਤਾ ਜਾਵੇਗਾ — ਇਕ ਖ਼ਬਰ

ਜੇ ਸਾਨੂੰ ਧਨ ਨਾਲ ਹੀ ਧਨ ਧਨ ਕਰਾ ਦੇਵੋਂ ਤਾਂ ਫਿਰ ਸਾਨੂੰ ਮੌਡਰਨ ਬਣਾਉਣ ਦੀ ਲੋੜ ਹੀ ਨਹੀਂ।

ਕੈਨੇਡੀਅਨ ਬਲਕਾਰ ਸਿੰਘ ਉਤੇ ਹੋਏ ਪੁਲਸ ਤਸ਼ੱਦਦ ਦੀ ਰੀਪੋਰਟ ਸੁਪਰੀਮ ਕੋਰਟ ਵਿਚ

ਕੈਨੇਡੀਅਨ ਸਰਕਾਰ ਦੀ ਬੱਲੇ ਬੱਲੇ


ਅੰਮ੍ਰਿਤਸਰ — ਕੈਨੇਡੀਅਨ ਸ਼ਹਿਰੀ ਬਲਕਾਰ ਸਿੰਘ ਜੋ 87 ਵਿਚ ਪੰਜਾਬ ਫੇਰੀ ਦੌਰਾਨ ਪੁਲਸ ਨੂੰ ਦਹਿਸ਼ਤਗਰਦ ਗਤੀਵਿਧੀਆਂ ਨਾਲ ਸੰਬੰਧਤ ਹੋਣ ਦੇ ਸ਼ੱਕ ਅਧੀਨ ਪੁਲਸ ਵਲੋਂ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਬਣਾਏ ਜਾਣ ਸਬੰਧੀ ਰੋਸਾਂ ਦੇ ਮਾਮਲੇ ਦੀ ਪੜਤਾਲ ਮੁਕੰਮਲ ਹੋ ਚੁੱਕੀ ਹੈ ਅਤੇ ਜਾਂਚ ਅਧਿਕਾਰੀ ਵਲੋਂ ਹਫ਼ਤੇ ਦੇ ਅੰਦਰ ਅੰਦਰ ਆਪਣੀ ਰਿਪੋਰਟ ਸੁਪਰੀਮ ਕੋਰਟ ਅੱਗੇ ਪੇਸ਼ ਕਰ ਦਿੱਤੀ ਜਾਵੇਗੀ। ਇਸ ਗੱਲ ਦਾ ਪ੍ਰਗਟਾਵਾ ਜਾਂਚ ਅਧਿਕਾਰੀ ਆਈ.ਜੀ. ਅਗਰਵਾਲ ਨੇ ਕੀਤਾ। ਇਹ ਗੱਲ ਉਹਨਾਂ ਸ. ਦਿਲਬਾਗ ਅਤੇ ਇਜ਼ਹਾਰ ਆਲਮ ਸਮੇਤ 5 ਹੋਰ ਸੀਨੀਅਰ ਪੁਲਸ ਅਧਿਕਾਰੀਆਂ ਦੇ ਬਿਆਨ ਕਲਮਬੰਦ ਕਰਨ ਮਗਰੋਂ ਆਖੀ।

ਕੈਨੇਡਾ ਦੇ ਸ਼ਹਿਰ ਟਰਾਂਟੋ ਤੋਂ ਇਥੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ 40 ਸਾਲਾ ਬਲਕਾਰ ਸਿੰਘ ਨੂੰ ਪਿਛਲੇ ਸਾਲ ਅਪ੍ਰੈਲ 7 ਨਵੰਬਰ 87 ਨੂੰ ਅਚਾਨਕ ਇਕ ਹੋਟਲ ਵਿਚ ਅੰਮ੍ਰਿਤਸਰ ਪੁਲਸ ਨੇ ਆਪਣੀ ਹਿਰਾਸਤ ਵਿਚ ਲੈ ਲਿਆ। ਉਸ ਨੂੰ ਹਿਰਾਸਤ ਵਿਚ ਲੈਣ ਮਗਰੋਂ ਪੁਲਸ ਮੁਖੀ ਇਜ਼ਹਾਰ ਆਲਮ ਨੇ ਪੰਜਾਬ ਅਤੇ ਬਾਹਰਲੇ ਦੇਸ਼ਾਂ ਵਿਚਲੇ ਸਿੱਖ ਅੱਤਵਾਦੀਆਂ ਵਿਚਾਲੇ ਇਕ ਅਹਿਮ ਲਿੰਕ ਨੂੰ ਫੜ ਲੈਣ ਦੀ ਗੱਲ ਆਖੀ ਸੀ। ਪੁਲਸ ਨੇ ਬਲਕਾਰ ਸਿੰਘ ਦੇ ਰਿਸ਼ਤੇਦਾਰਾਂ ਦੇ ਘਰੋਂ ਦੇ ਜੋੜਕਾ ਨਾਲ ਸਬੰਧਾਂ ਨੂੰ ਲੱਭਣ ਲਈ ਜਿਹਨਾਂ ਵਿਚ ਗੁਰਬਚਨ ਸਿੰਘ ਮਾਨੋਚਾਹਲ ਵੀ ਸ਼ਾਮਲ ਸੀ, ਉਹਨੂੰ ਬਹੁਤ ਬੁਰੀ ਤਰ੍ਹਾਂ ਕੁੱਟਿਆ ਮਾਰਿਆ। ਇਹ ਪੁਲਸ ਤਸ਼ੱਦਦ ਦੀਆਂ ਖ਼ਬਰਾਂ ਕੈਨੇਡਾ ਸਰਕਾਰ ਤੱਕ ਪੁੱਜ ਗਈਆਂ। ਜਿਥੋਂ ਤੇਜ਼ੀ ਨਾਲ ਕੈਨੇਡੀਅਨ ਪਾਰਲੀਮੈਂਟ ਵਿਚ ਬਹੁਤ ਰੌਲਾ ਪੈਦਾ ਹੋ ਗਿਆ।

ਕੈਨੇਡਾ ਸਰਕਾਰ ਨੇ ਆਪਣੇ ਨਾਗਰਿਕ ਦੀ ਜਾਨ ਬਚਾਉਣ ਲਈ ਰਾਹ ਪਾਧ ਦੇ ਮਾਮਲੇ ਨੂੰ ਸਿੱਧੇ ਦਰਬਾਰ ਦਾ ਮਸਲਾ ਬਣਾ ਲਿਆ ਅਤੇ ਭਾਰਤ ਵਿਚਲੇ ਆਪਣੇ ਹਾਈ ਕਮਿਸ਼ਨਰ ਨੂੰ ਖ਼ੁਦ ਜਿਹੜਾ ਸਭ ਅੰਮ੍ਰਿਤਸਰ ਪੁੱਜ ਕੇ ਬਲਕਾਰ ਸਿੰਘ ਨਾਲ ਮੁਲਾਕਾਤ ਕਰਨ ਤੇ ਉਸ ਦੀ ਖ਼ਬਰ ਸੁਰਤ ਲੈਣ ਦੇ ਨਿਰਦੇਸ਼ ਦਿੱਤੇ। ਉਸ ਦਾ ਡਾਕਟਰੀ ਮੁਆਇਨਾ ਕਰਵਾਉਣ ਦੇ ਵੀ ਆਦੇਸ਼ ਦਿੱਤੇ।

ਇਹ ਸਾਰਾ ਕੁਝ ਸਾਲ 87 ਦੇ ਨਵੰਬਰ ਮਹੀਨੇ ਦੇ ਅੰਤਮ ਦਿਨਾਂ ਦੌਰਾਨ ਵਾਪਰਿਆ।

ਕਚਹਿਰੀ ਵਿਚ ਡਾਕਟਰੀ ਮੁਆਇਨੇ ਲਈ ਅਰਜ਼ੀ ਪਾਏ ਜਾਣ ਤੇ ਜੇਲ੍ਹ ਅਧਿਕਾਰੀਆਂ ਨੇ ਬਲਕਾਰ ਸਿੰਘ ਦਾ ਸਿਵਲ ਹਸਪਤਾਲ ਅੰਮ੍ਰਿਤਸਰ ਦੇ ਇਕ ਹੋਰ ਅਧਿਕਾਰੀ ਰਾਹੀਂ ਡਾਕਟਰੀ ਮੁਆਇਨਾ ਤਾਂ ਕਰਵਾ ਦਿੱਤਾ ਪਰ ਨਵੀਂ ਦਿੱਲੀ ਤੋਂ ਕੈਨੇਡੀਅਨ ਕੌਂਸਲਰ ਅਧਿਕਾਰੀ ਦੇ ਨਾਲ ਆਏ ਉਹਨਾਂ ਦੇ ਆਪਣੇ ਕੈਨੇਡੀਅਨ ਡਾਕਟਰ ਰਾਹੀਂ ਅਜਿਹਾ ਮੁਆਇਨਾ ਕਰਵਾਏ ਜਾਣ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ



Average 1000 marriages are settled and performed every year through the columns of Des Pardes. We charge one insertion as little as £15. (£5 extra for Box No.) 3 insertions cost £35 (£45 with Box No.)

Suitable match required for two Jat Sikh brothers, 27 and 25, both 6ft. tall, both are students of Computer Science & Maths in West Germany. Background from Phagwara area. Elder coming to England in last week of May. Girls should not be more than 24 and belong to Jat Sikh families. Simple marriage. Write or call: Jasbir Singh, App. No. 907, [illegible] Str. 67, 1000 Berlin 65, West Germany. Tel: 030-2134022 (after 4.00pm.) 030-4617659

Respectable and educated Jat Sikh parents seek a suitable match for their son, 27 years, 6'3", smart and clean shaven, holds a M.Sc. degree from a reputed U.K. University, a qualified Actuary (professional and highest paid job), currently working with an American firm in London. Girl should be tall, minimum 5'6", smart, attractive, modern and well educated. Please send a recent photograph and reply to Box no. 169 c/o Des Pardes Weekly.

Respected Sikh Ramgharia family invite matrimonial correspondence for their son 28 years old, 6ft, tall, clean shaven and good looking, educated in U.K., H.N.D. in business study, own established business and residence in London. The girl should be no less than 5'5", slim, attractive and good natured. No stickers. Genuine enquiries reply with strictest confidence and returnable photo to Box no. 165 c/o Des Pardes Weekly.

Wanted an educated immigrant, clean shaven for a good looking Indian lady, 5'3", 29 years old, Jat Sikh, innocent divorcee, now on visit to England for 6 months. Please contact: U.S. Banwait on 01-590-4509. Caste no bar.

Suitable match required for homely and well mannered Jat Sikh girl, 5'3" tall. She is a student in U.K. (Visitor). For details please ring: 01-570-0225.

Wanted a suitable match for Jat Sikh Aulakh boy, 27½ years, 5'6" B.A. second year, Political stay, employed. Girl should be Jat Sikh, British passport holder. Divorcee can also apply. Please contact on: 571-1610 (9.00-4.00pm.)

Wanted a suitable match for Jat Sikh boy, 35 years old, 5'9" tall, B.Sc. electronics, presently working in a hotel as a supervisor. Girl should be from respectable Jat Sikh family, 25-30 years old. Preference will be given to Doaba family. Please ring: 097-0000 after 6pm.

Jat Sikh parents well established in U.K. from Ludhiana Distt. seek match for their 23 years old son, 5'10", very fair complexion, pleasant nature and working as an accountant. Suitable match from India (Malwa Distt.) will also be considered. Interested parties please contact: 0628-73712 during office hours.

Suitable match required for clean shaven, Jat Sikh boy, 23 years old, 5'11" tall, living in West Germany since 3 years. Girl should be U.K. passport holder. Divorcee can also apply. Please contact in Germany: 030-2134022 (after 4pm.) 030-4617659

Matrimonial correspondence invited from professional Khatri Sikh boys for my 22 years old daughter. Visitors need not apply. Please apply to Box no. 168 c/o Des Pardes Weekly.

Tank Kashatry parents seek a suitable match for thier son, 24 years old, 5'8" tall, handsome and well educated. Family own business. Girl should be well educated, smart, tall, beautiful with fair complexion, homely and belong to respectable family. Please Tel: 041-437-2240.

Jat Sikh parents from Jullundur and well settled in U.K. seek a suitable match for their slim and attractive 28 years old daughter, 5'3" tall. She has M.Sc. Economics degree from London University and is a college lecture. The boy should be a graduate from a respectable Jat Sikh family and living in the U.K., clean shaven is prefered. Please apply to Box no. 167 c/o Des Pardes Weekly.

Parents seek a Jat Sikh boy for their 34 years old daughter, a University graduate, teacher and a British citizen, fair, tall and slim. The boy must be professional, clean shaven, tall and handsome. please apply to Box no. 166 c/o Des Pardes Weekly.

Wanted a suitable match for Jat Sikh girl, 22 years old, 5'5½" tall, beautiful & attractive, born in U.K., holds degree in Computer Science, working as analyst programmer in a very big firm. Boy should be clean shaven, educated to degree level, in professional job and must be Jat Sikh. Please apply to Box no. 164 c/o Des Pardes Weekly.

ਓਪਰੇਸ਼ਨ 'ਨੀਲਾ ਤਾਰਾ' ਤੇ 'ਦਿੱਲੀ ਦੰਗੇ' ਪੰਜਾਬ ਸਮੱਸਿਆ ਲਈ ਜ਼ੁੰਮੇਵਾਰ

ਨਵੀਂ ਦਿੱਲੀ — ਜੂਨ 84 ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਤੀ ਗਈ ਨੀਲਾ ਤਾਰਾ ਨਾਂ ਦੀ ਫੌਜੀ ਕਾਰਵਾਈ ਭਾਰਤ ਸਰਕਾਰ ਦੀ ਇਕ ਮਹਾਨ ਭੁੱਲ ਹੈ।"

[illegible]

Jat Sikh parents invite correspondence for their daughter 31, 5'4", fair complexion, brought up in East Africa, good education, working as a secretary with a shipping firm. Boy should be from a respectable Jat Sikh family, good natured and educated. Please apply to Box no. 163 c/o Des Pardes Weekly.

Suitable match required for a widow 35 years old lady with children, 5'2", educated and well settled. The man should be from Jat Sikh family, not over 40-43 years. Please apply to Box no 170 c/o Des Pardes Weekly.

Professional Punjabi clean shaven well established sikh family invite correspondence from University graduate and / or professionally qualified, slim, affectionate, attractive Sikh/Hindu girl for son 25 years, height 5'3" (158cm.) B.Sc., Canadian born citizen. Working with bright future. Send information with returnable Photograph to: Mr. G.S. Chowdhury, 42 Chartwell Lane, Halifax, Nova Scotia, B3M 3W6, Canada.

Established Jat Sikh family seek partner for their daughter born, bred and educated in U.K., well versed in both cultures, has recently obtained immigration status in Canada through work. She is 29 and of fair complexion. Boy should be likewise educated and of good character and family background. Compatability of both parties of main importance. Write to Box no. 59 c/o Des Pardes Weekly.

Respectable Jat Sikh parents seek suitable match for their good looking, U.K. graduate daughter. She is 25 years old, 5'4" tall, slim and fair complexion. For further details apply to Box no. 87 c/o Des Pardes Weekly.

Ahluwalia Sikh parents seek a beautiful, cultured & educated match for their Keshadari son age 24, 5'8", presently studying for part time business degree, well established in employment. Apply to Box no. 171 c/o Des Pardes Weekly.

Respectable Jat Sikh parents invite matrimonial correspondence for their charming, homely, good natured daughter, 24 years old, 5'3", B.Ed. (Hons.) teacher from parents of well educated qualified professionals with pleasant personality. Please give particulars to Box no. 157 c/o Des Pardes Weekly.

Jat Sikh parents seek a suitable match for their daughter 24 years, 5'3", B.Sc. (Hons.) in Pharmacy, working as Pharmacist, earning good salary. She is beautiful and well mannered. Most of family members are professionals and well settled. We respect moral values of Sikhism. Boy should be from a well settled family with suitable qualifications such as doctor, Pharmacist, dentist or equivalent. Kindly reply to Box no 156 c/o Des Pardes Weekly.

Suitable match required for Jat Sikh boy age 27, 6ft. tall, at present visitor in U.K. Girl should be British Passport holder. Divorcee can also apply. For details please ring: 01-570-0225.

CHANGE OF NAME

I, Balwinder Singh s/o Inder Singh whose permanent address in India is Vill. Basti Vakil Wali, P.O. Mastke, Distt. & Teh. Ferozpur Punjab, India and is now living at 82 Battle Road, Belvedere, Kent, U.K. hereby give notice of my intention to change my name to BALWINDER SINGH UPPLE subject to the approval of the High Commission of India London.

I, Jasbir Singh s/o S. Gurmit Singh Pooni whose permanent address in India is V & P.O. Mothada Kalan, Teh. Phillaur, Distt. Jullunder, Punjab, India and is now living at 445 Great West Road, Hounslow, Middx, U.K. hereby give notice of my intention to change my name to JASBIR SINGH POONI subject to the approval of the High Commission of India, London


ਪੰਜਾਬ ਵਿਚ ਸਰਕਾਰੀ ਜਬਰ ਦੀ ਲਹਿਰ ਅਜੇ ਵੀ ਜ਼ੋਰਾਂ 'ਤੇ

ਅੱਖੀਂ ਡਿੱਠਾ ਹਾਲ ਦੇਖਕੇ ਪਰਤੇ ਡੈਲੀਗੇਸ਼ਨ ਦੇ ਮੁਖੀ ਐਮ.ਪੀ. ਮੈਕਸ ਦਾ ਬਿਆਨ



ਮਿਸਟਰ ਮੈਕਸ ਮੈਡਨ

ਫਿਰਕੂ ਫਸਾਦਾਂ 'ਚ 611 ਵਿਅਕਤੀ ਮਾਰੇ ਗਏ – ਪੰਜਾਬ ਤੋਂ 13 ਹਜ਼ਾਰ ਲੋਕ ਹਿਜਰਤ ਕਰ ਗਏ -ਮੁਫਤੀ



ਮੁਫ਼ਤੀ ਮੁਹੰਮਦ ਸਈਅਦ

ਜਥੇਦਾਰ ਟੌਹੜਾ ਵਿਰੁਧ ਐਕਸ਼ਨ ਲਈ ਮੀਟਿੰਗ 7 ਅਪਰੈਲ ਨੂੰ

ਗੈਟਵਿਕ ਰੇਲਵੇ ਸਟੇਸ਼ਨ ਉਪਰ 'ਸ਼ੱਕੀ ਬੰਬ' ਕਾਰਨ ਰਾਸ਼ਟਰਪਤੀ ਦਾ ਰਾਹ ਤਬਦੀਲ ਕਰਨਾ ਪਿਆ



ਲੰਡਨ — ਪਿਛੇ ਦਿਨ ਅਪ੍ਰੈਲ ਵਾਲੇ ਦਿਨ ਸਵੇਰਿਆਂ ਪੁਲੀਸ ਵਿਚ ਗੜਬੜੀ ਨੂੰ ਧਿਆਨ ਵਿਚ ਰੱਖਦਿਆਂ ਭਾਰਤ ਦੇ ਰਾਸ਼ਟਰਪਤੀ ਸ੍ਰੀ ਵੈਂਕਟਰਮਨ ਤੇ ਉਨ੍ਹਾਂ ਦੇ ਸਰਕਾਰੀ ਕਾਫ਼ਲੇ ਦੇ ਰਾਹ ਵਿਚ ਖੜ੍ਹੇ ਪੈਰ ਤਬਦੀਲੀ ਕਰਨੀ ਪਈ।

ਪ੍ਰੋਗਰਾਮ ਮੁਤਾਬਿਕ ਭਾਰਤ ਦੇ ਰਾਸ਼ਟਰਪਤੀ ਨੇ ਆਪਣੀ ਇੰਗਲੈਂਡ ਫੇਰੀ ਲਈ ਗੈਟਵਿਕ ਹਵਾਈ ਅੱਡੇ ਤੇ ਉਤਰਦਿਆਂ ਹੀ ਸ਼ਾਹੀ ਰੇਲਗੱਡੀ ਰਾਹੀਂ ਵਿਕਟੋਰੀਆ ਸਟੇਸ਼ਨ ਪਹੁੰਚਣਾ ਸੀ ਜਿਥੇ ਗੱਡੀ ਤੋਂ ਉਤਰਦੇ ਮਹਾਰਾਣੀ ਵਲੋਂ ਸ਼ਾਹੀ ਸਵਾਗਤ ਕੀਤਾ ਜਾਣਾ ਸੀ। ਪਰ ਐਨ ਮੌਕੇ ਸਿਰ ਪੁਲਸ ਦੀ ਨਜ਼ਰ ਗੈਟਵਿਕ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਉਪਰ ਪਏ ਲਾਵਾਰਸ ਬਰੀਫ਼ਕੇਸ ਉਪਰ ਪਈ ਜਿਸ ਅੰਦਰ ਬੰਬ ਹੋਣ ਦਾ ਸ਼ੱਕ ਕੀਤਾ ਗਿਆ। ਤੁਰੰਤ ਬੰਬ ਮਾਹਿਰਾਂ ਦਾ ਦਸਤਾ ਬੁਲਾ ਕੇ ਲਾਵਾਰਸ ਬਕਸਾ ਉਹਨਾਂ ਦੇ ਹਵਾਲੇ ਕੀਤਾ। ਰਾਸ਼ਟਰਪਤੀ ਤੇ ਉਸ ਦੇ ਕਾਫ਼ਲੇ ਨੂੰ ਸ਼ਾਹੀ ਗੱਡੀ ਦੀ ਥਾਂ ਸੜਕ ਰਾਹੀਂ ਗੈਟਵਿਕ ਤੋਂ ਸਿੱਧੇ ਹੀ ਬਕਿੰਘਮ ਦੇ ਸ਼ਾਹੀ ਮਹਿਲ ਤੱਕ ਪਹੁੰਚਾਇਆ ਗਿਆ। ਬਾਦ ਵਿਚ ਰਾਸ਼ਟਰਪਤੀ ਵੈਂਕਟਰਮਨ ਨੇ ਰਾਣੀ ਵਲੋਂ ਦਿੱਤੀ, ਰਾਤ ਦੇ ਖਾਣੇ ਦੀ ਦਾਅਵਤ ਵਿਚ ਸ਼ਮੂਲੀਅਤ ਕੀਤੀ।

ਆਪਣੀ ਇੰਗਲੈਂਡ ਯਾਤਰਾ ਦੌਰਾਨ ਭਾਰਤ ਦੇ ਰਾਸ਼ਟਰਪਤੀ ਨੇ ਬ੍ਰਿਟਿਸ਼ ਸਰਕਾਰ ਦੇ ਵੱਖ ਵੱਖ ਲੀਡਰਾਂ ਤੋਂ ਇਲਾਵਾ ਇੰਗਲੈਂਡ ਵਿਚ ਭਾਰਤ ਦੇ ਨਵੇਂ ਹਾਈ ਕਮਿਸ਼ਨਰ ਸ੍ਰੀ ਕੁਲਦੀਪ ਨਈਅਰ ਨਾਲ ਵੀ ਮੁਲਾਕਾਤ ਕੀਤੀ।

ਬੱਬਰ ਗੁਰਮੇਜ ਸਿੰਘ ਨੂੰ ਨਿਊਯਾਰਕ ਹਵਾਈ ਅੱਡੇ ਤੋਂ ਵਾਪਸ ਕਰ ਦਿੱਤਾ

ਬ੍ਰਮਿੰਘਮ — ਖਾਲਿਸਤਾਨ ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਬੱਬਰ ਗੁਰਮੇਜ ਸਿੰਘ ਨੂੰ ਨਿਊਯਾਰਕ ਦੇ ਇਮੀਗਰੇਸ਼ਨ ਅਧਿਕਾਰੀਆਂ ਨੇ ਅਮਰੀਕਾ ਦੇ ਦਾਖਲੇ ਦੀ ਆਗਿਆ ਨਹੀਂ ਦਿੱਤੀ ਅਤੇ ਵਾਪਸ ਕਰ ਦਿੱਤਾ।

ਬੱਬਰ ਗੁਰਮੇਜ ਸਿੰਘ 30 ਮਾਰਚ ਦਿਨ ਸ਼ੁਕਰਵਾਰ ਨੂੰ ਬ੍ਰਸਲਜ਼ ਦੇ ਦੀ ਉਡਾਣ ਵਿਚ ਹੀਥਰੋ ਹਵਾਈ ਅੱਡੇ ਤੋਂ ਕੈਲੇਫੋਰਨੀਆਂ ਲਈ ਰਵਾਨਾ ਹੋਏ ਸਨ। ਪਹਿਲਾਂ ਆਪ ਨੂੰ ਬਰਤਾਨੀਆਂ ਦੇ ਇਮੀਗਰੇਸ਼ਨ ਅਧਿਕਾਰੀਆਂ ਨੇ ਰੋਕਿਆ ਕਿ ਉਹ ਅਮਰੀਕਾ ਨਾ ਜਾਵੇ, ਕਿਉਂਕਿ ਉਸ ਦਾ ਨਾਂ ਉਹਨਾਂ ਦੇ ਕੰਪਿਊਟਰ ਵਿਚ ਹੈ। ਜਿਸ ਕਰਕੇ 'ਤੇ ਜਦੋਂ ਆਪ ਚਲੇ ਹੀ ਗਏ, ਤਾਂ ਨਿਊਯਾਰਕ ਹਵਾਈ ਅੱਡੇ 'ਤੇ ਉਹਨਾਂ ਨੂੰ ਰੋਕ ਲਿਆ ਗਿਆ। ਸਾਨਫਰਾਂਸਿਸਕੋ (ਕੈਲੇਫੋਰਨੀਆਂ) ਜਾਣ ਵਾਲਿਆਂ ਦੀ ਇਮੀਗਰੇਸ਼ਨ ਨਿਊਯਾਰਕ ਹੀ ਕਰ ਲਈ ਜਾਂਦੀ ਹੈ। 8 ਘੰਟੇ ਉਹਨਾਂ ਨੂੰ ਰੋਕੀ ਰੱਖਿਆ ਗਿਆ ਅਤੇ ਅੰਤ ਅੱਧੀ ਰਾਤ ਨੂੰ ਵਾਪਸ ਕਰਨ ਦਾ ਸਰਕਾਰੀ ਫੈਸਲਾ ਸੁਣਾ ਦਿੱਤਾ ਗਿਆ। ਨੌ ਵਜੇ ਦੀ ਅਗਲੀ ਉਡਾਣ 'ਚ ਕਿਉਂਕਿ ਸੀਟ ਖਾਲੀ ਨਹੀਂ ਸੀ, ਇਸ ਲਈ ਬੱਬਰ ਨੂੰ ਹੱਥਕੜੀਆਂ ਲਾ ਕੇ ਡਿਟੈਨਸ਼ਨ ਸੈਂਟਰ ਭੇਜ ਦਿੱਤਾ ਗਿਆ। 2 ਅਪ੍ਰੈਲ ਸੋਮਵਾਰ ਨੂੰ ਵਾਪਸ ਲੰਡਨ ਭੇਜਿਆ ਗਿਆ।

ਬੱਬਰ ਗੁਰਮੇਜ ਸਿੰਘ ਕੈਲੇਫੋਰਨੀਆਂ ਦੇ ਸ਼ਹਿਰ ਸੈਨਹੋਜ਼ੇ ਜਾਣਾ ਚਾਹੁੰਦੇ ਸਨ, ਜਿਥੇ ਸਥਾਨਕ ਗੁਰਦੁਆਰੇ ਦੇ ਪ੍ਰਧਾਨ ਭਾਈ ਜੀਤ ਸਿੰਘ ਸੈਨਹੋਜ਼ੇ ਦੇ ਪੁੱਤਰ ਸੁਖਦੇਵ ਸਿੰਘ ਦਾ ਵਿਆਹ ਸੀ। ਲੜਕੀ ਇੰਗਲੈਂਡ ਤੋਂ ਅਮਰੀਕਾ ਪਹੁੰਚਾਈ ਗਈ ਸੀ, ਜਿਸ ਦੇ ਬਾਪ ਦਾ ਫਰਜ਼ ਬੱਬਰ ਨੇ ਅਦਾ ਕਰਨਾ ਸੀ।



ਬੱਬਰ ਗੁਰਮੇਜ ਸਿੰਘ

ਬੱਬਰ ਗੁਰਮੇਜ ਸਿੰਘ ਦੇ ਬ੍ਰਿਟਿਸ਼ ਪਾਸਪੋਰਟ ਉਤੇ ਅਮਰੀਕਾ ਦਾ ਮਲਟੀਪਲ ਵੀਜ਼ਾ ਸੀ ਜੋ 1986 ਵਿਚ ਰੱਦ ਕਰ ਦਿੱਤਾ ਗਿਆ ਸੀ। ਆਪ ਨੂੰ ਕੈਨੇਡਾ ਦੇ ਦਾਖਲੇ ਤੋਂ ਵੀ ਇਨਕਾਰ ਹੋ ਗਿਆ ਸੀ। ਭਾਰਤ ਅਤੇ ਪਾਕਿਸਤਾਨ ਦੇ ਦਾਖਲੇ ਤੇ ਪਹਿਲਾਂ ਹੀ ਪਾਬੰਦੀਆਂ ਹਨ। ਦਿੱਲੀ ਦੀ ਸਰਕਾਰ ਬਦਲਣ ਬਾਅਦ ਕੈਨੇਡਾ ਨੇ ਉਹਨਾਂ ਨੂੰ ਦਾਖਲਾ ਦੇ ਦਿੱਤਾ ਸੀ। ਇਸੇ ਆਸ 'ਤੇ ਆਪ ਅਮਰੀਕਾ ਗਏ ਸਨ।

ਸੰਪਾਦਕ ਦੇਸ ਪ੍ਰਦੇਸ ਨਾਲ ਵਿਚਾਰ ਦਿੰਦਿਆਂ ਬੱਬਰ ਗੁਰਮੇਜ ਸਿੰਘ ਨੇ ਕਿਹਾ ਕਿ ਦੁਨੀਆਂ ਦਾ ਕੋਈ ਦੇਸ਼ ਸਿੱਖਾਂ ਦੀ ਮੱਦਦ ਨਹੀਂ ਕਰ ਰਿਹਾ। ਖਾਲਿਸਤਾਨ ਅਕਾਲ ਪੁਰਖ ਦੇ ਸਿਰ 'ਤੇ ਬਣਨਾ ਹੈ। ਵਿਆਹ ਵਾਲੀ ਰਾਤ ਜਦੋਂ 40 ਜਣਿਆਂ ਦੇ ਪ੍ਰੀਤੀਭੋਜ ਪਹੁੰਚੇ ਸਨ ਉਦੋਂ ਦਿੱਲੀ ਵਾਲਿਆਂ ਗੋਲੀਆਂ ਵਿਚ ਹੀ 25000 ਸਿੰਘ ਦੀਆਂ ਲਾਸ਼ਾਂ 'ਤੇ ਪੁਲ ਬੰਨ੍ਹ ਰਿਹਾ ਸੀ।

ਭਾਜਪਾ ਤੇ ਕਮਿਊਨਿਸਟ ਕੇਂਦਰ ਸਰਕਾਰ ਨੂੰ ਵਰਤ ਰਹੀਆਂ ਹਨ -ਜਥੇਦਾਰ ਕੁਲਦੀਪ ਸਿੰਘ ਵਡਾਲਾ

ਜਲੰਧਰ – ਅਕਾਲੀ ਦਲ (ਬਾਦਲ) ਦੇ ਜਨਰਲ ਸਕੱਤਰ ਤੇ ਸਾਬਕਾ ਐਮ.ਐਲ.ਏ. ਜਥੇਦਾਰ ਕੁਲਦੀਪ ਸਿੰਘ ਵਡਾਲਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਪੰਜਾਬ ਵਿਚ ਰਾਸ਼ਟਰਪਤੀ ਰਾਜ ਵਿਚ ਵਾਧੇ ਲਈ ਸੰਵਿਧਾਨਕ ਸੋਧ ਬਿਲ ਨੂੰ ਪਾਰਲੀਮੈਂਟ ਵਿਚ ਪੇਸ਼ ਨਾ ਕਰੇ। ਉਹਨਾਂ ਕਿਹਾ ਕਿ ਅਜੇ ਸਮਾਂ ਹੈ ਕਿ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਕਰਵਾਉਣ ਦਾ ਐਲਾਨ ਕਰ ਦੇਵੇ।

ਇਥੇ ਇਕ ਪ੍ਰੈਸ ਕਾਨਫਰੰਸ ਵਿਚ ਉਨ੍ਹਾਂ ਕਿਹਾ ਕਿ ਜੇ ਬਿਲ ਪੇਸ਼ ਹੋ ਗਿਆ ਤਾਂ ਨਾਲ ਸਰਕਾਰ ਦੀ ਬੜੀ ਹੇਠੀ ਹੋਵੇਗੀ ਤੇ ਇਸ ਸਰਕਾਰ ਲਈ ਗੰਭੀਰ ਸੰਕਟ ਪੈਦਾ ਹੋ ਸਕਦਾ ਹੈ ਤੇ ਜੇ ਪਾਸ ਹੋ ਗਿਆ ਤਾਂ ਉਨ੍ਹਾਂ ਦਾ ਅਕਾਲੀ ਦਲ ਇਸ ਵਿਰੁਧ ਜ਼ਬਰਦਸਤ ਸੰਘਰਸ਼ਮਈ ਅੰਦੋਲਨ ਸ਼ੁਰੂ ਕਰ ਦੇਵੇਗਾ ਜਿਸ ਨਾਲ ਹਾਲਾਤ ਵਿਗੜ ਸਕਦੇ ਹਨ। ਜੇ ਹਾਲਾਤ ਪੰਜਾਬ ਦੇ ਹੋਰ ਵਿਗੜ ਗਏ ਤਾਂ ਉਸ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ। ਜਥੇਦਾਰ ਵਡਾਲਾ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਹ ਉਨ੍ਹਾਂ ਪਾਰਟੀਆਂ ਦੇ ਹੱਥਾਂ ਵਿਚ ਖੇਡ ਰਹੀ ਹੈ ਜਿਨ੍ਹਾਂ ਦੇ ਮੁਕਾਬਲੇ ਉਸ ਨੇ ਚੋਣ ਲੜੀ ਸੀ। ਉਨ੍ਹਾਂ ਕਿਹਾ ਕਿ ਕਿਸੇ ਵੀ ਰਾਜ ਵਿਚ ਰਾਸ਼ਟਰਪਤੀ ਰਾਜ ਇੰਨਾ ਸਮਾਂ ਨਹੀਂ ਰਿਹਾ ਜਿੰਨਾ ਕਿ ਪੰਜਾਬ ਵਿਚ ਪਿਛਲੇ ਤਿੰਨਾ ਸਾਲਾਂ ਤੋਂ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਦੇਸ਼ ਵਿਚ ਅਲਗ ਥਲਗ ਕਰ ਦਿੱਤਾ ਗਿਆ ਹੈ।

ਪੰਜਾਬ ਵਿਚ ਰਾਸ਼ਟਰਪਤੀ ਰਾਜ ਵਿਚ ਵਾਧੇ ਦੇ ਵਿਰੋਧ ਨੂੰ ਲੈ ਕੇ ਸਾਰੀਆਂ ਪਾਰਟੀਆਂ ਇਕੱਠੀਆਂ ਹੋ ਗਈਆਂ ਹਨ। ਉਹਨਾਂ ਕਿਹਾ ਕਿ ਜਿਹੜੀਆਂ ਪਾਰਟੀਆਂ ਸਾਡੇ ਅਧਿਕਾਰ ਦੇਣ ਦਾ ਵਿਰੋਧ ਕਰ ਰਹੀਆਂ ਹਨ ਉਨ੍ਹਾਂ ਨਾਲ ਸਾਡੀ ਰਾਜਸੀ ਸਾਂਝ ਤਕਰੀਬਨ ਖਤਮ ਹੋ ਚੁੱਕੀ ਹੈ। ਇਸ ਸਿਲਸਿਲੇ ਵਿਚ ਉਨ੍ਹਾਂ ਭਾਜਪਾ ਤੇ ਸੀ.ਪੀ.ਆਈ.ਐਮ. ਦਾ ਨਾਮ ਵਿਸ਼ੇਸ਼ ਤੌਰ ਤੇ ਲਿਆ। ਜਨਤਾ ਦਲ ਬਾਰੇ ਉਨ੍ਹਾਂ ਕਿਹਾ ਕਿ ਉਸ ਨਾਲ ਸਾਡੇ ਸਬੰਧ ਖਤਰਨਾਕ ਦੌਰ ਵਿਚ ਦਾਖਲ ਹੋ ਚੁੱਕੇ ਹਨ। ਜੇ ਉਸ ਨੇ ਸਾਡੇ ਅਧਿਕਾਰਾਂ ਨੂੰ ਦਬਾਉਣ ਦਾ ਯਤਨ ਜਾਰੀ ਰੱਖਿਆ ਤਾਂ ਉਸ ਨਾਲੋਂ ਵੀ ਰਾਜਸੀ ਸਾਂਝ ਟੁੱਟ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ਅਕਾਲੀ ਦਲ (ਬ) ਰਾਸ਼ਟਰਪਤੀ ਰਾਜ ਵਿਚ ਜੇ ਵਾਧਾ ਹੋਇਆ ਤਾਂ ਜ਼ੋਰਦਾਰ ਅੰਦੋਲਨ ਚਲਾਏਗਾ ਜਿਸ ਦਾ ਫੈਸਲਾ 5 ਅਪ੍ਰੈਲ ਦੀ ਮੀਟਿੰਗ ਵਿਚ ਕੀਤਾ ਜਾਵੇਗਾ। ਇਸ ਸਿਲਸਿਲੇ ਵਿਚ ਪਹਿਲਾਂ ਰੈਲੀਆਂ ਕਰਕੇ ਲੋਕਾਂ ਨਾਲ ਸੰਪਰਕ ਕੀਤਾ ਜਾਵੇਗਾ।

ਜਥੇਦਾਰ ਟੌਹੜਾ ਪ੍ਰੋ: ਦਰਸ਼ਨ ਸਿੰਘ ਪਾਸੋਂ ਮੁਆਫੀ ਮੰਗੇ ਸਿੱਖ ਨੇਤਾਵਾਂ ਦੀ ਮੰਗ

ਦਿੱਲੀ — ਸ. ਹਰਚਰਨ ਸਿੰਘ (ਦਿੱਲੀ) ਸਾਬਕਾ ਜ. ਸ੍ਰੀ ਅਕਾਲ ਤਖਤ ਅਤੇ ਸ. ਇੰਦਰਪਾਲ ਸਿੰਘ ਖਾਲਸਾ ਸੀਨੀਅਰ ਮੀਤ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਨਵੀਨਰ ਧਰਮ ਪ੍ਰਚਾਰ ਕਮੇਟੀ ਨੇ ਇਕ ਸਾਂਝੇ ਬਿਆਨ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਟੌਹੜਾ ਵਲੋਂ ਪ੍ਰੋ. ਦਰਸ਼ਨ ਸਿੰਘ ਬਾਰੇ ਵਰਤੇ ਗਏ ਸ਼ਬਦਾਂ ਦਾ ਸਖਤ ਨੋਟਿਸ ਲਿਆ ਹੈ ਅਤੇ ਕਿਹਾ ਹੈ ਕਿ ਇਹ ਸਾਰੀ ਸਿੱਖ ਕੌਮ ਲਈ ਸ਼ਰਮਨਾਕ ਹੈ।

ਜ. ਸਾਹਿਬ ਵਲੋਂ ਰੋਸ ਵਜੋਂ ਦਿੱਤੇ ਗਏ ਅਸਤੀਫੇ ਦਾ ਜ਼ਿਕਰ ਕਰਦਿਆਂ ਉਹਨਾਂ ਨੇ ਆਪਣੇ ਬਿਆਨ ਵਿਚ ਕਿਹਾ ਕਿ ਜਾਂ ਤਾਂ ਸਾਹਿਬ ਨੂੰ ਆਪਣਾ ਅਸਤੀਫਾ ਵਾਪਸ ਲੈ ਲੈਣ ਦੀ ਦਰਖਾਸਤ ਕਰਦੇ ਹਾਂ ਜਿਸ ਦੇ ਨਾਲ ਹੀ ਸ. ਗੁਰਚਰਨ ਸਿੰਘ ਟੌਹੜਾ ਨੂੰ ਜਥੇਦਾਰ ਸਾਹਿਬ ਪਾਸੋਂ ਮੁਆਫੀ ਮੰਗਣੀ ਚਾਹੀਦੀ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸ. ਬਾਦਲ ਨੂੰ ਸਖਤ ਕਦਮ ਚੁੱਕਣੇ ਚਾਹੀਦੇ ਹਨ ਅਤੇ ਸ. ਟੌਹੜਾ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮੁਢਲੀ ਮੈਂਬਰਸ਼ਿਪ ਤੋਂ ਵੀ ਖਾਰਜ ਕਰ ਦੇਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਇਥੇ ਦਿੱਲੀ ਵਿਚ ਅਸੀਂ ਸਾਰੇ ਦਿੱਲੀ ਵਾਸੀਆਂ ਵਲੋਂ ਜਥੇਦਾਰ ਟੌਹੜਾ ਅਤੇ ਸ. ਬਾਦਲ ਦਾ ਸਵਾਗਤ ਕਰਨ ਅਤੇ ਅਕਾਲੀ ਕਾਨਫਰੰਸ ਕਰਨ ਦੀਆਂ ਤਿਆਰੀਆਂ ਵਿਚ ਲੱਗੇ ਹੋਏ ਸਾਂ ਅਤੇ ਅਸੀਂ ਖੁਸ਼ ਹੋ ਰਹੇ ਸਾਂ, ਪਰ ਜਦੋਂ ਇਹ ਪਤਾ ਲੱਗਾ ਕਿ ਸ. ਟੌਹੜਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਾਰੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਤਾਂ ਅਸੀਂ ਇਸ ਦਾ ਗੰਭੀਰਤਾ ਨਾਲ ਨੋਟਿਸ ਲਿਆ ਹੈ ਅਤੇ ਸਵਾਗਤ ਸਮਾਰੋਹ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ ਸ. ਬਾਦਲ ਨੂੰ ਵੀ ਅਪੀਲ ਕੀਤੀ ਕਿ ਦਿੱਲੀ ਦੀ ਅਕਾਲੀ ਕਾਨਫਰੰਸ ਰੱਦ ਕਰ ਦਿੱਤੀ ਜਾਵੇ। ਉਹਨਾਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਪੰਥਕ ਨੇਤਾ ਇਸ ਨਾਜ਼ਕ ਸਮੇਂ ਵੀ ਜਥੇਦਾਰ ਸਾਹਿਬ ਦਾ ਸਤਿਕਾਰ ਕਾਇਮ ਨਹੀਂ ਰੱਖ ਸਕਦੇ ਤਾਂ ਆਮ ਸਿੱਖ ਸੰਗਤ ਵਿਚ ਇਸ ਕਾਰਗੁਜ਼ਾਰੀ ਦਾ ਮਾੜਾ ਅਸਰ ਪਵੇਗਾ ਤੇ ਇਸ ਦਾ ਪ੍ਰਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਣ ਮਰਯਾਦਾ ਤੇ ਵੀ ਪਵੇਗਾ।

ਆਜ਼ਾਦ ਖਾਲਿਸਤਾਨ ਫੌਜ ਵਲੋਂ ਠੇਕੇਦਾਰਾਂ, ਪੁੱਛਾਂ ਦੇਣ ਵਾਲਿਆਂ ਤੇ ਲੁਟੇਰਿਆਂ ਨੂੰ ਤਾੜਨਾ

ਬਟਾਲਾ — ਇਥੇ ਕਾਇਮ ਹੋਈ ਨਵੀਂ ਖਾੜਕੂ ਜਥੇਬੰਦੀ ਆਜ਼ਾਦ ਖਾਲਿਸਤਾਨ ਫੌਜ (ਯੂ.ਕੇ.) ਨੇ ਸ਼ਰਾਬ ਦੇ ਠੇਕੇਦਾਰਾਂ, ਪੁੱਛਾਂ ਦੇਣ ਵਾਲਿਆਂ ਤੇ ਪੈਸੇ ਉਗਰਾਹੁਣ ਵਾਲਿਆਂ ਨੂੰ ਸਖ਼ਤੀ ਵਰਤਣ ਦੀ ਚਿਤਾਵਨੀ ਦਿੱਤੀ ਹੈ।

੨ ਅਪ੍ਰੈਲ ਨੂੰ ਜਥੇਬੰਦੀ ਦੀ ਹੋਈ ਮੀਟਿੰਗ ਦੇ ਹਵਾਲੇ ਦਾ ਇਕ ਪ੍ਰੈਸ ਬਿਆਨ ਸੁਰਜਿੰਦਰ ਸਿੰਘ ਸੈਨਾ ਦੇ ਦਸਖਤਾਂ ਹੇਠ ਪ੍ਰਾਪਤ ਹੋਇਆ ਜਿਸ ਅਨੁਸਾਰ ਮੀਟਿੰਗ ਵਿਚ ਭਾਈ ਨਾਹਰ ਸਿੰਘ ਸੋਢੀ, ਭਾਈ ਸੁਰਜਾ ਸਿੰਘ ਸੂਰਜ, ਭਾਈ ਕੇਵਲ ਸਿੰਘ ਭਲਾ, ਭਾਈ ਦਰਸ਼ਨ ਸਿੰਘ ਦਲੇਰ, ਭਾਈ ਸੁਖਵਿੰਦਰ ਸਿੰਘ ਤੇ ਹੋਰ ਖਾੜਕੂਆਂ ਨੇ ਹਿੱਸਾ ਲਿਆ।

ਮੀਟਿੰਗ ਦੌਰਾਨ ਸ਼ਰਾਬ ਦੇ ਠੇਕੇਦਾਰਾਂ ਨੂੰ ਤਾੜਨਾ ਕੀਤੀ ਗਈ ਕਿ ਜੇ ਪਿੰਡਾਂ ਵਿਚ ਠੇਕੇ ਚਲਾਏ ਤਾਂ ਪਰਿਵਾਰ ਸਮੇਤ ਜਿਉਂਦੇ ਸਾੜੇ ਜਾਣਗੇ। ਉਹਨਾਂ ਸਮਗਲਰਾਂ, ਨਸ਼ਾਖੋਰਾਂ, ਨੰਬਰਦਾਰਾਂ, ਸ਼ਿਕਾਰੀਆਂ ਤੇ ਲੁਟੇਰਿਆਂ ਨੂੰ ਸੋਧਣ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ। ਉਹਨਾਂ ਹਰੀਆਣੇ ਦੇ ਕਾਤਿਲ ਨੂੰ ਮਾਰਨ ਦੀ ਜ਼ਿੰਮੇਵਾਰੀ ਲਈ ਹੈ।


ਪੁੱਛਾਂ ਦੇਣ ਵਾਲਿਆਂ ਨੂੰ ਪਖੰਡੀ ਵਾਲੇ ਨਿਰੰਜਨ ਸਿੰਘ ਵਾਂਗ ਸੋਧਣ ਲਈ ਤਾੜਦੇ ਹੋਏ ਕਿਹਾ ਕਿ ਉਹ ਪਹਿਲਾਂ ਬੰਦਿਆਂ ਦੀ ਇੱਜ਼ਤ ਲੁੱਟਦਾ ਸੀ, ਉਸ ਸਮੇਂ ਵੀ ਉਸ ਕੋਲ ਦੋ ਲੜਕੀਆਂ ਸਨ।

ਇਲਾਕੇ ਦੇ ਪਿੰਡਾਂ ਵਿਚ ਸਿਗਰਟਾਂ, ਬੀੜੀ, ਜ਼ਰਦਾ ਅਤੇ ਸ਼ਰਾਬ ਵੇਚਣ ਵਾਲਿਆਂ ਨੂੰ ਚੇਤਾਵਨੀ ਦੇ ਕੇ ਨਿਰੰਜਨ ਸਿੰਘ ਵਾਂਗ ਸੋਧਿਆ ਜਾਵੇਗਾ। ਉਹ ਇਹ ਧੰਦਾ ਛੱਡ ਦੇਣ। ਪੁਲਸ ਟਾਊਟਾਂ ਨੂੰ ਵੀ ਜਿਹਾ ਸ਼ਾਤਰ ਲਈ ਤਾੜਿਆ ਗਿਆ ਹੈ।

ਖਾਲਿਸਤਾਨ ਫੌਜ ਵਲੋਂ ਉਹਨਾਂ ਲੋਕਾਂ ਨੂੰ ਵੀ ਤਾੜਨਾ ਕੀਤੀ ਹੈ ਜੋ ਸਿੱਖ ਪਰਿਵਾਰਾਂ ਨੂੰ ਧਮਕੀ ਪੱਤਰ ਪਾ ਕੇ ਪੈਸੇ ਵਸੂਲਦੇ ਹਨ ਕਿ ਉਹ ਇਹ ਹਰਕਤਾਂ ਛੱਡ ਦੇਣ। ਬਿਆਨ 'ਚ ਸਭ ਖਾੜਕੂ ਜਥੇਬੰਦੀਆਂ ਦੀ ਹਮਾਇਤ ਕੀਤੀ ਗਈ ਹੈ।


ਆਵਾਜ਼ ਦੇ ਕਹਾਂ ਹੈ!

(ਖੇੜਾ ਪਿੰਡ, ਜ਼ਿਲਾ ਜਲੰਧਰ ਦੇ ਰਹਿਣ ਵਾਲੇ ਸ. ਦਲਜੀਤ ਸਿੰਘ ਸਪੁੱਤਰ ਸ. ਬਲਦੇਵ ਸਿੰਘ ਇੰਗਲੈਂਡ 'ਚ ਜਿਥੇ ਵਿਚਰਦੇ ਵੀ ਹੋਣ, ਸੰਪਾਦਕ ਦੇਸ ਪ੍ਰਦੇਸ ਨੂੰ ਤੁਰੰਤ ਟੈਲੀਫੋਨ ਕਰਨ — 01-571-1127 ਬਹੁਤ ਜ਼ਰੂਰੀ ਕੰਮ ਹੈ।)



ੴ ਵਾਹਿਗੁਰੂ ਜੀ ਕੀ ਫਤਹਿ॥

ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮੁ ਸੁਹੇਲਾ ॥



ਗੁਰੂ ਗੋਬਿੰਦ ਸਿੰਘ ਸਿੱਖ ਟੈਂਪਲ ਲੀਡਜ਼ ਰੋਡ ਬ੍ਰੈਡਫੋਰਡ ਵਿਖੇ

13 ਅਪ੍ਰੈਲ, ਦਿਨ ਐਤਵਾਰ 1990 ਨੂੰ

ਮਹਾਨ ਵਿਸਾਖੀ ਸਮਾਗਮ

ਤੇ

ਨਗਰ ਕੀਰਤਨ



ਪਿਆਰੇ ਖਾਲਸਾ ਜੀ,

ਖਾਲਸਾ ਪੰਥ ਦਾ ਪਵਿੱਤਰ ਤੇ ਇਤਿਹਾਸਕ ਵਿਸਾਖੀ ਦਿਹਾੜਾ ਸਿਖ ਜਗਤ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਂਦਾ ਹੈ। ਇਸ ਮਹਾਨ ਦਿਨ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਦੀ ਸਿਰਜਣਾ ਕਰਕੇ ਸਿਖਾਂ ਤੋਂ ਸ਼ੇਰ ਬਣਾਏ। ਪ੍ਰਥਮ ਪੰਜ ਟੇਕਰ ਸੀਸ ਦੀ ਜਾਚ ਕੀਤੀ। ਪੰਜ ਸਿਖਾਂ ਨੂੰ ਅੰਮ੍ਰਿਤ ਛਕਾ ਕੇ ਬਾਅਦ ਵਿਚ ਆਪ ਉਹਨਾ ਪਾਸੋਂ ਅੰਮ੍ਰਿਤ ਛਕਿਆ।

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

ਇਤਿਹਾਸ ਗਵਾਹ ਹੈ ਕਿ ਖਾਲਸੇ ਦੇ ਅਹਿਸਾਨ ਥੱਲੇ ਹਿੰਦੂ ਕੌਮ ਦੱਬੀ ਪਈ ਹੈ। ਹਿੰਦੁਸਤਾਨ ਦਾ ਸੁਨਹਿਰਾ ਇਤਿਹਾਸ ਖਾਲਸੇ ਨੇ ਆਪਣੇ ਖੂਨ ਨਾਲ ਲਿਖਿਆ ਹੈ।

ਅੱਜ ਖਾਲਸਾ ਪੰਥ ਦੀ ਹਸਤੀ ਨੂੰ ਨੇਸਤੋ ਨਾਬੂਦ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸਾਡੇ ਬਾਣੇ ਤੇ ਬਾਣੀ ਨੂੰ ਖਤਰਾ ਹੈ। ਜਾਨਾਂ ਤੋਂ ਵੱਧ ਪਿਆਰੇ ਗੁਰਧਾਮਾਂ ਨੂੰ ਹਿੰਦੂ ਸਾਮਰਾਜ ਨੇ ਢਹਿ ਢੇਰੀ ਕਰ ਦਿੱਤਾ ਹੈ। ਪੰਥ ਦੀ ਆਜ਼ਾਦ ਹਸਤੀ ਕਾਇਮ ਰੱਖਣ ਲਈ ਹਜ਼ਾਰਾਂ ਸਿੰਘ ਸਿੰਘਣੀਆਂ ਸ਼ਹਾਦਤ ਦੇ ਜਾਮ ਪੀ ਗਏ ਹਨ। ਗੁਰੂ ਗੋਬਿੰਦ ਸਿੰਘ ਦੀ ਸਾਜੀ ਖਾਲਸਾ ਕੌਮ ਨੂੰ ਕੋਈ ਵੈਰੀ ਖਤਮ ਨਹੀਂ ਕਰ ਸਕਿਆ, ਖਾਲਸਾ ਚੜ੍ਹਦੀਆਂ ਕਲਾਂ ਵਿਚ ਹੈ ਅਤੇ ਹਮੇਸ਼ਾ ਰਹੇਗਾ। ਆਓ, ਇਸ ਇਤਿਹਾਸਕ ਦਿਨ ਤੇ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੀਏ। ਇਸ ਮਹਾਨ ਸਮਾਗਮ ਵਿਚ ਹੁਮ ਹੁਮਾ ਕੇ ਸ਼ਾਮਲ ਹੋਈਏ।

ਅੰਮ੍ਰਿਤ ਸੰਚਾਰ

8 ਅਪ੍ਰੈਲ 90 ਦਿਨ ਐਤਵਾਰ 3.00 ਵਜੇ ਬਾਅਦ ਦੁਪਹਿਰ ਗੁਰੂ ਗੋਬਿੰਦ ਸਿੰਘ ਗੁਰਦਵਾਰਾ ਵਿਖੇ ਅੰਮ੍ਰਿਤ ਪ੍ਰਚਾਰ ਹੋਵੇਗਾ। ਅਭਿਲਾਖੀ ਸੱਜਣ ਕੇਸੀ ਇਸ਼ਨਾਨ ਕਰਕੇ ਸਮੇਂ ਸਿਰ ਪੁੱਜਣ ਦੀ ਕ੍ਰਿਪਾਲਤਾ ਕਰਨ।

ਨਗਰ ਕੀਰਤਨ ਬ੍ਰੈਡਫੋਰਡ ਦੇ ਸਮੂਹ ਗੁਰਦਵਾਰਿਆ ਅਤੇ ਸਿਖ ਸੰਸਥਾਵਾਂ ਵਲੋਂ ਹਰੇਕ ਸਾਲ ਸਾਂਝੇ ਤੌਰ ਤੇ ਕੀਤਾ ਜਾਂਦਾ ਹੈ। ਜਿਹਨਾ ਵਿਚ ਹੇਠ ਲਿਖੇ ਅਦਾਰੇ ਅਤੇ ਗੁਰੂ ਘਰ ਸ਼ਾਮਲ ਹਨ —

- ਸਿਖ ਆਰਗੇਨਾਈਜੇਸ਼ਨ ਬ੍ਰੈਡਫੋਰਡ
- ਗੁਰਦਵਾਰਾ ਗੁਰੂ ਗੋਬਿੰਦ ਸਿੰਘ
- ਗੁਰਦਵਾਰਾ ਰਾਮਗੜ੍ਹੀਆ
- ਗੁਰਦਵਾਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ
- ਗੁਰਦਵਾਰਾ ਗੁਰੂ ਨਾਨਕ ਸਿਖ ਟੈਂਪਲ
- ਗੁਰਦਵਾਰਾ ਰਵਿਦਾਸ ਭਵਨ
- ਸਿਖ ਪੇਅਰੈਂਟਸ ਐਸੋਸੀਏਸ਼ਨ
- ਸਿਖ ਹਿਊਮਨ ਰਾਈਟਸ ਸੰਸਥਾ (ਬ੍ਰੈਡਫੋਰਡ ਬ੍ਰਾਂਚ)

ORGANISERS:
INDIAN SIKH YOUTH FEDERATION

ਪ੍ਰੋਗਰਾਮ:

- **ਆਰੰਭ ਪੰਜ ਸ੍ਰੀ ਅਖੰਡ ਪਾਠ ਸਾਹਿਬ**
  3 ਅਪ੍ਰੈਲ 90 ਦਿਨ ਮੰਗਲਵਾਰ ਸਵੇਰੇ 9.30
- **ਭੋਗ ਪੰਜ ਸ੍ਰੀ ਅਖੰਡ ਪਾਠ ਸਾਹਿਬ**
  13 ਅਪ੍ਰੈਲ 90 ਦਿਨ ਸ਼ੁਕਰਵਾਰ ਸਵੇਰੇ 9.30

ਉਪਰੰਤ 11.00 ਵਜੇ ਤੱਕ ਕੀਰਤਨ।
11.30 ਆਰੰਭ ਨਗਰ ਕੀਰਤਨ।
ਵਾਪਸੀ ਤੇ ਸ਼ਾਮ ਤੱਕ ਦੀਵਾਨ ਸਜੇਗਾ।

ਪੁੱਜ ਰਹੇ ਰਾਗੀ ਢਾਡੀ:

- ਜਥਾ ਭਾਈ ਗੋਪਾਲ ਸਿੰਘ ਜੀ
- ਜਥਾ ਭਾਈ ਅਜੀਤ ਸਿੰਘ, ਜੁਗਿੰਦਰ ਸਿੰਘ ਜੀ
- ਜਥਾ ਭਾਈ ਚਰਨਜੀਤ ਸਿੰਘ ਜੀ
- ਜਥਾ ਭਾਈ ਤਰਲੋਚਨ ਸਿੰਘ ਜੀ
- ਜਥਾ ਬੀਬੀ ਮਨਜੀਤ ਕੌਰ ਜੀ
- ਜਥਾ ਭਾਈ ਤਾਰਾ ਸਿੰਘ ਜੀ
- ਕਥਾ ਗਿਆਨੀ ਜਗਦੇਵ ਸਿੰਘ ਜੀ

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਪੰਥ ਦੇ ਦਾਸ: **ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਬ੍ਰੈਡਫੋਰਡ**

GURU GOBIND SINGH
GURDWARA
LEEDS ROAD, BRADFORD (YORKS)

ਜਾਣਕਾਰੀ ਲਈ: ਟੈਲੀਫੂਨ: (0274) 737898 (0274) 727928

ਟੀ.ਵੀ. ਟਾਵਰ ਉਪਰ ਹਮਲੇ 'ਚ ਸੀ.ਆਰ.ਪੀ. ਦੇ 7 ਬੰਦੇ ਹਲਾਕ

ਇਕ ਕਰੋੜ ਰੁਪੈ ਦੀ ਸਰਕਾਰੀ ਮਸ਼ੀਨਰੀ ਤਬਾਹ

ਅੰਮ੍ਰਿਤਸਰ — ਇਥੋਂ ਦੇ ਟੀ.ਵੀ. ਟਾਵਰ ਉਪਰ ਅਚਾਨਕ ਹਮਲਾ ਕਰਕੇ ਖਾੜਕੂਆਂ ਨੇ ਸੀ.ਆਰ.ਪੀ. ਦੇ 6 ਜਵਾਨ ਹਲਾਕ ਤੇ 7 ਫੱਟੜ ਕਰ ਦਿੱਤੇ।

30 ਮਾਰਚ ਰਾਤ ਕਰੀਬ ਸਾਢੇ 11 ਵਜੇ ਕੀਤੇ ਗਏ ਇਸ ਹਮਲੇ ਦੀ ਜ਼ੁੰਮੇਵਾਰੀ ਲੈਂਦਿਆਂ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਭਾਈ ਗੁਰਜੰਟ ਸਿੰਘ ਬੁਧਸਿੰਘ ਵਾਲਾ, ਭਾਈ ਪਿਪਲ ਸਿੰਘ, ਭਾਈ ਕਿੰਦਰਬੀਰ ਸਿੰਘ ਗਿੱਲ ਤੇ ਭਾਈ ਰੇਸ਼ਮ ਸਿੰਘ ਦਾਦਾ ਨੇ ਆਖਿਆ ਕਿ ਸਰਕਾਰ ਨੇ ਭਾਰੀ ਬਦਨਾਮੀ ਦੇ ਡਰ ਤੋਂ ਇਸ ਖਬਰ ਨੂੰ ਦਬਾ ਲਿਆ। ਇਸ ਗੋਲੀਕਾਂਡ ਵਿਚ ਸਰਕਾਰ ਦਾ ਘਟੋ ਘੱਟ ਇਕ ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਸ ਜਥੇ ਨੇ ਪਿੰਡ ਚੱਬਕਸੱਲ ਵਿਚ ਪੁਲਸ ਚੌਕੀ ਤੇ ਹਮਲਾ ਕਰਕੇ ਇਕ ਸਿਪਾਹੀ ਨੂੰ ਮਾਰਨ ਦੀ ਜ਼ੁੰਮੇਵਾਰੀ ਵੀ ਕਬੂਲ ਕੀਤੀ ਹੈ।

ਹਮਦ ਪਿੰਡ ਨੇੜੇ ਮੁਕਾਬਲੇ 'ਚ ਦੋ ਹਲਾਕ

ਫਿਰੋਜ਼ਪੁਰ— ਦੋ ਅਪ੍ਰੈਲ ਨੂੰ ਤਰਨਤਾਰਨ ਜ਼ਿਲ੍ਹਾ ਫਿਰੋਜ਼ਪੁਰ ਦੇ ਥਾਣਾ ਮਮਦੋਟ ਦੇ ਪਿੰਡ ਹਮਦ ਵਿਚ ਕੁਝ ਅਣਪਛਾਤੇ ਹਥਿਆਰਬੰਦ ਬੰਦਿਆਂ ਨੇ, ਸੁਰੱਖਿਆ ਦਸਤਿਆਂ ਦੀ ਗਸ਼ਤੀ ਪਾਰਟੀ ਉਪਰ ਘਾਤ ਲਾ ਕੇ ਹਮਲਾ ਕੀਤਾ।

ਪੁਲਸ ਵਲੋਂ ਜਾਰੀ ਬਿਆਨ ਮੁਤਾਬਿਕ ਸੁਰੱਖਿਆ ਦਸਤਿਆਂ ਨੇ ਜਵਾਬੀ ਗੋਲੀ ਚਲਾਈ ਜਿਸ ਵਿਚ ਦੋ ਬੰਦੇ ਮਾਰੇ। ਉਹਨਾਂ ਦੇ ਕਬਜ਼ੇ 'ਚੋਂ ਦੋ ਚੀਨੀ ਅਸਾਲਟ ਰਾਈਫਲਾਂ ਤੇ ਭਾਰਤੀ ਮਾਰਕਾ ਵਿਚ ਗੋਲੀ ਸਿੱਕਾ ਬਰਾਮਦ ਹੋਇਆ।

ਪੰਪ ਦੇ ਮਾਲਕ ਸਮੇਤ 3 ਹਲਾਕ

ਅੰਮ੍ਰਿਤਸਰ— ਇਥੋਂ ਦੇ ਮਕਬੂਲਪੁਰਾ ਇਲਾਕਾ ਵਿਚ ਇਕ ਪੈਟਰੋਲ ਪੰਪ ਦੇ ਮਾਲਕ ਦੀ 31 ਮਾਰਚ ਸ਼ਾਮ ਦੋ ਕਾਰ ਸਵਾਰ ਬੰਦਿਆਂ ਨੇ ਹੱਤਿਆ ਕਰ ਦਿੱਤੀ। ਮ੍ਰਿਤਕ ਦਾ ਨਾਂ ਰਜਿੰਦਰ ਸਿੰਘ ਦੱਸਿਆ ਗਿਆ ਹੈ।

ਮਜੀਠਾ ਪੁਲੀਸ ਜ਼ਿਲੇ ਦੇ ਪਿੰਡ ਦਿਆਲ ਭੱਟੀ ਵਿਚ ਯੂਸਫ ਮਸੀਹ ਨਾਮੀ ਵਿਅਕਤੀ ਕੁਝ ਬੰਦਿਆਂ ਹੱਥੋਂ ਮਾਰਿਆ ਗਿਆ।

ਹਰਪਾਰਾ ਦੀ ਚੌਕੀ ਦਾ ਸਿਪਾਹੀ ਕਤਲ

ਬਟਾਲਾ— ਥਾਣਾ ਸ੍ਰੀ ਹਰਗੋਬਿੰਦਪੁਰ ਦੇ ਪਿੰਡ ਹਰਪਾਰਾ ਵਿਚ ਸਪੈਸ਼ਲ ਪੁਲਸ ਚੌਕੀ ਦੇ ਸਿਪਾਹੀ ਚਰਨ ਸਿੰਘ ਨੂੰ ਗੋਲੀਆਂ ਮਾਰਕੇ ਹਲਾਕ ਕਰ ਦਿੱਤਾ ਗਿਆ।

ਇਹ ਵਾਰਦਾਤ ਦੋ ਅਪ੍ਰੈਲ ਸਵੇਰ ਵੇਲੇ ਦੀ ਹੈ।

ਥਾਣੇਦਾਰ ਤੇ ਹਵਾਲਦਾਰ ਨੇ ਹੋਮਗਾਰਡ ਜੁਆਨ ਨੂੰ ਕਤਲ ਕਰ ਦਿੱਤਾ

ਲੁਧਿਆਣਾ— ਭਾਰਤ ਦੀ ਪੁਲੀਸ ਖੁਦ ਕਿਵੇਂ ਕਰਦੀ ਅਤੇ ਕਰਵਾਉਂਦੀ ਹੈ ਇਸ ਦੀ ਇਕ ਸ਼ਰਮਨਾਕ ਮਿਸਾਲ ਸਾਹਮਣੇ ਆਈ ਹੈ। ਸਥਾਨਕ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲਈ ਤਾਇਨਾਤ ਸੁਰੱਖਿਆ ਕਰਮਚਾਰੀਆਂ ਵਿਚਾਲੇ ਝਗੜਾ ਹੋਣ ਦੇ ਸਿੱਟੇ ਵਜੋਂ ਇਕ ਅਸਿਸਟੈਂਟ ਸਬ ਇੰਸਪੈਕਟਰ ਤੇ ਹਵਾਲਦਾਰ ਨੇ ਇਕ ਹੋਮਗਾਰਡ ਦੇ ਜਵਾਨ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਪਰਮਜੀਤ ਸਿੰਘ ਸੰਧੂ ਨੇ ਦਸਿਆ ਕਿ ਏ.ਐਸ.ਆਈ. ਤੇਜਾ ਸਿੰਘ ਅਤੇ ਹਵਾਲਦਾਰ ਲਖ ਸਿੰਘ ਜੋ ਕੰਪਲੈਕਸ ਦੀ ਸੁਰੱਖਿਆ ਲਈ ਤਾਇਨਾਤ ਸਨ, ਨੇ ਹੋਮਗਾਰਡ ਦੇ ਜਵਾਨ ਸੁਰਜੀਤ ਸਿੰਘ ਨੂੰ ਕਾਲਜ ਦੇ ਬਾਹਰ ਨਾਕਾ ਲਗਾ ਕੇ ਲੋਕਾਂ ਕੋਲੋਂ ਪੈਸੇ ਉਗਰਾਹੁਣ ਦੀ ਹਦਾਇਤ ਕੀਤੀ। ਹੋਮਗਾਰਡ ਦੇ ਜਵਾਨ ਨੇ ਇਹ ਕੰਮ ਕਰਨ ਤੋਂ ਨਾਂਹ ਕਰ ਦਿੱਤੀ ਜਿਸ ਤੇ ਉਹ ਆਪਸ ਵਿਚ ਲੜ ਪਏ। ਤੇਜਾ ਸਿੰਘ ਨੇ ਆਪਣੇ ਸਰਵਿਸ ਰਿਵਾਲਵਰ ਨਾਲ ਸੁਰਜੀਤ ਸਿੰਘ 'ਤੇ ਗੋਲੀ ਚਲਾਈ ਜਿਸ ਨਾਲ ਉਹ ਮੌਕੇ ਤੇ ਦਮ ਤੋੜ ਗਿਆ।

ਸੰਧੂ ਨੇ ਦੱਸਿਆ ਕਿ ਬਾਅਦ ਵਿਚ ਉਹਨਾਂ ਪੁਲਿਸ ਕਰਮਚਾਰੀਆਂ ਨੇ ਸੁਰਜੀਤ ਸਿੰਘ ਦੀ ਲਾਸ਼ ਟੈਂਟ ਵਿਚੋਂ ਧੂਹ ਕੇ ਸੜਕ ਤੇ ਲੈ ਆਂਦੀ ਅਤੇ ਪੁਲਿਸ ਨੂੰ ਇਤਲਾਹ ਭੇਜੀ ਕਿ ਦਹਿਸ਼ਤਗਰਦ ਇਸ ਨੂੰ ਗੋਲੀ ਮਾਰ ਗਏ ਹਨ। ਘਟਨਾ ਦੀ ਸੂਚਨਾ ਮਿਲਦਿਆਂ ਹੀ ਮੈਂ ਸੀਨੀਅਰ ਹੋਰ ਅਧਿਕਾਰੀ ਮੌਕੇ ਤੇ ਪੁੱਜੇ। ਸੰਧੂ ਜਦੋਂ ਅਚਾਨਕ ਉਨ੍ਹਾਂ ਦੇ ਟੈਂਟ ਵਿਚ ਗਿਆ ਤਾਂ ਉਥੇ ਖੂਨ ਦੇ ਧੱਬੇ ਦੇਖ ਕੇ ਅਸਲੀਅਤ ਪਤਾ ਕਰਨ ਦੀ ਕੋਸ਼ਿਸ਼ ਕੀਤੀ। ਤੇਜਾ ਸਿੰਘ ਤੇ ਲਖ ਸਿੰਘ ਨੂੰ ਹਿਰਾਸਤ ਵਿਚ ਲਿਆ ਗਿਆ ਤੇ ਜਾਂਚ ਪੜਤਾਲ ਕੀਤੀ ਗਈ। ਜਾਂਚ ਪੜਤਾਲ ਦੌਰਾਨ ਉਨ੍ਹਾਂ ਨੇ ਕਤਲ ਦੀ ਗੱਲ ਮੰਨ ਲਈ। ਦੋਵਾਂ ਨੂੰ ਮੁਅੱਤਲ ਕਰਕੇ ਗ੍ਰਿਫਤਾਰ ਕਰ ਲਿਆ ਗਿਆ। ਜਾਂਚ ਚਲ ਰਹੀ ਹੈ।

ਗੰਨੇ ਦੇ ਖੇਤ ਵਿਚ ਮੁਕਾਬਲਾ ਬਣਾਕੇ ਪੁਲਸ ਨੇ ਦੋ ਬੰਦੇ ਗੋਲੀਆਂ ਨਾਲ ਭੁੰਨ ਦਿਤੇ

ਜਲਾਲਾਬਾਦ— ਜਲਾਲਾਬਾਦ-ਮੁਕਤਸਰ ਸੜਕ ਉਪਰ ਘਾਗਕਲਾਂ ਵਿਖੇ 'ਮੁਕਾਬਲਾ' ਬਣਾਕੇ ਪੁਲਸ ਨੇ ਦੋ ਬੰਦਿਆਂ ਨੂੰ ਗੋਲੀਆਂ ਮਾਰਕੇ ਹਲਾਕ ਕਰ ਦਿਤਾ।

ਪੁਲਸ ਨੇ ਬਾਅਦ ਵਿਚ ਬਿਆਨ ਇਸ ਤਰ੍ਹਾਂ ਜਾਰੀ ਕੀਤਾ ਕਿ ਅਣਪਛਾਤੇ ਬੰਦਿਆਂ ਨੇ ਹਥਿਆਰਾਂ ਦੀ ਨੋਕ ਤੇ ਬੰਧਮਣੀ ਬਾਜ਼ਾਰ 'ਚੋਂ ਇਕ ਵਿਅਕਤੀ ਰੌਸ਼ਨ ਦਾ ਨਵਾਂ ਸਕੂਟਰ ਬਜਾਜ ਸੁਪਰ ਖੋਹ ਲਿਆ ਅਤੇ ਮੁਕਤਸਰ ਸੜਕ ਵਲ ਭਜਾ ਲੈ ਗਏ। ਰੌਸ਼ਨ ਵਲੋਂ ਜਲਾਲਾਬਾਦ ਪੁਲਿਸ ਨੂੰ ਸੂਚਿਤ ਕਰਨ ਤੇ ਪੁਲਿਸ ਨੇ ਉਹਨਾਂ ਦਾ ਪਿੱਛਾ ਕੀਤਾ ਤਾਂ ਉਹ ਸਕੂਟਰ ਛੱਡ ਕੇ ਗੰਨੇ ਦੇ ਖੇਤਾਂ 'ਚ ਜਾ ਛੁਪੇ। ਪੁਲਿਸ ਵਲੋਂ ਲਲਕਾਰਨ ਤੇ ਉਹਨਾਂ ਗੋਲੀ ਚਲਾ ਦਿਤੀ। ਪੁਲਸ ਵਲੋਂ ਜਵਾਬੀ ਫਾਇਰਿੰਗ ਵਿਚ ਦੋ ਵਿਅਕਤੀ ਮਾਰੇ ਗਏ। ਪੁਲਿਸ ਅਨੁਸਾਰ ਮ੍ਰਿਤਕ ਪਾਸ ਇਕ 38 ਬੋਰ ਰਿਵਾਲਵਰ, ਇਕ ਹੱਥ ਗੋਲਾ, 4 ਅਣਚੱਲੇ ਏ.ਕੇ. 47 ਦੇ ਤੇ 10 ਚੱਲੇ ਕਾਰਤੂਸ ਮਿਲੇ।

ਡਾ. ਵੀਰ ਸਿੰਘ ਕਤਲ

ਬਟਾਲਾ— ਪ੍ਰਾਪਤ ਸੂਚਨਾ ਅਨੁਸਾਰ ਪਿੰਡ ਚੀਮਾ ਖੁੱਡੀ (ਥਾਣਾ ਸ੍ਰੀ ਹਰਗੋਬਿੰਦਪੁਰ) ਵਿਖੇ ਪੰਜ ਵਿਅਕਤੀਆਂ ਨੇ ਇਕ ਡਾਕਟਰ ਵੀਰ ਸਿੰਘ ਦੇ ਘਰ ਜਬਰੀ ਦਾਖਲ ਹੋ ਕੇ ਉਸਨੂੰ ਕਤਲ ਕਰ ਦਿੱਤਾ। ਘਟਨਾ ਰਾਤ ਦੋ ਵਜੇ ਦੇ ਕਰੀਬ ਵਾਪਰੀ।

ਇਸੇ ਤਰ੍ਹਾਂ ਪੰਜ ਹੋਰ ਵਿਅਕਤੀਆਂ ਨੇ ਪਿੰਡ ਦੀ ਐਸ.ਪੀ.ਓ. ਚੌਕੀ ਤੇ ਹਮਲਾ ਕਰਕੇ ਫਾਇਰਿੰਗ ਕੀਤੀ। ਪਰ ਕੋਈ ਨੁਕਸਾਨ ਨਹੀਂ ਹੋਇਆ। ਹਮਲਾਵਰ ਫਰਾਰ ਹੋਣ ਵਿਚ ਸਫਲ ਹੋ ਗਏ।

ਗੁੜਵਾਲੀ ਦਾ ਬੰਤ ਸਿੰਘ ਹਲਾਕ

ਬਠਿੰਡਾ— ਤਿੰਨ ਹਮਲਾਵਰਾਂ ਨੇ ਗੋਲੀਆਂ ਚਲਾਕੇ ਪਿੰਡ ਗੁੜਵਾਲੀ 'ਚ ਬੰਤ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਹਲਾਕ ਕਰ ਦਿਤਾ।

ਪੁਲਸ ਪਾਰਟੀ ਅਤਵਾਦੀਆਂ ਦਾ ਬਾਣਾ ਪਾ ਕੇ ਆਏ ਭੁਲੇਖੇ ਸਿਪਾਹੀ ਹਲਾਕ

ਡੇਰਾ ਬਾਬਾ ਨਾਨਕ — ਇਥੋਂ ਪੰਜ ਕਿਲੋਮੀਟਰ ਦੂਰ ਪਿੰਡ ਸ਼ਾਹਪੁਰ ਜਾਜਨ ਵਿਖੇ ਅਮਰੀਕ ਸਿੰਘ ਦੇ ਘਰ ਪੁਲਸ ਨੂੰ ਮਿਲੀ ਸੂਚਨਾ ਤੇ ਸੀ ਆਈ ਏ ਸਟਾਫ ਬਟਾਲਾ ਦੇ ਡੀ.ਐਸ.ਪੀ. ਦੀ ਅਗਵਾਈ ਵਿਚ ਪੁਲਸ ਪਾਰਟੀ ਨੇ ਛਾਪਾ ਮਾਰਿਆ ਪਰ ਘਰ ਵਾਲਿਆਂ ਨੇ ਸਿੱਖੀ ਬਾਣੇ ਸਮਝ ਕੇ ਅੱਗੋਂ ਫਾਇਰਿੰਗ ਕਰ ਦਿੱਤੀ ਜਿਸ ਦੇ ਸਿੱਟੇ ਵਜੋਂ ਸਤਨਾਮ ਸਿੰਘ ਸਿਪਾਹੀ ਮੌਕੇ ਤੇ ਮਾਰਿਆ ਗਿਆ ਪਰ ਪੁਲਸ ਅਨੁਸਾਰ ਇਹ ਫਾਇਰਿੰਗ ਦਹਿਸ਼ਤਗਰਦ ਤਸਵੀਰ ਸਿੰਘ ਦੇ ਗਰੁੱਪ ਨੇ ਕੀਤੀ। ਇਸ ਗਰੁੱਪ 'ਚ 4 ਸਿੱਖ ਵਿਅਕਤੀ ਸ਼ਾਮਲ ਸਨ ਜੋ ਏ.ਕੇ. 47 ਦੀਆਂ ਗੋਲੀਆਂ ਚਲਾਉਂਦੇ ਨੱਸਣ ਵਿਚ ਸਫਲ ਹੋ ਗਏ। ਘਟਨਾ ਵਾਲੀ ਥਾਂ ਤੋਂ ਪੁਲਸ ਨੇ ਏ.ਕੇ. 47 ਅਤੇ 12 ਬੋਰ ਦੇ ਕਾਰਤੂਸ ਬਰਾਮਦ ਕੀਤੇ। ਦੱਸਿਆ ਗਿਆ ਹੈ ਕਿ ਮ੍ਰਿਤਕ ਸਿਪਾਹੀ ਡੇਰਾ ਬਾਬਾ ਨਾਨਕ ਦੇ ਡੀ.ਐਸ.ਪੀ. ਦਾ ਗੰਨਮੈਨ ਸੀ।

ਸੂਚਨਾ ਅਨੁਸਾਰ ਪੁਲਸ ਪਾਰਟੀ ਨੇ ਅਤਵਾਦੀਆਂ ਵਰਗੇ ਕੱਪੜੇ ਪਾਏ ਹੋਏ ਸਨ। ਉਹਨਾਂ ਦੇ ਲੰਮੇ ਚੋਲੇ ਤੇ ਸਿਰਾਂ ਉਤੇ ਨੀਲੇ ਪਟਕੇ ਬੰਨ੍ਹੇ ਹੋਏ ਸਨ। ਘਰ ਵਿਚ ਉਸ ਸਮੇਂ ਹਰਵੰਤ ਸਿੰਘ ਦਾ ਲੜਕਾ ਗੁਰਦੀਪ ਸਿੰਘ ਸੀ। ਜਦੋਂ ਪੁਲਸ ਪਾਰਟੀ ਨੇ ਦਰਵਾਜ਼ਾ ਖੜਕਾਇਆ ਤਾਂ ਉਹਨੇ ਸਮਝਿਆ ਕਿ ਕੋਈ ਅਤਿਵਾਦੀ ਆ ਗਏ ਹਨ।

ਉਸ ਨੇ ਦਰਵਾਜ਼ਾ ਖੋਲਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀ ਰਾਈਫਲ ਜੋ ਉਸ ਨੇ ਥਾਣੇ ਤੋਂ ਆਪਣੀ ਰਾਖੀ ਲਈ ਹੋਈ ਸੀ ਲੈ ਕੇ ਮਕਾਨ ਦੀ ਉਪਰਲੀ ਛੱਤ ਤੇ ਚੜ੍ਹ ਕੇ ਮੋਰਚਾ ਸੰਭਾਲ ਕੇ ਬੈਠ ਗਿਆ। ਕਾਫੀ ਚਿਰ ਆਪਸੀ ਗੱਲਬਾਤ ਤੋਂ ਬਾਅਦ ਵੀ ਜਦ ਉਸ ਨੇ ਦਰਵਾਜ਼ਾ ਨਾ ਖੋਲ੍ਹਿਆ ਤਾਂ ਪੁਲਸ ਪਾਰਟੀ ਨੇ ਕਿਸੇ ਦੇ ਘਰੋਂ ਪੌੜੀ ਲੈ ਕੇ ਮਕਾਨ ਦੀ ਛੱਤ ਤੇ ਇਕ ਚਿੱਟੇ ਕੱਪੜੇ ਵਾਲੇ ਸਿਪਾਹੀ ਨੂੰ ਚਾੜ੍ਹਿਆ ਜਿਸ ਨੂੰ ਅਤਿਵਾਦੀ ਸਮਝ ਕੇ ਗੁਰਦੀਪ ਸਿੰਘ ਨੇ ਗੋਲੀ ਮਾਰ ਕੇ ਮਕਾਨ ਦੀ ਛੱਤ ਤੇ ਹੀ ਮਾਰ ਦਿੱਤਾ। ਸਿਪਾਹੀ ਮਰ ਜਾਣ ਤੋਂ ਬਾਅਦ ਥਾਣਾ ਡੇਰਾ ਬਾਬਾ ਨਾਨਕ ਦੀ ਪੁਲਸ ਅਤੇ ਪਿੰਡ ਵਿਚ ਤਾਇਨਾਤ ਬੀ.ਐਸ.ਐਫ. ਗਾਰਦ ਦੀ ਅਵਾਜ਼ ਸੁਣ ਕੇ ਹਰਕਤ ਵਿਚ ਆਈ। ਬੀ.ਐਸ.ਐਫ. ਮੌਕੇ ਤੇ ਪੁੱਜੀ ਅਤੇ ਉਸ ਨੇ ਮਰੇ ਸਿਪਾਹੀ ਦੀ ਲਾਸ਼ ਪੁਲਸ ਨੂੰ ਦੁਆਈ। ਮ੍ਰਿਤਕ ਸਿਪਾਹੀ ਦਾ ਨਾਂ ਸਤਨਾਮ ਸਿੰਘ ਸੀ ਅਤੇ ਪਿੰਡ ਮੱਲਿਆਂਵਾਲਾ ਥਾਣਾ ਸਦਰ ਬਟਾਲਾ ਦਾ ਰਹਿਣ ਵਾਲਾ ਸੀ। ਘਟਨਾ ਸਮੇਂ ਅਮਰੀਕ ਸਿੰਘ ਘਰ ਵਿਚ ਨਹੀਂ ਸੀ ਪਰ ਪੁਲਸ ਹੁਣ ਅਮਰੀਕ ਸਿੰਘ ਨੂੰ ਭਗੌੜਾ ਕਰਾਰ ਦੇ ਰਹੀ ਹੈ। ਗੁਰਦੀਪ ਸਿੰਘ ਜਿਸ ਨੂੰ ਪੁਲਸ ਫੜ ਕੇ ਲੈ ਗਈ ਸੀ ਅਤੇ ਇਲਾਕੇ ਦੇ ਲੋਕਾਂ ਵਲੋਂ ਇਸ ਵਿਰੁਧ ਅਵਾਜ਼ ਚੁਕਣ ਤੇ ਪੁਲਸ ਨੇ ਉਸਨੂੰ ਛੱਡ ਦਿੱਤਾ। ਉਸ ਨੇ ਦੱਸਿਆ ਕਿ ਉਸ ਦਾ ਭਰਾ ਜੋ ਪੁਲਸ ਵਿਚ ਭਰਤੀ ਹੈ ਅਗਲੇ ਮਹੀਨੇ ਉਸਦਾ ਵਿਆਹ ਸੀ। ਉਸ ਸਮਝਿਆ ਕਿ ਕੁਝ ਲੁਟੇਰੇ ਅਤਵਾਦੀਆਂ ਦੇ ਭੇਸ ਵਿਚ ਲੁੱਟਣ ਆ ਗਏ ਹਨ।

ਪੱਤਰਕਾਰਾਂ ਦੀਆਂ ਪਦੀੜਾਂ

ਸ੍ਰੀਨਗਰ— ਕਸ਼ਮੀਰ ਵਾਦੀ ਦੀ ਵਿਸਫੋਟਕ ਸਥਿਤੀ ਨੂੰ ਵੇਖਦਿਆਂ ਤਿੰਨ ਵਿਦੇਸ਼ੀ ਪੱਤਰਕਾਰਾਂ ਨੂੰ ਛੱਡ ਕੇ ਬਾਕੀ ਸਾਰੇ ਭਾਰਤੀ ਪੱਤਰਕਾਰ ਉਥੋਂ ਚਲੇ ਗਏ ਹਨ। ਇਥੋਂ ਤਕ ਕਿ ਯੂ.ਐਨ.ਆਈ. ਨੇ ਵੀ ਸ੍ਰੀਨਗਰ 'ਚੋਂ ਆਪਣੇ ਦਫਤਰ ਬੰਦ ਕਰ ਦਿੱਤੇ ਹਨ। ਦੂਰਦਰਸ਼ਨ ਅਤੇ ਆਕਾਸ਼ਬਾਣੀ ਦਾ ਵੀ ਇਹੋ ਹਾਲ ਹੈ।

ਅਗਵਾ ਦੀ ਸੂਹ ਨਹੀਂ ਮਿਲੀ

ਮਊ — ਅਗਵਾਕਾਰੀਆਂ ਵਲੋਂ ਅਗ਼ਵਾ ਦੀਆਂ ਵਾਰਦਾਤਾਂ ਵਿਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ। ਹਰ ਰੋਜ਼ ਲੋਕਾਂ ਨੂੰ ਅਗਵਾ ਕਰਕੇ ਰੁਪੈ ਲੈ ਕੇ ਛੱਡ ਦਿੱਤਾ ਜਾਂਦਾ ਹੈ। ਇਸ ਹੀ ਤਰਾਂ ਸਿੰਘ ਦੀ ਧਾਰ 'ਚ ਮੇਲੇ ਤੋਂ ਪਰਤ ਰਹੇ ਮਊ ਦੇ ਸ਼ਮਸ਼ੇਰ ਉਰਫ ਸ਼ੰਮਾ ਦਾ ਅਜੇ ਤੱਕ ਕੋਈ ਪਤਾ ਨਹੀਂ ਲੱਗ ਸਕਿਆ। ਉਸ ਨੂੰ ਕੋ ਦਿਨ ਪਹਿਲਾਂ ਮਊ ਜ਼ੀਰਾ ਰੋਡ ਤੋਂ ਅਗ਼ਵਾ ਕਰ ਲਿਆ ਗਿਆ ਸੀ।

ਦਹਿਸ਼ਤਪਸੰਦਾਂ ਦਾ ਖਤਰਨਾਕ ਕਪਤਾਨ ਅਬਦੁਲ ਰਸ਼ੀਦ ਗੋਲੀਆਂ ਨਾਲ ਹਲਾਕ

ਸ੍ਰੀਨਗਰ — ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦਾ ਆਪੇ ਹੀ ਬਣਿਆ 'ਕਪਤਾਨ' ਅਤੀ ਖਤਰਨਾਕ ਦਹਿਸ਼ਤਪਸੰਦ ਅਬਦੁਲ ਰਸ਼ੀਦ ਮੁਕਾਬਲੇ ਵਿਚ ਮਾਰਿਆ ਗਿਆ। ਉਹਦੇ ਤਿੰਨ ਹੋਰ ਸਾਥੀ ਵੀ ਸਕਿਉਰਟੀ ਦਲਾਂ ਹੱਥੋਂ ਹਲਾਕ ਹੋ ਗਏ।

ਅਬਦੁਲ ਰਸ਼ੀਦ ਉਹਨਾਂ 12 ਦਹਿਸ਼ਤਪਸੰਦਾਂ ਵਿਚੋਂ ਇਕ ਸੀ ਜੋ ਪਿਛਲੇ ਹੀ ਹਫਤੇ ਸ੍ਰੀਨਗਰ ਦੀ ਸੈਂਟਰਲ ਜੇਲ੍ਹ 'ਚ ਫਰਾਰ ਹੋ ਗਏ ਸਨ। ਇਸ ਮੁਕਾਬਲੇ ਵਿਚ ਦੋ ਹੋਰ ਜ਼ਖਮੀ ਹੋ ਗਏ। ਸੁਰੱਖਿਆ ਦਲਾਂ ਨੇ ਬਾਦਾਮੀਬਾਗ ਤੋਂ ਇਕ ਜ਼ਰੀਨਾ ਨਾਮੀ ਦਹਿਸ਼ਤਪਸੰਦ ਕੁੜੀ ਵੀ ਗ੍ਰਿਫਤਾਰ ਕੀਤੀ ਹੈ ਅਤੇ ਉਹਦੇ ਪਾਸੋਂ ਕਾਫੀ ਹਥਿਆਰ ਬਰਾਮਦ ਕੀਤੇ ਗਏ ਹਨ। ਜ਼ਰੀਨਾ ਨੇ ਸੁਰੱਖਿਆ ਦਲਾਂ ਉਪਰ ਗੋਲੀ ਚਲਾਈ ਅਤੇ ਫਿਰ ਫੜੀ ਗਈ।

■ ਮਜੀਠਾ— ਇਥੋਂ ਦੇ ਪਿੰਡ ਕਲੇਰ ਨੇੜਿਉਂ ਜਸਪਾਲ ਸਿੰਘ ਨਾਂ ਦੇ ਇਕ ਬੰਦੇ ਦੀ ਲਾਸ਼ ਬਰਾਮਦ ਹੋਈ। ਲਾਸ਼ ਉਪਰ ਗੋਲੀਆਂ ਦੇ ਅਨੇਕਾਂ ਨਿਸ਼ਾਨ ਸਨ।

ਅਲੱਖੁਰਦ ਵਿਚ ਬਾਲੀ ਸਿੰਘ ਦਾ ਕਤਲ

ਤਰਨਤਾਰਨ— ਇਥੋਂ ਦੇ ਪਿੰਡ ਅਲੱਖੁਰਦ ਵਿਚ ਬਾਲੀ ਸਿੰਘ ਨੂੰ ਗੋਲੀਆਂ ਮਾਰਕੇ ਹਲਾਕ ਕਰ ਦਿੱਤਾ ਗਿਆ। ਪੁਲਸ ਨੇ ਕਤਲ ਦਾ ਮੁਕੱਦਮਾ ਦਰਜ ਕਰਕੇ ਕਾਤਲਾਂ ਦੀ ਭਾਲ ਸ਼ੁਰੂ ਕਰ ਦਿੱਤੀ।

ਸਤਨਾਮ ਸਿੰਘ ਚੰਗਿਆੜਾ ਲੈਫ. ਜਨਰਲ ਬਣਿਆ

ਅੰਮ੍ਰਿਤਸਰ— ਚੀਫ ਜਨਰਲ ਭਾਈ ਗੁਰਜੰਟ ਸਿੰਘ ਬੁਧ ਸਿੰਘ ਵਾਲਾ ਖਾਲਿਸਤਾਨ ਲਿਬਰੇਸ਼ਨ ਫੋਰਸ, ਇੰਟਰਨੈਸ਼ਨਲ ਬੱਬਰ ਖਾਲਸਾ ਦੇ ਮੁੱਖ ਜਥੇਦਾਰ ਭਾਈ ਸੁਖਦੇਵ ਸਿੰਘ, ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਭਾਈ ਦਲਜੀਤ ਸਿੰਘ ਬਿੱਟੂ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ ਵਿਚ ਭਾਈ ਸਤਨਾਮ ਸਿੰਘ ਚੰਗਿਆੜਾ ਨੂੰ ਲੈਫ. ਜਨਰਲ ਥਾਪਿਆ ਗਿਆ ਹੈ। ਭਾਈ ਸਤਨਾਮ ਸਿੰਘ ਚੰਗਿਆੜਾ ਆਪਣੇ 50 ਸਿੰਘਾਂ ਸਮੇਤ ਭਿੰਡਰਾਂਵਾਲਾ ਟਾਈਗਰ ਫੋਰਸ ਨੂੰ ਅਲਵਿਦਾ ਕਹਿੰਦੇ ਹੋਏ ਖਾਲਿਸਤਾਨ ਲਿਬਰੇਸ਼ਨ ਫੋਰਸ ਵਿਚ ਆ ਗਏ ਹਨ।

ਅੱਗੇ ਤੋਂ ਅਕਾਲੀ ਦਲ ਸਰਬ ਪਾਰਟੀ ਮੀਟਿੰਗਾਂ ਵਿਚ ਭਾਗ ਨਹੀਂ ਲਵੇਗਾ -ਬਾਦਲ

ਮਾਨਸਾ— ਇਥੇ ਅਕਾਲੀ ਦਲ (ਬ) ਵਲੋਂ ਇਕ ਵਿਸ਼ਾਲ ਅਕਾਲੀ ਕਾਨਫਰੰਸ ਆਯੋਜਿਤ ਕੀਤੀ ਗਈ। ਕਾਨਫਰੰਸ ਨੂੰ ਅਕਾਲੀ ਦਲ (ਬ) ਦੇ ਪ੍ਰਧਾਨ ਬਾਦਲ, ਸੁਖਜਿੰਦਰ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ, ਗੁਰਚਰਨ ਸਿੰਘ ਟੌਹੜਾ ਨੇ ਸੰਬੋਧਨ ਕੀਤਾ। ਇਸ ਮੌਕੇ ਤੇ ਬਾਦਲ ਨੂੰ ਪਾਰਟੀ ਫੰਡ ਲਈ 71000 ਰੁਪਏ ਦੀ ਥੈਲੀ ਵੀ ਭੇਟ ਕੀਤੀ ਗਈ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਾਦਲ ਨੇ ਕਿਹਾ ਪੰਜਾਬ ਸਮੱਸਿਆ ਕਾਂਗਰਸ ਨੇ ਹੀ ਪੈਦਾ ਕੀਤੀ ਹੈ। ਖਾੜਕੂ ਨਹੀਂ ਅਪਰੇਸ਼ਨ ਅਤੇ ਦਿੱਲੀ ਦੰਗੇ ਇਸ ਦੀ ਹੀ ਉਪਜ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬੀਆਂ ਤੇ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਪੁਲਿਸ ਜਬਰ ਕੀਤਾ ਜਾ ਰਿਹਾ ਹੈ। ਕੇਂਦਰ ਵਿਚ ਨਵੀਂ ਸਰਕਾਰ ਬਣਨ ਨਾਲ ਲੋਕਾਂ ਨੂੰ ਕੁਝ ਆਸ ਬੱਝੀ ਸੀ ਅਤੇ ਕੇਂਦਰ ਸਰਕਾਰ ਨੇ ਐਲਾਨ ਕੀਤਾ ਸੀ ਕਿ ਝੂਠੇ ਕੇਸਾਂ ਦੀ ਵਾਪਸੀ ਅਤੇ ਮੁੜ ਵਸੇਬਾ ਕੀਤਾ ਜਾਏਗਾ ਅਤੇ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣਗੀਆਂ ਪਰ ਇਨ੍ਹਾਂ ਦੋਹਾਂ ਹੀ ਸਰਕਾਰੀ ਐਲਾਨਾਂ 'ਤੇ ਅਮਲ ਨਾ ਹੋਣ ਕਾਰਨ ਲੋਕਾਂ ਦੀ ਕੇਂਦਰ ਸਰਕਾਰ 'ਤੇ ਬੱਝੀ ਆਸ ਹੁਣ ਟੁੱਟ ਰਹੀ ਹੈ। ਸ. ਬਾਦਲ ਨੇ ਕਿਹਾ ਕਿ ਉਹ ਅਕਾਲੀ ਦਲ (ਮਾਨ) ਨਾਲ ਏਕਤਾ ਕਰਨ ਲਈ ਤਿਆਰ ਹਨ ਪਰ ਇਹ ਏਕਤਾ ਸਿਧਾਂਤਾਂ ਤੇ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਬੁਲਾਈਆਂ ਜਾ ਰਹੀਆਂ ਸਰਬ ਪਾਰਟੀ ਮੀਟਿੰਗਾਂ ਵਿਚ ਕੋਈ ਸਾਰਥਿਕਤਾ ਨਹੀਂ, ਇਸ ਲਈ ਭਵਿੱਖ ਵਿਚ ਅਕਾਲੀ ਦਲ (ਬ) ਸਰਕਾਰ ਵਲੋਂ ਬੁਲਾਈਆਂ ਜਾਣ ਵਾਲੀਆਂ ਸਰਬ ਪਾਰਟੀ ਮੀਟਿੰਗਾਂ ਵਿਚ ਸ਼ਾਮਲ ਨਹੀਂ ਹੋਵੇਗਾ। ਪਾਰਟੀ ਪ੍ਰਧਾਨ ਨੇ ਕਿਹਾ ਕਿ ਪੰਜਾਬ ਵਿਚ ਪੰਜਾਬ ਦੇ ਵਾਸੀਆਂ ਨੂੰ ਲਗਾਤਾਰ ਪੁਲਿਸ ਵਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਅਨੰਦਪੁਰ ਮਤੇ ਦੀ ਜ਼ੋਰਦਾਰ ਵਕਾਲਤ ਕਰਦੇ ਹੋਏ ਕਿਹਾ ਕਿ ਰਾਜਾਂ ਨੂੰ ਵੱਧ ਅਧਿਕਾਰ ਦੇਣ ਨਾਲ ਹੀ ਪੰਜਾਬ ਦੀ ਕਾਇਆ ਕਲਪ ਹੋ ਸਕਦੀ ਹੈ। ਇਸ ਤੋਂ ਪਹਿਲਾਂ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਸ. ਬਾਦਲ ਨੇ ਕਿਹਾ ਕਿ ਕੇਂਦਰ ਦੇ ਇਕਤਰਫਾ ਐਲਾਨ ਨਾਲ ਹੀ ਪੰਜਾਬ ਵਿਚ ਸ਼ਾਂਤੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ 70 ਸਾਲਾ ਕੁਰਬਾਨੀਆਂ ਭਰਿਆ ਇਤਿਹਾਸ ਹੈ। ਕਾਂਗਰਸ ਸਰਕਾਰ ਅਕਾਲੀ ਦਲ ਨੂੰ ਖਰੀਦ ਨਹੀਂ ਸਕੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦਲ ਅਕਾਲੀ ਦਲ (ਮਾਨ) ਨੂੰ ਪੰਜਾਬ ਅਤੇ ਦੇਸ਼ ਦੇ ਹਿੱਤਾਂ ਲਈ ਸਹਿਯੋਗ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਮਾਨ ਦਲ ਦੇ ਨੇਤਾਵਾਂ ਨੂੰ ਕਹਿ ਚੁੱਕੇ ਹਨ ਕਿ ਉਨ੍ਹਾਂ ਕੋਲ ਤਾਕਤ ਹੈ ਅਤੇ ਅਕਾਲੀ ਦਲ (ਬ) ਕੋਲ ਤਜਰਬਾ ਹੈ। ਦੋਵੇਂ ਦਲ ਜੇ ਮਿਲ ਕੇ ਪੰਜਾਬ ਦੇ ਭਲੇ ਲਈ ਕੰਮ ਕਰਨ। ਉਨ੍ਹਾਂ ਕਿਹਾ ਕਿ ਮਾਨ ਦਲ ਦੇ ਐਮ.ਪੀਜ਼. ਵਲੋਂ ਪਾਰਲੀਮੈਂਟ ਵਿਚ ਸੰਵਿਧਾਨ ਦੀ ਸਹੁੰ ਚੁੱਕਣ ਤੋਂ ਸੰਕੋਚ ਕਰਨ ਨਾਲ ਲੋਕਾਂ ਵਿਚ ਇਸ ਦਲ ਪ੍ਰਤੀ ਸ਼ੰਕੇ ਵਧ ਰਹੇ ਹਨ। ਸ. ਬਾਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ (ਬ) 13 ਅਪ੍ਰੈਲ ਨੂੰ ਵਿਸਾਖੀ ਦੇ ਮੌਕੇ 'ਤੇ ਦਮਦਮਾ ਸਾਹਿਬ ਵਿਖੇ ਇਕ ਕਾਨਫਰੰਸ ਕਰੇਗਾ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਨੇਤਾ ਸ. ਸੁਖਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਮਸਲਾ ਇਕ ਸਿਆਸੀ ਮਸਲਾ ਹੈ ਅਤੇ ਇਹ ਗੱਲਬਾਤ ਦੇ ਆਧਾਰ 'ਤੇ ਹਲ ਕੀਤਾ ਜਾਣਾ ਚਾਹੀਦਾ ਹੈ। ਯੂਥ ਆਗੂ ਸ. ਮੇਜਰ ਸਿੰਘ ਉਬੋਕੇ ਨੇ ਕਿਹਾ ਕਿ ਪੰਜਾਬ ਵਿਚ ਜੋ ਲੁੱਟਮਾਰ ਹੋ ਰਹੀ ਹੈ, ਇਹ ਪੁਲਿਸ ਦੀ ਹੀ ਪੈਦਾਵਾਰ ਹੈ ਅਤੇ ਇਸ ਵੀ ਹੀ ਮਿਲੀਭੁਗਤ ਨਾਲ ਹੋ ਰਹੀ ਹੈ। ਕਥਿਤ ਝੂਠੇ ਮੁਕਾਬਲਿਆਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਅਕਾਲੀ ਨੇਤਾ ਸ. ਬਲਵਿੰਦਰ ਸਿੰਘ ਭੂੰਦੜ ਨੇ ਦੋਸ਼ ਲਾਇਆ ਕਿ ਅਜੋਕੇ ਖਾੜਕੂ ਕਾਂਗਰਸ ਦੀ ਦੇਣ ਹਨ। ਉਨ੍ਹਾਂ ਬੇਦੋਸ਼ਿਆਂ ਦੇ ਕਤਲਾਂ ਦੀ ਵੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ (ਮਾਨ) ਨੇ ਰਾਜਸਥਾਨ ਵਿਚ ਚੋਣਾਂ ਦੌਰਾਨ ਉਮੀਦਵਾਰ ਖੜ੍ਹੇ ਕਰਕੇ ਕਾਂਗਰਸ ਦਾ ਪੱਖ ਪੂਰਿਆ।

3 ਦਹਿਸ਼ਤਪਸੰਦ ਹਲਾਕ-41 ਫੜੇ ਤੇ 18 ਜੋਧਪੁਰ ਜੇਲ੍ਹ ਵਿਚ ਤਬਦੀਲ

ਜੰਮੂ— ਕਸ਼ਮੀਰ ਵਾਦੀ ਵਿਚ ਸੁਰੱਖਿਆ ਦਸਤਿਆਂ ਨੇ ਦੋ ਵੱਖ ਵੱਖ ਕਾਰਵਾਈਆਂ ਵਿਚ 3 ਅੱਤਵਾਦੀ ਮਾਰ ਦਿੱਤੇ ਅਤੇ 41 ਹੋਰਨਾਂ ਨੂੰ ਗ੍ਰਿਫਤਾਰ ਕਰ ਲਿਆ। ਦੱਸਿਆ ਗਿਆ ਹੈ ਕਿ ਸਰਹੱਦੀ ਜ਼ਿਲ੍ਹਾ ਕੁਪਵਾੜਾ ਵਿਚ ਜਾਮਾਗੁੰਡ ਇਲਾਕੇ ਵਿਚ ਸੁਰੱਖਿਆ ਦਸਤਿਆਂ ਨੇ ਉਸ ਸਮੇਂ 25 ਅੱਤਵਾਦੀਆਂ ਨੂੰ ਗ੍ਰਿਫਤਾਰ ਕਰ ਲਿਆ ਜਦ ਉਹ ਸਿਖਲਾਈ ਲੈਣ ਅਤੇ ਵਧੇਰੇ ਹਥਿਆਰ ਤੇ ਗੋਲੀ ਸਿੱਕਾ ਲਿਆਉਣ ਲਈ ਸੀਮਾ ਪਾਰ ਕਰ ਕੇ ਪਾਕਿਸਤਾਨ ਵਿਚ ਦਾਖਲ ਹੋਣ ਦਾ ਯਤਨ ਕਰ ਰਹੇ ਸਨ। ਇਸ ਗਰੁੱਪ ਦੇ ਤਿੰਨ ਅੱਤਵਾਦੀ ਉਸ ਸਮੇਂ ਮਾਰੇ ਗਏ ਜਦ ਉਨ੍ਹਾਂ ਲਲਕਾਰੇ ਜਾਣ ਤੇ ਨੱਸਣ ਦਾ ਯਤਨ ਕੀਤਾ। ਸੁਰੱਖਿਆ ਦਸਤਿਆਂ ਨੇ ਇਲਾਕੇ ਵਿਚ ਅੱਤਵਾਦੀਆਂ ਦੀ ਹਿਲਜੁਲ ਬਾਰੇ ਅਗਾਊਂ ਜਾਣਕਾਰੀ ਮਿਲਣ ਤੇ ਨਾਕਾ ਕਾਇਮ ਕੀਤਾ ਸੀ।

ਦੂਜੇ ਅਪ੍ਰੇਸ਼ਨ ਵਿਚ ਸੁਰੱਖਿਆ ਦਸਤਿਆਂ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦ ਉਨ੍ਹਾਂ ਸੋਪੋਰ-ਗੁਲਮਰਗ ਰੋਡ 'ਤੇ ਇਕ ਜਿਪਸੀ ਵਿਚ ਸਫਰ ਕਰ ਰਹੇ 6 ਕੱਟੜ ਦਹਿਸ਼ਤਪਸੰਦਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਤੋਂ ਕੁਝ ਅਸਲਾ ਵੀ ਬਰਾਮਦ ਕੀਤਾ ਗਿਆ। ਇਨ੍ਹਾਂ ਸਾਰੇ ਅੱਤਵਾਦੀਆਂ ਨੇ ਕੈਂਪ ਤੋੜ ਦੀਆਂ ਕਾਰਵਾਈਆਂ ਦੀ ਸਿਖਲਾਈ ਪ੍ਰਾਪਤ ਸੀ ਅਤੇ ਕਈ ਵਾਰ ਪਾਕਿਸਤਾਨ ਜਾ ਚੁੱਕੇ ਸਨ। ਫੜਿਆ ਗਿਆ ਇਕ ਅੱਤਵਾਦੀ ਸੀਨੀਅਰ ਆਗੂ ਦੱਸਿਆ ਜਾਂਦਾ ਹੈ।

30 ਮਾਰਚ ਨੂੰ 10 ਅੱਤਵਾਦੀ ਉਸ ਸਮੇਂ ਸੁਰੱਖਿਆ ਦਸਤਿਆਂ ਹੱਥੋਂ ਮਾਰੇ ਗਏ ਸਨ ਜਦ ਉਹ ਕੇਰਨ ਸੈਕਟਰ ਵਿਚ ਕੁਮਰੀ ਗਲੀ ਰਾਹੀਂ ਪਾਕਿਸਤਾਨ ਜਾਣ ਦਾ ਯਤਨ ਕਰ ਰਹੇ ਸਨ।

ਰਾਜਪਾਲ ਗਿਰੀਸ਼ ਚੰਦਰ ਸਕਸੈਨਾ ਸ੍ਰੀਨਗਰ ਆਏ ਸਨ। ਉਨ੍ਹਾਂ ਰਾਜ ਦੀ ਸਥਿਤੀ ਬਾਰੇ ਸੀਨੀਅਰ ਪੁਲਸ ਅਤੇ ਪ੍ਰਸ਼ਾਸਨਿਕ ਅਫਸਰਾਂ ਨਾਲ ਵਿਚਾਰ ਵਟਾਂਦਰਾ ਕੀਤਾ।

ਹੋਰ ਸੂਚਨਾ ਅਨੁਸਾਰ ਜਿਹੜੇ 15 ਅੱਤਵਾਦੀ ਕਸ਼ਮੀਰ ਵਾਦੀ ਵਿਚ ਗ੍ਰਿਫਤਾਰ ਕੀਤੇ ਗਏ ਸਨ ਉਨ੍ਹਾਂ ਨੂੰ ਜੰਮੂ ਖੇਤਰ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਤਬਦੀਲ ਕੀਤਾ ਗਿਆ ਹੈ।

18 ਹੋਰ ਅੱਤਵਾਦੀਆਂ ਨੂੰ ਸ੍ਰੀਨਗਰ ਜੇਲ੍ਹ ਵਿਚੋਂ ਕੱਢ ਕੇ ਜੋਧਪੁਰ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਸੀ। ਇਨ੍ਹਾਂ ਨੂੰ ਵਾਯੂ ਸੈਨਾ ਦੇ ਇਕ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਜੋਧਪੁਰ ਲਿਜਾਇਆ ਗਿਆ। 26 ਮਾਰਚ ਨੂੰ 12 ਕਸ਼ਮੀਰੀ ਦਹਿਸ਼ਤਪਸੰਦਾਂ ਦੇ ਜੇਲ੍ਹ ਵਿਚੋਂ ਫਰਾਰ ਹੋ ਜਾਣ ਕਾਰਨ ਕੇਂਦਰ ਸਰਕਾਰ ਨੇ ਫੜੇ ਗਏ ਅੱਤਵਾਦੀਆਂ ਨੂੰ ਜੰਮੂ-ਕਸ਼ਮੀਰ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ।

ਕੁਝ ਦਹਿਸ਼ਤਪਸੰਦ ਜਿਹੜੇ ਭੀਲਵਾੜਾ ਜੇਲ੍ਹ ਵਿਚ ਸਨ, ਉਨ੍ਹਾਂ ਨੂੰ ਜੋਧਪੁਰ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਹੈ।

ਵਿਨ ਚੱਢਾ ਦਾ ਪਾਸਪੋਰਟ ਜ਼ਬਤ ਕਰਨ ਲਈ ਨੋਟਿਸ

ਦਿੱਲੀ — ਭਾਰਤੀ ਪਾਸਪੋਰਟ ਅਧਿਕਾਰੀਆਂ ਨੇ ਬੋਫੋਰਜ਼ ਤੋਪਾਂ ਦੇ ਸੌਦੇ ਦੀ ਦਲਾਲੀ ਵਿਚ ਕਥਿਤ ਤੌਰ ਤੇ ਕਮਿਸ਼ਨ ਖਾਣ ਦੇ ਦੋਸ਼ੀ ਸ੍ਰੀ ਵਿਨ ਚੱਢਾ ਨੂੰ ਪੁੱਛਿਆ ਹੈ ਕਿ ਉਹ ਕਾਰਨ ਦੱਸੇ ਕਿ ਉਹਦਾ ਪਾਸਪੋਰਟ ਕਿਉਂ ਨਾ ਜ਼ਬਤ ਕੀਤਾ ਜਾਵੇ। ਭਾਰਤ ਦੀ ਸੀ.ਬੀ.ਆਈ. ਨੇ ਪਾਸਪੋਰਟ ਜ਼ਬਤ ਕਰਨ ਲਈ ਪਾਸਪੋਰਟ ਅਧਿਕਾਰੀਆਂ ਕੋਲ ਬੇਨਤੀ ਕੀਤੀ ਹੋਈ ਹੈ।

ਸੀ.ਬੀ.ਆਈ. ਚਾਹੁੰਦੀ ਹੈ ਕਿ ਵਿਨ ਚੱਢਾ ਨੂੰ ਯੂਨਾਈਟਿਡ ਅਰਬ ਇਮਾਰਤ ਤੋਂ ਵਾਪਸ ਭਾਰਤ ਲਿਆਂਦਾ ਜਾਵੇ। ਕਿਉਂਕਿ ਪਹਿਲਾ ਭੇਜੇ ਨੋਟਿਸਾਂ ਦੀ ਵਿਨ ਚੱਢਾ ਨੇ ਕੋਈ ਪ੍ਰਵਾਹ ਨਹੀਂ ਕੀਤੀ। ਸੀ.ਬੀ.ਆਈ. ਨੇ ਕਈ ਵਾਰ ਉਸ ਨੂੰ ਸੰਮਣ ਭੇਜੇ ਸਨ ਪਰ ਉਹ ਸੰਮਣ ਵਸੂਲ ਵੀ ਨਹੀਂ ਸੀ ਕਰਦਾ।

ਪਿੰਡ ਢੋਟਾ 'ਚ ਕਤਲ

ਤਰਨਤਾਰਨ — ਇਥੋਂ ਦੇ ਪਿੰਡ ਢੋਟਾ ਵਿਚ ਕੁਝ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰਕੇ ਇਕ ਬੰਦੇ ਨੂੰ ਹਲਾਕ ਕਰ ਦਿੱਤਾ।

ਮੁਕਾਬਲੇ ਵਿਚ ਥਾਣੇਦਾਰ ਬਲਵੰਤ ਸਿੰਘ ਫੱਟੜ

ਤਰਨਤਾਰਨ — ਇਥੋਂ ਦੇ ਪਿੰਡ ਫਿਰੋਜ਼ਪੁਰ ਨੇੜੇ ਖਾੜਕੂਆਂ ਤੇ ਸੁਰੱਖਿਆ ਦਲਾਂ ਵਿਚਕਾਰ ਹੋਏ ਮੁਕਾਬਲੇ ਵਿਚ ਸਬ ਇੰਸਪੈਕਟਰ ਬਲਵੰਤ ਸਿੰਘ ਫੱਟੜ ਹੋ ਗਿਆ।

ਐਸ.ਐਲ. ਕਪੂਰ ਮੁੱਖ ਸਕੱਤਰ ਨਿਯੁਕਤ

ਚੰਡੀਗੜ੍ਹ— ਪੰਜਾਬ ਸਰਕਾਰ ਨੇ ਐਸ.ਐਲ. ਕਪੂਰ ਨੂੰ ਰਾਜ ਦਾ ਮੁੱਖ ਸਕੱਤਰ ਨਿਯੁਕਤ ਕੀਤਾ ਹੈ। ਉਨ੍ਹਾਂ ਨੂੰ ਆਰ.ਪੀ. ਓਝਾ ਦੀ ਥਾਂ ਨਿਯੁਕਤ ਕੀਤਾ ਗਿਆ ਹੈ ਜਿਹੜੇ ਕਿ ਰਿਟਾਇਰ ਹੋ ਗਏ। ਸ੍ਰੀ ਕਪੂਰ ਇਸ ਸਮੇਂ ਵਿੱਤ ਕਮਿਸ਼ਨਰ (ਗ੍ਰਹਿ ਅਤੇ ਲੋਕ ਸੰਪਰਕ) ਹਨ। ਉਹ ਗ੍ਰਹਿ ਅਤੇ ਲੋਕ ਸੰਪਰਕ ਦੇ ਵਿਭਾਗਾਂ ਦੀ ਵੀ ਦੇਖ ਭਾਲ ਕਰਦੇ ਰਹਿਣਗੇ। ਕਪੂਰ ਆਈ.ਏ.ਐਸ. ਦੇ 1960 ਦੇ ਬੈਚ ਵਿਚੋਂ ਹਨ।

75 ਲੱਖ ਰੁਪਏ ਦਾ ਸੋਨਾ ਕਾਬੂ

ਅੰਮ੍ਰਿਤਸਰ — ਬੀ.ਐਸ.ਐਫ. ਦੇ ਜਵਾਨਾਂ ਨੇ ਹਿੰਦ ਪਾਕਿ ਸਰਹੱਦ ਨੇੜੇ ਦਾਉਕੇ ਚੌਕੀ ਨੇੜਿਉਂ 75 ਲੱਖ ਰੁਪਏ ਦੀ ਕੀਮਤ ਦਾ 24 ਕਿਲੋ ਸੋਨਾ ਬਰਾਮਦ ਕੀਤਾ ਹੈ। ਸੁਰੱਖਿਆ ਅਧਿਕਾਰੀਆਂ ਅਨੁਸਾਰ ਇਹ ਸੋਨਾ ਨੌਸ਼ਹਿਰਾ ਢਾਲਾ ਦੇ ਇਕ ਨਾਮੀ ਸਮਗਲਰ ਲਈ ਲਿਆਂਦਾ ਜਾ ਰਿਹਾ ਸੀ ਪਰ ਜਵਾਨਾਂ ਵਲੋਂ ਚੁਣੌਤੀ ਦਿੱਤੇ ਜਾਣ ਉਤੇ ਸੋਨਾ ਸੁੱਟਿਆ ਗਿਆ ਤੇ ਵਿਅਕਤੀ ਸੋਨਾ ਸੁੱਟ ਕੇ ਫਰਾਰ ਹੋਣ ਵਿਚ ਸਫਲ ਹੋ ਗਿਆ।

ਠੇਕਾ ਲੁੱਟਿਆ

ਸੁਨਾਮ — ਇਥੋਂ 20 ਕਿਲੋਮੀਟਰ ਦੂਰ ਪਿੰਡ ਭਾਈਕੀ ਪਿਸ਼ੌਰ ਵਿਚ ਰਾਤ ਸਕੂਟਰ ਸਵਾਰ ਲੁਟੇਰਿਆਂ ਨੇ ਇਕ ਸ਼ਰਾਬ ਦਾ ਠੇਕਾ ਲੁੱਟ ਲਿਆ। ਉਹ ਜਾਂਦੇ ਹੋਏ ਠੇਕੇ ਦੇ ਕਾਰਿੰਦੇ ਨੂੰ ਇਹ ਕਹਿ ਗਏ ਕਿ ਉਹ 60 ਹਜ਼ਾਰ ਰੁਪਏ ਦਾ ਪ੍ਰਬੰਧ ਕਰਕੇ ਰੱਖੇ ਉਹ ਫਿਰ ਆਉਣਗੇ। ਲੁਟੇਰਿਆਂ ਨੇ ਪਹਿਲਾਂ ਸ਼ਰਾਬ ਦੀਆਂ ਬੋਤਲਾਂ ਦੇ ਦੋ ਡੱਬੇ ਅਤੇ 650 ਰੁਪਏ ਲੁੱਟੇ। ਉਹ ਕਾਰਿੰਦੇ ਦਾ ਸਾਈਕਲ ਵੀ ਲੈ ਗਏ।

ਗੋਲੀਆਂ ਵਿੰਨ੍ਹੀ ਲਾਸ਼ ਮਿਲੀ

ਮਜੀਠਾ ਪੁਲਿਸ ਜ਼ਿਲ੍ਹੇ ਦੇ ਪਿੰਡ ਕੁਹਾਲਾ ਨਜ਼ਦੀਕ ਨਹਿਰ ਦੇ ਕੰਢੇ ਤੋਂ ਇਕ ਗੋਲੀਆਂ ਵਿੰਨ੍ਹੀ ਲਾਸ਼ ਮਿਲੀ।

ਐਸ.ਐਸ.ਪੀ. ਸਵਰਨ ਸਿੰਘ ਦੇ ਮਾਮੇ ਦਾ ਲੜਕਾ ਅਗਵਾ

ਬਟਾਲਾ— ਬਟਾਲਾ ਤੋਂ ਪੰਜਾਬ ਪੁਲਿਸ ਅਨੁਸਾਰ ਪਿੰਡ ਤਲਵੰਡੀ ਭਰਥਵਾਲ ਵਿਚ ਕ੍ਰਿਪਾਲ ਸਿੰਘ ਪੁੱਤਰ ਸਰਦੂਲ ਸਿੰਘ ਨੂੰ ਅਗਵਾ ਕਰ ਲਿਆ ਗਿਆ ਜੋ ਕਿ ਫਰੀਦਕੋਟ ਦੇ ਐਸ.ਐਸ.ਪੀ. ਸਵਰਨ ਸਿੰਘ ਦੇ ਮਾਮੇ ਦਾ ਲੜਕਾ ਹੈ। ਖਾਲਿਸਤਾਨ ਲਿਬਰੇਸ਼ਨ ਫੋਰਸ ਵਲੋਂ ਪਿੱਛੇ ਛੱਡੀ ਗਈ ਇਕ ਚਿੱਠੀ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਕੁਝ ਸਾਥੀ ਸਿੰਘ ਫਰੀਦਕੋਟ ਵਿਚ ਫੜੇ ਗਏ ਹਨ। ਉਨ੍ਹਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ ਹੈ।

ਐਸ.ਐਸ.ਪੀ. ਸਵਰਨ ਸਿੰਘ ਕਾਫੀ ਸਮੇਂ ਤੋਂ ਦਹਿਸ਼ਤਗਰਦਾਂ ਦੀ ਹਿੱਟ ਲਿਸਟ ਉੱਤੇ ਹੈ। ਦੱਸਿਆ ਗਿਆ ਹੈ ਕਿ ਉਹਨੇ ਪੁੱਛ-ਪੜਤਾਲ ਸਮੇਂ ਖਾੜਕੂਆਂ ਤੇ ਅਤੀ ਜ਼ੁਲਮ ਕੀਤਾ ਸੀ।

ਆੜ੍ਹਤੀਏ ਦਾ ਮੁੰਡਾ ਅਗਵਾ

ਬਟਾਲਾ- ਬਟਾਲਾ ਸਦਰ ਥਾਣੇ ਦੇ ਪਿੰਡ ਉਧੋਵਾਲੀ ਦੇ ਇਕ ਆੜ੍ਹਤੀਏ ਦਾ ਲੜਕਾ ਅਗਵਾ ਕਰ ਲਿਆ ਗਿਆ ਜਿਸ ਦੀ ਰਿਹਾਈ ਲਈ ਪੰਜ ਲੱਖ ਰੁਪਏ ਦੀ ਮੰਗ ਕੀਤੀ ਗਈ ਹੈ।

ਦੋ ਵਿਅਕਤੀ ਗੋਲੀਆਂ ਨਾਲ ਹਲਾਕ

ਅੰਮ੍ਰਿਤਸਰ— ਅੱਤਵਾਦੀਆਂ ਨੇ ਫਿਰੋਜ਼ਪੁਰ ਜ਼ਿਲ੍ਹੇ ਵਿਚ 2 ਵਿਅਕਤੀਆਂ ਨੂੰ ਗੋਲੀਆਂ ਨਾਲ ਉਡਾ ਦਿੱਤਾ। ਇਨ੍ਹਾਂ ਦੀਆਂ ਲਾਸ਼ਾਂ ਥਾਣਾ ਮੱਖੂ ਦੇ ਇਲਾਕੇ ਵਿਚੋਂ ਮਿਲੀਆਂ। ਮਾਰੇ ਗਏ ਵਿਅਕਤੀਆਂ ਦੇ ਨਾਮ ਅਸ਼ੋਕ ਕੁਮਾਰ ਅਤੇ ਅਰੁਣ ਲਾਲ ਦੱਸੇ ਗਏ ਹਨ।

ਸਕੂਟਰ ਦੀ ਡਿੱਗੀ 'ਚ ਅਸਲੇ ਸਮੇਤ ਗ੍ਰਿਫਤਾਰ

ਪਟਿਆਲਾ — ਪੁਲਸ ਨੇ ਫਤਹਿਗੜ੍ਹ ਨੇੜੇ ਪਿੰਡ ਮਹਿਮਦਪੁਰ ਦੇ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ ਜਿਸ ਪਾਸੋਂ ਪੁਲਸ ਨੇ ਉਸ ਦੇ ਸਕੂਟਰ ਦੀ ਡਿੱਗੀ ਵਿਚੋਂ ਅਸਲਾ ਵੀ ਬਰਾਮਦ ਕੀਤਾ ਹੈ। ਉਸ ਦੇ ਦੂਜੇ ਸਾਥੀ ਦੀ ਭਾਲ ਵਿਚ ਪੁੱਛਗਿੱਛ ਜਾਰੀ ਹੈ। ਦੱਸਿਆ ਜਾਂਦਾ ਹੈ ਕਿ ਰਘਬੀਰ ਸਿੰਘ, ਜਗਜੀਤ ਸਿੰਘ ਬਾਰੇ ਇਕ ਸਕੂਟਰ ਉਤੇ ਜਾ ਰਿਹਾ ਸੀ, ਪੁਲਸ ਨੂੰ ਸ਼ੱਕ ਪੈ ਗਿਆ ਤੇ ਤਲਾਸ਼ੀ ਲੈਣ ਉਪਰੰਤ ਉਸ ਪਾਸੋਂ ਅਸਲਾ ਬਰਾਮਦ ਕਰ ਲਿਆ ਅਤੇ ਹੋਰ ਅਸਲੇ ਸਬੰਧੀ ਜਾਂਚ ਜਾਰੀ ਹੈ।

ਅਖੇ ਪੁਲਸ ਚੌਕੀ ਉਪਰ ਹਮਲਾ ਕਿਉਂ ਕੀਤਾ !

ਤਲਵਾੜਾ — ਪੁਲਸ ਨੇ ਪਿੰਡ ਤੁਗਲੀ ਦੇ ਇਕ ਵਿਅਕਤੀ ਸੁਰਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਸੁਰਿੰਦਰ ਸਿੰਘ ਤੇ ਦੋਸ਼ ਇਹ ਹੈ ਕਿ ਉਸ ਨੇ ਪਿੰਡ ਪੱਸੀ ਕੰਢੀ ਦੀ ਪੁਲਸ ਚੌਕੀ 'ਤੇ ਆਪਣੇ ਸਾਥੀਆਂ ਸਮੇਤ ਹਮਲਾ ਕੀਤਾ ਸੀ। ਇਸ ਹਮਲੇ ਵਿਚ ਇਕ ਪੁਲਸ ਜਵਾਨ ਜ਼ਖਮੀ ਹੋ ਗਿਆ ਸੀ।

ਗੋਲੀਆਂ ਵਿੰਨ੍ਹੀ ਲਾਸ਼ ਮਿਲੀ

ਤਰਨਤਾਰਨ— ਇਥੇ ਦੇ ਪਿੰਡ ਅਲਗੋਂ ਕੋਠੀ ਚੋਂ ਗੋਲੀਆਂ ਵਿੰਨ੍ਹੀ ਲਾਸ਼ ਬਰਾਮਦ ਕਰਕੇ ਪੁਲਸ ਨੇ ਬਿਆਨ ਦਿੱਤਾ ਕਿ ਇਹ ਕਤਲ ਦਹਿਸ਼ਤਪਸੰਦਾਂ ਦੀ ਆਪਸੀ ਧੜੇਬੰਦੀ ਕਾਰਨ ਹੋਇਆ। ਇਸ ਕਤਲ ਦੀ ਜ਼ਿੰਮੇਵਾਰੀ ਖਾਲਿਸਤਾਨ ਕਮਾਂਡੋ ਫੋਰਸ ਨੇ ਆਪਣੇ ਸਿਰ ਲਈ ਹੈ।

ਪਾਠਕ ਲਿਖਦੇ ਹਨ

ਸ੍ਰੀ ਕੁਲਦੀਪ ਨਯੀਅਰ ਦੇ ਧਿਆਨ ਗੋਚਰ ਕੁਝ ਨੁਕਤੇ

ਪਿਆਰੇ ਸੰਪਾਦਕ ਜੀ,

ਪਿਛਲੇ ਹਫਤੇ ਦੇਸ ਪ੍ਰਦੇਸ ਪਰਚਾ ਪੜ੍ਹਨ ਤੋਂ ਪਤਾ ਲੱਗਾ ਹੈ ਕਿ ਭਾਰਤ ਦੇ ਨਵੇਂ ਹਾਈ ਕਮਿਸ਼ਨਰ ਪ੍ਰਸਿੱਧ ਅਤੇ ਲਿਖਾਰੀ ਹਨ ਅਤੇ ਮੁਲਕੀ ਸਰਕਾਰ ਵਿਚ ਕੈਬਨਿਟ ਅਹੁਦੇ ਦੀ ਹੈਸੀਅਤ ਰੱਖਦੇ ਹਨ। ਕੁਝ ਕਠਿਨਾਈਆਂ ਜੋ ਵਲੈਤ ਵਿਚ ਵਸਦੇ ਪੰਜਾਬੀਆਂ ਨੂੰ ਪੇਸ਼ ਆ ਰਹੀਆਂ, ਹੁਣ ਸ੍ਰੀ ਕੁਲਦੀਪ ਨਯੀਅਰ ਜੀ ਦੇ ਧਿਆਨ ਵਿਚ ਲਿਆ ਰਿਹਾ ਹਾਂ।

1. ਭਾਰਤ ਤੋਂ ਆਏ ਸ਼ਹਿਰੀਆਂ ਨੂੰ ਦੋਹਰੀ ਸ਼ਹਿਰੀਅਤ ਰੱਖਣ ਦਾ ਹੱਕ ਹੋਵੇ, ਜਿਵੇਂ ਕਿ ਪਾਕਿਸਤਾਨ ਸਰਕਾਰ ਨੇ ਆਪਣੇ ਸ਼ਹਿਰੀਆਂ ਨੂੰ ਦਿੱਤੇ ਹਨ। ਬਹੁਤੇ ਭਾਰਤੀਆਂ ਨੇ ਵਲੈਤ ਵਿਚ ਆਪਣੇ ਪੂਰੇ ਕਾਨੂੰਨੀ ਅਧਿਕਾਰ ਹਾਸਲ ਕਰਨ ਲਈ ਬਰਤਾਨਵੀ ਸ਼ਹਿਰੀਅਤ ਲੈ ਲਈ ਹੈ। ਪਰ ਭਾਰਤ ਨਾਲ ਸਾਡਾ ਨਾਤਾ ਅਟੁੱਟ ਹੈ। ਸਾਡੇ ਪਰਿਵਾਰ ਭਾਰਤ ਵਿਚ ਹਨ ਅਤੇ ਜਾਇਦਾਦਾਂ ਵੀ। ਇਸ ਬਾਰੇ ਪਿਛਲੀ ਸਰਕਾਰਾਂ ਨਾਲ ਬਹੁਤ ਅਰਜ਼ੀਆਂ ਭੇਜਦੀਆਂ ਰਹੀਆਂ ਪਰ ਨਿਕਲਿਆ ਕੁਝ ਵੀ ਨਹੀਂ। ਇਸ ਤੋਂ ਉਲਟ ਇੰਦਰਾ ਗਾਂਧੀ ਨੇ ਵਲੈਤੀਆਂ ਨੂੰ ਅੱਤਵਾਦੀ ਤੇ ਦੇਸ਼ ਧ੍ਰੋਹੀ ਕਰਾਰ ਦੇ ਦਿੱਤਾ।

2. ਬਰਤਾਨਵੀ ਭਾਰਤੀਆਂ ਉਪਰ ਵੀਜ਼ੇ ਲੈਣ ਦੀ ਸ਼ਰਤ ਤੇ 23 ਪੌਂਡ ਦੀ ਫੀਸ ਲਗਾ ਰੱਖੀ ਹੈ, ਇਹ ਵੀ ਖਤਮ ਕੀਤਾ ਜਾਵੇ। ਆਰਥਕ ਤੇ ਆਵਾਜਾਈ ਦੀ ਖੇਚਲ ਨੇ ਵਲੈਤੀਆਂ ਨੂੰ ਕੁਝ ਪ੍ਰੇਸ਼ਾਨ ਕਰ ਛੱਡਿਆ ਹੈ। ਆਪਣੇ ਹੀ ਦੇਸ਼ ਜਾਣ ਵਾਸਤੇ ਇਨੀਆਂ ਕਠਿਨਾਈਆਂ ਸਰਕਾਰ ਨੇ ਕਰ ਛੱਡੀਆਂ ਹਨ, ਕਿ ਨੱਕ ਵਿਚ ਦਮ ਕੀਤਾ ਹੋਇਆ ਹੈ।

ਜੇ ਭਾਰਤ ਵਿਚ ਵਲੈਤੀਆਂ ਨੂੰ ਤਿੰਨ ਮਹੀਨੇ ਤੋਂ ਜ਼ਿਆਦਾ ਠਹਿਰਨਾ ਪਵੇ ਤਾਂ ਇਨਕਮ ਟੈਕਸ ਕਲੀਅਰੈਂਸ ਲੈਣੀ ਪੈਂਦੀ ਹੈ। ਜਿਹੜੀ ਕਿ ਦੋ ਜਾਂ ਤਿੰਨ ਹਜ਼ਾਰ ਦੀ ਵੱਢੀ ਦੇ ਕੇ ਹੀ ਮਿਲਦੀ ਹੈ ਅਤੇ ਸਰਕਾਰੀ ਦਫਤਰਾਂ ਅੱਗੇ ਮਿਨਤਾਂ ਤਰਲੇ ਵਾਧੂ ਕਰਨੇ ਪੈਂਦੇ ਹਨ। ਅਸੀਂ ਆਪਣੀ ਹੀ ਸਰਕਾਰ ਪਾਸੋਂ ਠੱਗੇ ਜਾ ਰਹੇ ਹਾਂ।

3. ਬਹੁਤੇ ਭਾਰਤੀ ਇੰਗਲੈਂਡ ਵਿਚੋਂ ਆਪਣੀ ਹੀ ਵਰਤੋਂ ਵਾਸਤੇ ਕਾਰਾਂ ਜਾਂ ਵੈਨਾਂ ਲੈ ਜਾਣਾ ਚਾਹੁੰਦੇ ਹਨ ਕਿਉਂਕਿ ਭਾਰਤ ਦੀਆਂ ਗੱਡੀਆਂ ਓਸਾਂ ਵਿਚ ਰੁਲੇ ਪੱਕੇ ਖਾਣ ਜੋਗੀਆਂ ਨਹੀਂ ਹਨ। ਵਲੈਤੀਏ ਭਾਰਤ ਵਿਚ ਆਪਣੀ ਕਮਾਈ ਨਾਲ ਦੇਸ਼ ਨੂੰ ਅਮੀਰ ਬਣਾਉਂਦੇ ਹਨ। ਪਰ ਦੇਸ਼ ਵਿਚਲਾਂ ਕਸਟਮ ਮਹਿਕਮਾ ਅਫਸਰ ਅਤੇ ਪੁਲਸੀਏ ਲੁੱਟਾ ਦੇਂਦਾ ਹੈ। ਵਲੈਤੀਏ ਇੰਡੀਆ ਨੂੰ ਪੌਂਡਾਂ ਅਤੇ ਸਾਮਾਨ ਨਾਲ ਲੱਦੇ ਹੀ ਜਾਂਦੇ ਹਨ, ਅਤੇ ਜਦੋਂ ਵਾਪਸ ਵਲੈਤ ਦੇਸ਼ ਨੂੰ ਆਉਂਦੇ ਹਨ ਖਾਲੀ ਹੱਥ ਹਨ। ਵਲੈਤੀਆਂ ਨੇ ਆਪਣੀ ਮਸ਼ੱਕਤ ਕਮਾਈ ਨਾਲ ਪੰਜਾਬ ਇਲਾਕੇ ਨੂੰ ਅਮੀਰ ਬਣਾਇਆ ਹੈ। ਭਾਰਤ ਸਰਕਾਰ ਨੂੰ ਸਾਨੂੰ ਮੈਡਲ ਦੇਣੇ ਚਾਹੀਦੇ ਸਨ ਪਰ ਕਾਂਗਰਸੀਆਂ ਇਸ ਤੋਂ ਬਿਲਕੁਲ ਉਲਟ। ਇੰਦਰਾ ਗਾਂਧੀ ਨੇ ਸਾਰੇ ਵਲੈਤੀਆਂ ਨੂੰ ਅੱਤਵਾਦੀ ਕਰਾਰ ਦੇ ਦਿੱਤਾ।

4. ਪਿਛਲੇ ਦੋ ਹਫਤੇ ਵਿਚ ਭਾਰਤੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਵਿਦੇਸ਼ ਤੋਂ ਦੋ ਹਜ਼ਾਰ ਰੁਪੈ ਦਾ ਮਾਲ ਟੈਕਸ-ਰਹਿਤ ਭਾਰਤ ਵਿਚ ਲੈ ਜਾਇਆ ਜਾ ਸਕਦਾ ਹੈ। ਇਹ ਮਜ਼ਾਕ ਜਿਹਾ ਲੱਗਾ ਰਿਹਾ ਹੈ। ਦੋ ਹਜ਼ਾਰ ਦੇ 70 ਪੌਂਡ ਬਣਦੇ ਹਨ, ਏਨੇ ਵਿਚ ਤਾਂ ਸਾਧਾਰਣ ਸੂਟ ਵੀ ਨਹੀਂ ਬਣਦਾ।

ਜੀ ਭਾਰਤੀ, ਆਪਣੇ ਮੁਲਕ ਵਿਚ ਵਲੈਤ ਦਾ ਪੈਸਾ ਲੈ ਜਾਣਾ ਚਾਹੁੰਦੇ ਹਨ ਉਹਨਾਂ ਨੂੰ ਅਜਿਹੀ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਇਹ ਸਹੂਲਤਾਂ ਕੋਈ ਅਜੀਬ ਨਹੀਂ ਬਲਕਿ ਦੂਸਰੇ ਦੇਸ਼ਾਂ ਨੇ ਪਹਿਲਾਂ ਹੀ ਆਪਣੇ ਸ਼ਹਿਰੀਆਂ ਨੂੰ ਦੇ ਰੱਖੀਆਂ ਹਨ।

ਭਾਰਤੀ ਹਾਈ ਕਮਿਸ਼ਨਰ ਨੂੰ ਬੇਨਤੀ ਹੈ ਕਿ ਇਹਨਾਂ ਤਕਲੀਫਾਂ ਅਤੇ ਮੁਸ਼ਕਲੀਆਂ ਮੰਗਾਂ ਨੂੰ ਭਾਰਤ ਸਰਕਾਰ ਅੱਗੇ ਰੱਖਣ ਅਤੇ 6 ਮਹੀਨੇ ਦੇ ਅੰਦਰ ਅੰਦਰ ਪਾਸ ਕਰਵਾਉਣ। ਪਹਿਲੇ ਭਾਰਤੀ ਕਮਿਸ਼ਨਰ ਲੰਡਨ ਆਉਂਦੇ ਰਹੇ ਅਤੇ ਜਾਂਦੇ ਰਹੇ। ਇਹਨਾਂ ਵਿਚੋਂ ਕਿਸੇ ਨੇ ਵੀ ਇੰਗਲੈਂਡ ਵਿਚ ਭਾਰਤੀਆਂ ਵਾਸਤੇ ਠੋਸ ਤੌਰ ਤੇ ਕੁਝ ਨਹੀਂ ਕੀਤਾ। ਨਯੀਅਰ ਖੁਦ ਪੰਜਾਬੀ ਹਨ, ਪੱਤਰਕਾਰ ਦੇ ਤੌਰ ਤੇ ਜਨ ਸਧਾਰਨ ਦੀ ਨਬਜ਼ ਪਛਾਣਦੇ ਹਨ ਅਤੇ ਆਰਥਕ-ਸਮਾਜਿਕ ਤੋਂ ਦੂਰ ਹਨ। ਇਹਨਾਂ ਉਤੇ ਉਮੀਦ ਰੱਖੀ ਜਾ ਸਕਦੀ ਹੈ।

ਆਪ ਦਾ ਦਾਸ
ਬਿਸ਼ਨ ਮਹੇ. ਬੁਮਿਘਮ

'ਫੌਜੀ' ਦੇ ਤਿੰਨ ਕਾਤਲਾਂ ਨੂੰ ਉਮਰ ਕੈਦ

ਸੁਨਾਮ— ਜ਼ਿਲ੍ਹਾ ਸੈਸ਼ਨ ਜੱਜ ਸੰਗਰੂਰ ਸ. ਗੁਰਜੀਤ ਸਿੰਘ ਸੰਧੂ ਨੇ ਪਿੰਡ ਗੋਵਿੰਦਗੜ੍ਹ ਦੇ ਤਿੰਨ ਭਰਾਵਾਂ ਬੰਤ ਸਿੰਘ, ਲੀਲਾ ਸਿੰਘ ਤੇ ਰੂਪ ਸਿੰਘ ਨੂੰ ਉਸੇ ਪਿੰਡ ਦੇ ਫੌਜੀ ਜੰਗ ਸਿੰਘ ਦਾ ਕਤਲ ਕਰਨ ਦੇ ਦੋਸ਼ ਹੇਠ ਉਮਰ ਕੈਦ ਤੇ 5-5 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ।

ਵਰਨਣਯੋਗ ਹੈ ਕਿ ਇਨ੍ਹਾਂ ਤਿੰਨਾ ਉਤੇ ਇਲਜ਼ਾਮ ਸੀ ਕਿ ਉਹਨਾਂ ਨੇ ਪਿਛਲੇ ਸਾਲ 23 ਅਗਸਤ ਨੂੰ ਪਿੰਡ ਦੇ ਹੀ ਮਹਿੰਦਰ ਸਿੰਘ ਉਤੇ ਹਮਲਾ ਕੀਤਾ ਤੇ ਇਸ ਲੜਾਈ 'ਚ ਬੰਤ ਸਿੰਘ ਨੇ ਆਪਣੀ ਬੰਦੂਕ ਨਾਲ ਜੰਗ ਸਿੰਘ ਦੀ ਹੱਤਿਆ ਕਰ ਦਿੱਤੀ ਸੀ, ਜੰਗ ਸਿੰਘ ਫੌਜ ਵਿਚ ਸੀ ਅਤੇ ਛੁੱਟੀ ਉਤੇ ਆਇਆ ਸੀ। ਝਗੜੇ 'ਚ ਸੁਖਦੇਵ ਕੌਰ ਤੇ ਨਛੱਤਰ ਸਿੰਘ ਵੀ ਫੱਟੜ ਹੋਏ ਸਨ।

ਰੋਪੜ ਦੇ ਐਸ.ਐਸ.ਪੀ. ਤੇ ਡੀ.ਸੀ. ਤੇ ਹਮਲੇ ਦੀ ਜ਼ਿੰਮੇਵਾਰੀ ਲਈ

ਮੋਰਿੰਡਾ — ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਭਾਈ ਗੁਰਜੰਟ ਸਿੰਘ ਬੁਧਸਿੰਘ ਵਾਲਾ, ਏਰੀਆ ਕਮਾਂਡਰ ਭਾਈ ਜਗਰੂਪ ਸਿੰਘ (ਖਾਲਸ) ਅਤੇ ਬਾਬਾ ਰਾਮ ਸਿੰਘ ਨੇ ਜ਼ਿਲ੍ਹਾ ਰੋਪੜ ਦੇ ਐਸ.ਐਸ.ਪੀ. ਤੇ ਡੀ.ਸੀ. ਤੇ ਘਾਤ ਲਾ ਕੇ ਹਮਲਾ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ, ਜਿਸ ਵਿਚ ਪੁਲਸ ਦੇ ਸੱਤ ਕਰਮਚਾਰੀ ਫੱਟੜ ਹੋਏ ਸਨ। ਭਾਈ ਜਗਰੂਪ ਸਿੰਘ (ਖਾਲਸ) ਦੇ ਦਸਖਤਾਂ ਹੇਠ ਮਿਲੇ ਇਕ ਪ੍ਰੈਸ ਨੋਟ ਵਿਚ ਕਿਹਾ ਗਿਆ ਹੈ ਕਿ ਪੁਲਸ ਨੇ ਸਾਡੇ ਦੋ ਸਿੰਘਾਂ ਨੂੰ ਘੇਰ ਕੇ ਗੋਲੀਆਂ ਨਾਲ ਛੱਲਣੀ ਕਰ ਦਿੱਤਾ, ਅੱਗੋਂ ਉਹਨਾਂ ਨੇ ਵੀ ਗੋਲੀਆਂ ਦਾ ਜਵਾਬ ਗੋਲੀਆਂ ਨਾਲ ਦਿੱਤਾ। ਬਾਦ ਵਿਚ ਸਾਡੀ ਫੋਰਸ ਦੇ ਮਾਰੇ ਮੈਂਬਰਾਂ ਨੇ ਇਕੱਠੇ ਹੋ ਕੇ ਘਾਤ ਦੇ ਅੰਤ ਵਜੋਂ ਮਾਨਵ ਬੰਬ ਘਾਤ ਲਗਾ ਕੇ ਹਮਲਾ ਕੀਤਾ। ਲੇਕਿਨ ਐਸ.ਐਸ.ਪੀ. ਅਤੇ ਡੀ.ਸੀ. ਨਾਲ 10 ਗੱਡੀਆਂ ਹੋਣ ਕਾਰਨ ਉਹ ਬੇਜਣ ਵਿਚ ਸਫਲ ਹੋ ਗਏ। ਪ੍ਰੈਸ ਨੋਟ ਵਿਚ ਲਿਬਰੇਸ਼ਨ ਫੋਰਸ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਪਾਲੀ ਲੂਨੇ ਵਿਚ ਗ੍ਰੰਥੀ ਰਣਜੀਤ ਸਿੰਘ ਨੂੰ ਮਾਰਨ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਿਹਾ ਹੈ ਕਿ ਇਹ ਗੁਰਦਵਾਰਾ ਵਿਚ ਰਹਿ ਕੇ ਗਲਤ ਕੰਮ ਕਰਦਾ ਸੀ।

ਦਹਿਸ਼ਤਪਸੰਦਾਂ ਦਾ ਸਾਥ ਦੇਣ ਵਾਲੇ ਪੁਲਸੀਏ ਕਾਬੂ


ਅੰਮ੍ਰਿਤਸਰ— ਸਥਾਨਕ ਸੈਂਟਰਲ ਜੇਲ੍ਹ ਵਿਚ ਵਾਰਡਨ ਦੇ ਤੌਰ 'ਤੇ ਡਿਊਟੀ ਦੇ ਰਹੇ 2 ਪੁਲਿਸ ਕਰਮਚਾਰੀਆਂ ਨੂੰ ਅੱਤਵਾਦੀਆਂ ਨਾਲ ਸਬੰਧ ਹੋਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਜ਼ਿਲ੍ਹਾ ਪੁਲਿਸ ਮੁਖੀ ਜੋਗਿੰਦਰ ਕੁਮਾਰ ਅਨੁਸਾਰ ਇਨ੍ਹਾਂ ਦੇ ਕਬਜ਼ੇ ਵਿਚੋਂ ਖਾਲਿਸਤਾਨ ਕਮਾਂਡੋ ਫੋਰਸ ਦੇ ਲੈਟਰ ਹੈੱਡਜ਼ ਅਤੇ ਰਬੜ ਦੀਆਂ ਮੋਹਰਾਂ ਬਰਾਮਦ ਹੋਈਆਂ ਹਨ। ਇਨ੍ਹਾਂ ਦੇ ਨਾਮ ਸਤਿਨਾਮ ਸਿੰਘ ਅਤੇ ਸੁਰਜੀਤ ਸਿੰਘ ਹਨ। ਇਹ ਜੇਲ੍ਹ ਵਿਚ ਬੰਦ ਅਤੇ ਬਾਹਰ ਕਾਰਵਾਈਆਂ ਕਰਦੇ ਅੱਤਵਾਦੀਆਂ ਵਿਚਾਲੇ ਸੰਪਰਕ ਦਾ ਕੰਮ ਕਰਦੇ ਸਨ। ਇਹ ਪੈਸੇ ਬਟੋਰਨ ਲਈ ਲੋਕਾਂ ਨੂੰ ਧਮਕੀ ਪੱਤਰ ਵੀ ਲਿਖਦੇ ਸਨ। ਇਹ ਹੋਮਗਾਰਡ ਅਤੇ ਐਸ.ਪੀ. ਇੰਜ ਨੂੰ ਨੌਕਰੀ ਛੱਡਣ ਲਈ ਵੀ ਧਮਕੀ ਪੱਤਰ ਲਿਖਦੇ ਸਨ।

CRAZIEST BHANGRA ALBUM

No. SC5104

For THE YOUNG ONES

OUT NOW



ਭੰਗੜੇ ਦੇ ਸ਼ੌਕੀਨ ਜਵਾਨ ਦਿਲਾਂ ਲਈ

ਸ਼ਾਨਦਾਰ ਤੋਹਫਾ

Entirely with a different music, full with young blood and surprisingly 1st order nearly sold.

ਅੱਜ ਹੀ ਆਪਣੇ ਲਾਗੇ ਦੀ ਮਿਊਜ਼ਕ ਸ਼ਾਪ ਤੋਂ ਖਰੀਦੋ ਜਾਂ ਸਿੱਧਾ ਸਾਨੂੰ ਆਰਡਰ ਭੇਜੋ ।

ਇਸ ਕੈਸਿਟ ਵਿਚ ਭੰਗੜੇ ਦਾ ਪੁਰਾਣਾ ਢੋਲ ਢਮੱਕਾ ਨਹੀਂ, ਨਵੇਂ ਖੂਨ ਨੇ ਨਵੀਆਂ ਤਰਬਾਂ ਛੇੜੀਆਂ ਹਨ । ਹੈਰਾਨੀ ਭਰੀ ਗੱਲ ਹੈ ਕਿ ਇਸ ਨਵੀਂ ਕੈਸਿਟ ਦੀ ਏਨੀ ਮੰਗ ਹੈ ਕਿ ਪਹਿਲਾ ਸਾਰਾ ਆਰਡਰ ਮੁੱਕ ਚੱਲਿਆ ਹੈ ।

SIDE A	SIDE B
1. Modern Jugni	1. Disco Vs Bhangra
2. Chal Bhangra Pahiyie	2. Bibian Da Raaj Hai
3. Gulli Danda	3. Haye Nakhrelo Jag Pattia
4. Mahia Mera Aa Gaya	4. Akh Larr Gayee

Releasing on Vaisakhi

SHAKE YER PANTS!

by

THE NEW PARDESI MUSIC MACHINE

Cassette No. SC5097
LP No. S/SRLPS097

RUSH YOUR TRADE ORDERS NOW

SHAKE YER PANTS!!



RELEASED & DISTRIBUTED BY:

ORIENTAL STAR AGENCIES LTD.

548/550, MOSELEY ROAD
BIRMINGHAM B12 9AD. U.K.
Tel: 021-449 6437
Cable: DISCASIA BIRMINGHAM
Telex: 858883 FLETEL G OSA FAX NO. 021-449-5404

Wholesale & Retail —
Magazines, Musicassettes, Video —
Hi-Fi & Television Etc.

Branch:
319, SOHO ROAD,
HANDSWORTH,
BIRMINGHAM B21 9SD.
Tel: 021-551 7799

OSA

ਨਿਊ ਭਾਰਤ ਕੋਚ ਵਲੋਂ ਸਾਊਥਾਲ ਤੋਂ ਬ੍ਰੈਡਫੋਰਡ (ਯਾਰਕਸ਼ਾਇਰ)

ਨੂੰ ਵੀ ਰਿਟਰਨ ਸਰਵਿਸ ਸ਼ੁਰੂ

ਪੂਰੀ ਏਅਰ-ਕੰਡੀਸ਼ਨ ਨਵੀਂ ਕੋਚ 28 ਅਪ੍ਰੈਲ 89 ਤੋਂ ਫਰਾਟੇ ਮਾਰਦੀ ਮੋਟਰਵੇ ਉੱਤੋਂ ਲੰਘ ਰਹੀ ਹੈ। ਰਸਤੇ ਵਿਚ ਸਲੋਅ, ਲੈਸਟਰ, ਡਰਬੀ ਅਤੇ ਲੀਡਜ਼ ਵੀ ਰੁਕਦੀ ਹੈ।



New Bharat Coaches Announce their new service from Southall to Bradford [Yorkshire].

Fully air conditioned brand new coach is running swifty on Motorway since 28.4.1989, stopping at Slough, Leicester, Derby & Leeds.

NEW BHARAT COACHES LTD.
(EXPRESS SERVICE)
7 SPENCER STREET, SOUTHALL, MIDDX
TEL: 01-574-6817 & 01-574-2768

EXPRESS SERVICE
FROM SOUTHALL, SLOUGH
To
LEICESTER, DERBY, LEEDS AND BRADFORD

Friday, Saturday, Sunday & Monday Only

SOUTHALL	The Broadway opposite Maharaja Restaurant	8.00am
SOUTHALL	Football Club, Western Road	8.15am
SLOUGH	Bus Station Wellington Road	8.35am
LEICESTER	St. Margaret's Bus Stn. Bay-Z	10.30am
DERBY	Morledge Bus Stn. Stand 35 (Platform 5)	11.15am
LEEDS	Chapeltone Road, Sikh Temple	1.00pm
BRADFORD	I.W.A Office Leeds Road	1.20pm
BRADFORD	Metro Travel Interchange Bay-F	1.30pm

EXPRESS SERVICE
FROM LEEDS, BRADFORD
To
DERBY LEICESTER, SLOUGH AND SOUTHALL

Friday, Saturday, Sunday & Monday Only

LEEDS	Chapeltone Road, Sikh Temple	1.05pm
BRADFORD	I.W.A. Office Leeds Road	1.20pm
BRADFORD	Metro Travel Interchange Bay-F	2.00pm
DERBY	Morledge Bus Stn. Stand 35 (Platform 5)	4.00pm
LEICESTER	St. Margaret's Bus Stn. Bay-Z	5.10pm
SLOUGH	Bus Station Wellington Road	7.00pm
SOUTHALL	Football Club, Western Road	7.15pm
SOUTHALL	The Broadway opposite Maharaja Restaurant	7.20pm

FARES:	*SINGLE*	*DAY RTN*	OPEN RTN
SOUTHALL, SLOUGH To LEICESTER	£4.00	£6.00	£7.00
SOUTHALL, SLOUGH To DERBY	£5.00	£7.00	£8.00
SOUTHALL, SLOUGH To LEEDS and BRADFORD	£7.00	£7.00	£11.00
LEICESTER, DERBY To LEEDS, BRADFORD	£4.00	£4.00	£5.00
LEICESTER To DERBY	£3.00	[illegible]	£3.00

Also Private Hire for Weddings, Seaside, Tours etc.